ਹੱਥ ਲਿਖਤ ਨੰ : MS 76
ਸ੍ਰੋਤ : ਭਾਈ ਸੁੰਦਰ ਸਿੰਘ
ਸਿਰਲੇਖ : **ਨਿਗਾਰ ਨਾਮਾ** (ਫ਼ਾਰਸੀ) ਭਾਗ II
ਲੇਖਕ : ਮੁਨਸ਼ੀ ਲਾਲਾ ਲਾਲ ਚੰਦ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ): ਅਗਿਆਤ
ਸਮਾਂ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : 160
ਚਿੱਤਰ : ਕੋਈ ਨਹੀਂ
ਆਕਾਰ : 25.5X16 ਸ. ਮ. ਲਿਖਤ: 19X9 ਸ. ਮ. ਨਸਤਾਲੀਕ
ਵੇਰਵਾ : ਮੂਲ ਤੌਰ ਉਤੇ ਮਿਤਨ ਕਾਲੀ ਸਿਆਹੀ ਨਾਲ ਲਿਖਿਆ। ਕੁਝ ਸਫ਼ੇ ਕਿਰਮ ਖਾਧੇ ਹਨ। ਹੈਡਿੰਗ ਤੇ ਸਬਹੈਡਿੰਗ ਲਾਲ ਰੰਗ ਨਾਲ ਦਰਜ। ਪ੍ਰਤੀ ਪੰਨਾ ਔਸਤਨ 18 ਸਤਰਾਂ ਦਰਜ ਹਨ। ਨੋਟ ਹਾਸ਼ੀਏ ਤੋਂ ਬਾਹਰ ਅਤੇ ਬਾਹਰੀ ਪਾਸਿਆਂ ਦੇ ਹਾਸ਼ੀਏ ਵਿਚ ਦਿਤੇ ਹਨ।
ਲੇਖ ਰਚਨਾ : ਪੁਸਤਕ ਦਾ ਵਿਸ਼ਾ ਨਾਮਾਨਿਗਾਰੀ ਹੈ। ਅਕਸਰ ਸਨਦਾਂ ਚਿਠੀਆਂ ਅਤੇ ਅਰਜ਼ੀਆਂ ਨਕਲ ਕੀਤੀਆਂ ਹੋਈਆਂ ਹਨ। ਅੰਦਰਲੀ ਗਵਾਹੀ ਅਨੁਸਾਰ ਰਚਨਾ ਲਾਹੌਰ ਵਿਚ ਕੀਤੀ ਗਈ। ਕਾਤਿਬ ਵੀ ਲਾਹੌਰ ਦਾ ਅਤੇ ਅੰਗਰੇਜ਼ੀ ਰਾਜ ਦੌਰਾਨ ਦੀ ਲਿਖਤ ਹੈ। ਖ਼ਬਰਨਵੀਸੀ ਦੀ ਕਲਾ ਸਹੀ ਪਰਵਾਨੇ ਕਲਮਬੰਦ ਕਰਨ ਦੀ ਵਿਧੀ ਤੇ ਖ਼ਾਸ ਖ਼ਾਸ ਦੇ ਨਮੂਨੇ ਉਦਾਹਰਣਾ ਸਹਿਤ ਦਰਜ ਹਨ।
ਆਰੰਭ : ਮੁਨਸ਼ੀਏ ਹਿਕਮਤ ਕਾਮਿਲ ਏਜ਼ਦੀ ਚੂਨ ਬਾ ਇਰਾਦਤੇ ਅਜ਼ਲੀ ਬਾ ਇਨਸ਼ਾਈਆ ਸਹੀਫ਼ਾ...
ਅੰਤ : ਅਸਲਨ ਸਜ਼ਾਵਾਰ ਨਕਲ ਬਰਦਾਸ਼ਤੇ ਨਬੂਦ ਬਾ ਹਸਬੇ ਸਨਅਤ ਨਕਲ ਬਰਦਾਸ਼ਤੇ ਆਯਦ ਉਮੀਦ

ਹੱਥ ਲਿਖਤ ਨੰ : MS 77 -1
ਸ੍ਰੋਤ : ਸਫਲ ਸਿੰਘ
ਸਿਰਲੇਖ : **ਪਰਤਾਪ ਸਿੰਘ ਦੇ ਨਾਮ ਨੂਰਮਹਲ ਜਾਗੀਰ ਲਿਖਤ**
ਲੇਖਕ : ਵਕੀਲ ਹੈਦਰ ਅਲੀ ਖ਼ਾਨ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਅਗਿਆਤ
ਸਮਾਂ : 1895 ਬਿਕਰਮੀ
ਸਥਾਨ : ਕਪੂਰਥਲਾ
ਪੱਤਰੇ : ਕ੍ਰਮਾਂਕ ਰਹਿਤ
ਚਿੱਤਰ : ਕੋਈ ਨਹੀਂ
ਆਕਾਰ : 25.5X16 ਸ. ਮ. ਲਿਖਤ : ਸ਼ਿਕਸਤਾ
ਵੇਰਵਾ : ਕਪੂਰਥਲਾ ਰਿਆਸਤ ਦੇ ਹਾਕਿਮ ਜਗਤਜੀਤ ਸਿੰਘ ਨੂੰ ਲਿਖੀ ਬੇਨਤੀ। ਅਲੀ ਹੈਦਰ ਖ਼ਾਨ ਵਕੀਲ ਦੀ ਲਿਖਿਆ ਅਗੇਤਰੀ ਨਥੀ ਚਿਠੀ ਕੂਫ਼ੀ ਲਿਖਤ ਵਿਚ ਅਤੇ ਨੂਰਮਹਲ ਨਾਲ ਸੰਬੰਧਿਤ ਜਾਗੀਰ ਦੇ ਕਾਗ਼ਜ਼ਾਤ ਸ਼ਿਕਸਤਾ ਲਿਖਤ ਵਿਚ ਸਿਆਹੀ ਨਾਲ ਦਰਜ ਹਨ।
ਆਮ ਵੇਰਵਾ : ਇਸ ਵਿਚਲੇ ਦਸਤਾਵੇਜ਼ਾਂ ਵਿਚ 1) ਭਾਦਰੋਂ ਸੰਗਰਾਦ 1898 ਬਿਕਰਮੀ ਨੂੰ ਸਰਦਾਰ ਕੇਸਰੀ ਸਿੰਘ ਵਾਸੀ ਨੂਰ ਮਹਲ ਵਲੋਂ ਬੇਨਤੀ ਪਤਰ ਹੈ ਜੋ ਉਸਨੇ ਜਾਗੀਰ ਦੇ ਜ਼ਬਤ ਕੀਤੇ ਜਾਣ ਉਤੇ ਮਾਹਾਰਾਜਾ

ਜਗਤਜੀਤ ਸਿੰਘ ਨੂੰ ਲਿਖੀ। 2) ਪਰਤਾਪ ਸਿੰਘ ਵਲਦ ਕੇਸਰੀ ਸਿੰਘ ਵਲੋਂ ਲਿਖੀ ਬੇਨਤੀ ਹੈ ਜਿਸ ਵਿਚ ਜਾਗੀਰ ਪ੍ਰਾਪਤੀ ਉਤੇ ਧੰਨਵਾਦ ਕੀਤਾ ਗਿਆ ਹੈ। 3) ਅਹਿਦਨਾਮਾ ਰਣਜੀਤ ਸਿੰਘ ਅਤੇ ਫ਼ਤਹਿ ਸਿੰਘ ਨਿਹਾਲ ਸਿੰਘ ਵਾਸੀਅਨ ਕਪੂਰਥਲਾ। ਇਸ ਅਹਿਦਨਾਮਾ ਦੇ ਅੰਤਰਗਤ ਰਿਆਸਤ ਕਪੂਰਥਲਾ ਦੇ ਹਾਕਮਾਂ ਨੂੰ ਕਪੂਰਥਲਾ ਖ਼ਾਸ ਜਲੰਧਰ ਦੇ ਇਲਾਕੇ ਸੁਲਤਾਨਪੁਰ, ਢਿਲਵਾਂ, ਸਫ਼ਰਾਬਾਦ, ਜਾਨੀਖ਼ਾਨ, ਚੂਹੜਵਾਲ, ਧਾਲੀਵਾਲ, ਰਮਿੰਡੀ, ਵੱਲਾ, ਤਲਵੰਡੀ, ਮਿਆਣੀ, ਬੈਗੋਵਾਲ, ਫ਼ਰੀਦ ਸਰਾਏ, ਸ਼ਰਕਪੁਰ ਉਹਲਾ, ਮੰਦਾਲ, ਹਲੋਕੀ, ਕਾਲਾ ਸੰਘਿਆ ਸੈਦੋਲੈਲ, ਬੇਗਮਵਾਲ, ਜਾਗਵਾਤਾ, ਬਾਗ਼ ਮੁਲਤਾਨੀ ਘੁੜਾਮ ਦੇ ਇਲਾਕੇ ਛਡੇ ਗਏ। ਇਹ ਅਹਿਦਨਾਮਾ ਸਤਵੀ ਚੇਤ ਮਹੀਨੇ 1884 ਨੂੰ ਪੇਸ਼ ਕੀਤਾ ਗਿਆ। 4) ਪਰਤਾਪ ਸਿੰਘ ਜ਼ਿਮੀਂਦਾਰ ਜਲੰਧਰ ਦੇ ਨਾਮ ਜਾਗੀਰ ਦੀ ਨਕਲ 5) ਸ੍ਰ: ਪਰਤਾਪ ਸਿੰਘ ਦੀ ਜਾਨ ਲਾਰੰਸ ਨੂੰ ਲਿਖੀ ਚਿਠੀ ਦੀ ਨਕਲ 6) ਫਿਲੌਰ ਦੇ ਤਹਿਸੀਲਦਾਰ ਮੋਹਰ ਸਿੰਘ ਦੀ 1847 ਈ: ਅਕਤੂਬਰ 9 ਨੂੰ ਲਿਖੀ ਚਿਠੀ। 7) ਨੂਰਮਹਲ ਦੇ ਜਾਗੀਰਦਾਰਾਂ ਦੀ ਜਾਨ ਲਾਰੰਸ ਨਾਲ ਖ਼ਤੋਕਿਤਾਬਤ 8) ਨਰੂਮਹਲ, ਰਾਹੋਂ, ਨੂਰਪੁਰ, ਕਮਾਲਾ, ਨੱਤਾ, ਸਫ਼ਦਰਵਾਲ ਪੰਡੋਰੀ, ਹੁਸੈਨਾਬਾਦ, ਲੋਧਾ, ਤਿਲੋਕਾ ਆਦਿ 44 ਤਾਲੁਕਿਆਂ ਦੀ ਜਮ੍ਹਾਂਬੰਦੀ ਤੇ ਬਕਾਏ ਲਗਾਨ ਜੋ 1816 ਬਿਕਰਮੀ ਤੋਂ 1835 ਬਿਕਰਮੀ ਤਕ ਦੀ ਤਫ਼ਸੀਰ ਹੈ। ਉਕਤ ਇਲਾਕੇ ਕਪੂਰਥਲਾ ਰਿਆਸਤ ਦੇ ਹੇਠ ਸਨ (ਇਕ ਲੰਮਾ ਚੌੜਾ ਵੇਰਵਾ ਦਰਸਾਊ ਜਦੱਵਲ (ਸਾਰਣੀ) ਵੀ ਇਸ ਫਾਈਲ ਵਿਚ ਵਖਰੀ ਲਗੀ ਹੈ। 9) ਨੂਰਮਹਲ ਜਾਗੀਰ ਦੇ ਜ਼ਾਬਤੇ ਉਪਰ ਮੁਕਦਮਾ ਤੇ ਮੁਕਦਮੇ ਦੀ ਨਕਲ ਹੈ। ਇਹ ਮੁਕਦਮਾ ਨਵੰਬਰ 1846 ਈ. ਵਿਚ ਚਲਿਆ। 10) ਅਖ਼ੀਰ ਵਿਚ 17 ਦਸੰਬਰ 1846 ਨੂੰ ਜਾਨ ਲਾਰੰਸ ਨੂੰ ਲਿਖੀ ਚਿਠੀ ਦੀ ਨਕਲ ਦਰਜ ਹੈ।

ਆਰੰਭ : ਗ਼ਰੀਬ ਨਿਵਾਜ਼ ਸਲਾਮਤ ਜਨਾਬੇ ਆਲੀ ਬਿਆਨੇ ਮੁਰਸਲਾ

ਅੰਤ : ਫ਼ਕਤ ਤਹਿਰੀਰ ਬਤਾਰੀਖ਼ 22 ਅਕਤੂਬਰ 1846 ਈ.

ਹੱਥ ਲਿਖਤ ਨੰ : MS 77 - 2

ਸ੍ਰੋਤ : ਸਫਲ ਸਿੰਘ, ਡੂਮਛੇੜੀ

ਸਿਰਲੇਖ : **ਦਰਬਾਰੀ-ਹੁਕਮ 3606 ਕਪੂਰਥਲਾ ਰਿਆਸਤ। ਤਿੰਨ ਦਸਤਾਵੇਜ਼ (ਉਰਦੂ)**

ਲੇਖਕ : ਜਗਤਜੀਤ ਸਿੰਘ ਹਸਤਾਖ਼ਰੀ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ)

ਸਮਾਂ : 1958 ਬਿਕਰਮੀ 1901 ਈ.

ਸਥਾਨ : ਕਪੂਰਥਲਾ ਰਿਆਸਤ

ਪੱਤਰੇ : 7 ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 33X20 ਸ. ਮ. ਲਿਖਤ: 29X16 ਸ.ਮ. ਨਸਤਾਲੀਕ ਤੇ ਸ਼ਿਕਸਤਾ

ਵੇਰਵਾ : ਰਿਆਸਤੀ ਸ਼ਨਾਖ਼ਤ ਮੁਹਰ ਨੀਲੇ ਰੰਗ ਵਿਚ। ਕਾਗ਼ਜ਼ ਕਦੀਮ ਜ਼ਰਦ। ਮੂਲ ਵਿਸ਼ਾ ਸਿਆਹੀ ਨਾਲ ਲਿਖਿਆ। ਡਾਕੂਮੈਂਟ ਆਮ ਛਪਾਈ ਵਾਂਗ ਸਾਫ਼ ਸੁਥਰਾ।

ਆਮ ਵੇਰਵਾ : 1) ਸਰਦਾਰ ਭਗਤ ਸਿੰਘ ਵਜ਼ੀਰ ਦੀ ਮ੍ਰਿਤੂ ਉਪਰੰਤ ਇਹ ਹੁਕਮ ਮਹਾਰਾਜਾ ਜਗਤਜੀਤ ਸਿੰਘ ਦੇ ਨਾਮ ਹੇਠ ਜਾਰੀ ਹੋਇਆ ਹੈ। ਇਸ ਵਿਚ ਰਿਆਸਤ ਦੇ ਕਾਰੋਬਾਰ ਨੂੰ ਚਲਾਉਣ ਅਤੇ ਸਹੀਹ ਢੰਗ ਨਾਲ ਜੁੰਮੇਵਾਰੀਆਂ ਨਿਭਾਉਣ ਵਾਸਤੇ ਦੀਵਾਨ ਅਜ਼ੀਜ਼ ਬਖ਼ਸ਼, ਲਾਲਾ ਭਗਵਾਨ ਦਾਸ ਅਤੇ ਲਾਲਾ ਹਰੀ ਚੰਦ ਦੀ ਅਹਿਲਕਾਰੀ ਵਿਚ ਇਕ ਪ੍ਰਬੰਧਕ ਕਮੇਟੀ ਬਣਾਏ ਜਾਣ ਦੇ ਆਦੇਸ਼ ਹਨ। ਸਰਦਾਰ ਗੁਲਾਬ ਸਿੰਘ ਚੀਫ਼ ਸਕਤਰ ਨੂੰ ਉਕਤ ਕੌਂਸਲ ਦੀਆਂ ਮੀਟਿੰਗਾਂ ਵਿਚ ਹਾਜ਼ਰ ਹੋਣ ਲਈ ਆਗਿਆ

ਅਤੇ ਉਸੇ ਵਿਅਕਤੀ ਨੂੰ ਅੰਗਰੇਜ਼ੀ ਤੇ ਦੇਸੀ ਸਰਕਾਰਾਂ ਨਾਲ ਖ਼ਤੋਕਿਤਾਬਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸੇ ਫ਼ਰਮਾਨ ਵਿਚ ਰਿਆਸਤ ਦੇ ਹੋਰ ਕਈ ਅਫ਼ਸਰਾਂ ਦੀਆਂ ਡਿਊਟੀਆਂ ਵੀ ਨਿਸਚਿਤ ਕੀਤੀਆਂ ਹਨ। 2) ਨਾਲ ਨਥੀ ਡਾਕੂਮੈਂਟ ਵਿਚ ਇੰਤਜ਼ਾਮੀਆਂ ਕੌਂਸਲ ਦੀਆਂ ਡਿਊਟੀਆਂ, ਮਹਿਕਮਾ ਜਾਂਚ ਕਮੇਟੀਆਂ, ਤਹਿਸੀਲਦਾਰਾਂ, ਸਰਕਾਰੀ ਅਮਲੇ ਦੀਆਂ ਛੁਟੀਆਂ ਪਾਸ ਕਰਨ ਦੇ ਹੱਕ ਅਧਿਕਾਰ, ਠੇਕੇਦਾਰਾਂ, ਨੀਲਾਮੀ ਵਾਲਿਆਂ ਲਈ ਬਾਨ੍ਹਾਂ ਸ਼ਰਤਾਂ। ਅਦਾਲਤੀ ਕੰਮਾਂ ਵਿਚ ਦੀਵਾਨੀ ਤੇ ਫ਼ੌਜਦਾਰੀ ਦੇ ਬਿਆਨ, ਅਦਾਲਤਾਂ ਦੀਆ ਰਿਪੋਰਟਾਂ ਭੇਜਣ ਦੇ ਢੰਗ ਸ਼ਰਤਾਂ, ਸਜ਼ਾਵਾਂ ਜੁਰਮਾਨੇ ਆਦਿ ਸਭ ਜ਼ਿੰਮੇਵਾਰੀਆਂ ਕੌਂਸਲ ਦੇ ਸਪੁਰਦ ਕੀਤੀਆਂ ਦਰਜ ਹਨ। 3) ਇਸੇ ਹਥਲਿਖਤ ਨਾਲ ਨਥੀ ਤੀਸਰੇ ਦਸਤਾਵੇਜ਼ ਵਿਚ ਦੀਵਾਨ ਅਜ਼ੀਜ਼ ਬਖ਼ਸ਼ ਨੂੰ ਸਫ਼ਰ ਭੱਤਾ ਦੇਣ ਦਾ ਹੁਕਮ ਸਰਦਾਰ ਭਗਤ ਸਿੰਘ ਵਲੋਂ ਜਾਰੀ ਕੀਤਾ ਹੈ ਜੋ ਰਿਆਸਤੀ ਅਹੁਦੇਦਾਰ ਸੀ। ਸਫ਼ਰ ਭੱਤੇ ਦੇ ਇਸ ਦਸਤਾਵੇਜ਼ ਦੇ ਵਿਸ਼ੇ ਅਨੁਸਾਰ ਉਕਤ ਦੀਵਾਨ 26 ਸਾਵਨ, 1958 ਬਿਕਰਮੀ ਨੂੰ ਸਵੇਰੇ ਢਿਲਵਾਂ ਨਾਮੀ ਕਸਬੇ ਵਿਚ ਆਇਆ ਤੇ ਸ਼ਾਮੀ ਕਪੂਰਥਲੇ ਪਰਤ ਗਿਆ।

ਆਰੰਭ : ਰੂ ਬਕਾਰ ਮਹਿਕਮਾ ਸਦਰ ਰਾਜ ਕਪੂਰਥਲਾ ਬਾ ਜਲੂਸ ਰਾਜਾਏ ਰਾਜਗਾਨ ਸ੍ਰੀ ਮਾਨ ਰਾਜਾ ਜਗਤਜੀਤ ਸਿੰਘ ਸਾਹਿਬ

ਅੰਤ : ਜੁਮਲਾ ਅਫ਼ਸਰਾਨੇ ਮਹਿਕਮਾਜਾਤ ਵਾ ਕਾਰਖ਼ਾਨਾਜਾਤ ਕੋ ਹੁਕਮ ਮਜ਼ਕੂਰ ਬਾਲਾਜ਼ਾਤ ਸੇ ਇਤਲਾਹ ਦੀ ਜਾਏ ਬਸ

ਹੱਥ ਲਿਖਤ ਨੰ : MS 116

ਸ੍ਰੋਤ :

ਸਿਰਲੇਖ : **ਦਸਮ ਸਕੰਦ ਮੱਧਕਾਲੀਨ ਹਿੰਦੀ (ਨਾਮੁਕੰਮਲ)**

ਲੇਖਕ : ਸੂਰਦਾਸ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) 1861 ਬਿਕਰਮੀ 1804

ਸਮਾਂ : 1861 ਬਿਕਰਮੀ

ਸਥਾਨ : ਦਰਜ ਨਹੀਂ

ਪੱਤਰੇ : ਟਾਈਟਲ ਤੇ ਅਗਲੇ ਸਫ਼ੇ ਫਟੇ ਹੋਏ 1063 ਆਖ਼ਰ

ਚਿੱਤਰ : ਕੋਈ ਨਹੀਂ, ਲਾਲ ਹਾਸ਼ੀਆ ਅਤੇ ਸਿਰਲੇਖ

ਆਕਾਰ : 11X19 ਸ. ਮ. ਲਿਖਤ: ਕੂਫ਼ੀ

ਵੇਰਵਾ : ਪ੍ਰਤੀ ਪੰਨਾ 14 ਸਤਰਾਂ, ਲਾਲ ਸਿਆਹੀ ਵਿਚ ਸਿਰਲੇਖ ਤੇ ਟਿਪਣੀਆਂ। ਕੂਫ਼ੀ ਲਿਪੀ ਰੂਪ ਫ਼ਾਰਸੀ ਅਖ਼ਰ ਵਰਤੇ ਗਏ।

ਆਮ ਵੇਰਵਾ : ਮਧਕਾਲੀਨ ਹਿੰਦੀ ਭਾਸ਼ਾ ਨੂੰ ਫ਼ਾਰਸੀ ਲਿਪੀ ਵਿਚ ਲਿਖਿਆ ਗਿਆ ਹੈ। ਵਿਸ਼ਾ ਅਧਿਆਤਮਵਾਦੀ ਹੈ। ਕਾਵਿ ਰੂਪ ਵਿਚ ਲਿਖੀ ਇਸ ਪੁਸਤਕ ਦੇ ਹੈਡਿੰਗ ਰਾਗਾਂ ਅਨੁਸਾਰ ਵੰਡੇ ਗਏ ਹਨ। ਭਾਰਤੀ ਦੇਸੀ ਛੰਦ ਪ੍ਰਣਾਲੀ ਰਾਗਾਂ ਦੀ ਵਰਤੋਂ ਕੀਤੀ ਗਈ ਹੈ। ਅਕਸਰ ਸਫ਼ਿਆਂ ਦੀ ਸਿਆਹੀ ਅਧਿਕ ਹੋਣ ਕਾਰਨ ਸਫ਼ੇ ਦੇ ਪਿਛੇ ਚਲੀ ਗਈ ਹੈ। ਇਸ ਕਾਰਨ ਪੜ੍ਹਨ ਵਿਚ ਦੁਸ਼ਵਾਰ ਹੈ। ਕਿਤੇ ਕਿਤੇ ਸ਼ਿਕਸਤਾ ਲਿਪੀ ਵਰਤੀ ਹੈ।

ਭਾਸ਼ਾ ਨਮੂਨਾ:

ਸੁੰਦਰ ਗਾਉ ਸਖਾ ਸਭ ਸੁੰਦਰ ਸੁੰਦਰ ਭੇਖ ਹਰ ਹਰ ਗੋਪਾਲ॥ ਸੁੰਦਰ ਪੰਥ ਸੁੰਦਰ ਗਤ ਆਵਨ ਸੁੰਦਰ ਮੇਰੇ ਸੁੰਦਰ ਲਾਲ॥

ਆਰੰਭ : ਧਾਰੂੰ ਤਹਾਂ ਮਨ ਗਯੋ ਸੌਂਪ ਤਿਹਾਰੋ॥ ਤਬ ਤੋਹਿ ਹੋਇਕੇ ਗਯੋ ਪੁਕਾਰੋ॥

ਅੰਤ : ਸਿਆਹੀ ਦੇ ਅਗਲੇ ਪਾਸੇ ਖਿਲਾਰ ਕਾਰਨ ਪੜ੍ਹੇ ਨਹੀਂ ਜਾਂਦੇ। ਵਿਸ਼ੇ ਪਖੋਂ ਲੇਖਕ ਨੇ ਰਾਮਾਇਣ ਦੀ ਗਾਥਾ ਕਾਵਿ ਬੰਦ ਕੀਤੀ ਹੈ। ਰਾਮਾਇਣ ਦੇ ਪਾਤਰਾਂ ਦੇ ਨਾਮ ਨਾਲ ਸੰਵਾਦ ਜੋੜੇ ਹਨ। ਸ੍ਰੀ ਰਾਮ ਬਚਨ, ਹਨੂਵੰਤ ਬਚਨ, ਮੰਦੋਦਰੀ ਬਚਨ ਵਾਂਗ ਬਾਕੀ ਪਾਤਰਾਂ ਦੇ ਸਿਰਲੇਖ ਲਾਲ ਰੰਗ ਨਾਲ ਲਿਖੇ ਹੋਏ ਹਨ।

ਹੱਥ ਲਿਖਤ ਨੰ : MS 186
ਸ੍ਰੋਤ : HG. H.S
ਸਿਰਲੇਖ : **ਦੀਵਾਨ ਗ਼ਜ਼ਲੀਆਤ ਫ਼ਾਰਸੀ ਹਾਫਿਜ਼ ਸ਼ੀਰਾਜ਼ੀ**
ਲੇਖਕ : ਸ਼ਮਸੁਦੀਨ ਹਾਫ਼ਿਜ਼ ਸ਼ੀਰਾਜ਼ੀ
ਲਿਖਾਰੀ : ਸਤਵੀਂ ਸਦੀ ਹਿਜਰੀ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਉਹੀ
ਸਮਾਂ : 1329 ਛਪਿਆ
ਸਥਾਨ : ਰੁਈਮੀ ਪ੍ਰਕਾਸ਼ਨ ਬੰਬਈ
ਪੱਤਰੇ : 296
ਚਿੱਤਰ : ਕੇਵਲ ਹਾਸ਼ੀਏ ਰੰਗੀਨ ਤੇ ਫੁਲਦਾਰ
ਆਕਾਰ : 25X15.4 ਸ.ਮ. ਲਿਖਤ : 20X11 ਸ.ਮ. ਲਿਥੋਗ੍ਰਾਫ
ਵੇਰਵਾ : ਰੰਗਦਾਰ ਹਾਸ਼ੀਏ ਜੋ ਫੁਲਦਾਰ ਹਨ। ਬਾਹਰਵਾਰ ਲਾਲ ਰੰਗ ਦਾ ਦੋਹਰੀ ਲਕੀਰ ਦਾ ਹਾਸ਼ੀਆ ਉਸਦੇ ਅੰਦਰ ਸੁਨਹਿਰੀ ਰੰਗ ਵਿਚ ਦੋਹਰਾ ਹਾਸ਼ੀਆ ਤੇ ਦੋ ਕਾਲਮ ਵੇਲ ਨਾਲ ਬਣਾਏ ਹਨ। ਗ਼ਜ਼ਲ ਦਾ ਆਖ਼ਰੀ ਬੰਦ ਵਖ ਡਬੀ ਵਿਚ ਲਿਖਿਆ ਹੈ।
ਆਮ ਵੇਰਵਾ : ਰਦੀਫ਼ਵਾਰ ਅਲਫ ਤੋਂ ਯੇ ਤਕ ਗ਼ਜ਼ਲਾਂ, ਫਿਰ ਮਦਹ ਕਿੱਤੇ ਤੇ ਰੁਬਾਈਆਂ ਦਰਜ ਹਨ। ਹਾਫ਼ਿਜ਼ ਸ਼ੀਰਾਜ਼ੀ ਦਾ ਕਾਵਿ ਵਿਸ਼ਾ ਸੂਫ਼ੀਵਾਦੀ ਵਿਚਾਰਧਾਰਾ ਹੈ। ਈਰਾਨੀ ਸੂਫੀ ਕਾਵਿ ਵਿਚ ਉਸਦਾ ਮਹਤੱਵਪੂਰਨ ਸਥਾਨ ਹੈ। ਸਗੋਂ ਉਸ ਨੇ ਈਰਾਨੀ ਸੂਫ਼ੀ ਵਿਚਾਰਧਾਰਾ ਨੂੰ ਵਿਲੱਖਣਤਾ ਦਿਤੀ ਹੈ। ਉਸਦੀ ਸ਼ਾਇਰੀ ਦਾ ਮਹਤੱਵਪੂਰਨ ਗੁਣ ਇਹ ਕਿ ਉਸਨੇ ਸੂਫ਼ੀਆਨਾ ਵਿਚਾਰਾਂ ਨੂੰ ਦੁਨਿਆਵੀ ਵਸਤਾਂ ਤੇ ਖ਼ਾਸ ਤੌਰ ਉਤੇ ਮੈਅ ਨੋਸ਼ੀ ਦੀ ਤਲਮੀਹਾਂ ਤਸ਼ਬੀਹਾਂ ਤੇ ਇਸਤਿਆਰਿਆਂ (ਕਾਵਿ ਗੁਣਾਂ) ਨਾਲ ਸ਼ਿੰਗਾਰਿਆ ਹੈ।
ਆਰੰਭ : ਹਮਦ ਬੇਹਦ ਵ ਸਨਾਏ ਬੇ ਅਦਦ ਵਾ ਸਿਪਾਸ ਬੇਕਿਆਸ ਖੁਦਾਵੰਦੀ ਰਾ ਕਿ ਜਮੀਹ ਦੀਵਾਨੇ ਹਾਫ਼ਿਜ਼ਾਂ
ਅੰਤ : ਆਫ਼ਾਕੋ ਨੂਰ ਇਫ਼ਜ਼ਾਏ ਚਸ਼ਮੇ ਮੁਸ਼ਤਾਕ ਗਰਦੀਦਾ ਅਜ਼ ਦੁਕਾਨ ਨੰਬਰ 65 ਪਾਟੀ ਹੋਈ ਬੰਬੇ ਸ਼ਾਇਆ ਗਰਦੇਦ

ਹੱਥ ਲਿਖਤ ਨੰ : MS 187
ਸ੍ਰੋਤ : H.S. H.S
ਸਿਰਲੇਖ : **ਜਹਾਂਗੀਰਨਾਮਾ (ਫ਼ਾਰਸੀ)**
ਲੇਖਕ : ਮੈਮਦ ਖ਼ਾਨ ਵਜ਼ੀਰ ਨਕਲ ਪੰਡਤ ਤੋਤਾ ਰਾਮ ਕਸ਼ਮੀਰੀ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) 1903 ਬਿਕਰਮੀ
ਸਮਾਂ : ਹਿਜਰੀ 1663
ਸਥਾਨ : ਲਾਹੌਰ

ਪੱਤਰੇ : ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 24.5X14 ਸ.ਮ. ਲਿਖਤ: 20X11 ਸ.ਮ. ਨਸਤਾਲੀਕ

ਵੇਰਵਾ : ਪਹਿਲੇ ਪਤਰੇ ਉਤੇ ਸੁਨਹਿਰੀ ਨੀਲਾ ਤੇ ਲਾਲ ਰੰਗ ਵਿਚ ਡਿਜ਼ਾਇਨ। ਹਰ ਸਫ਼ੇ ਉਤੇ ਨੀਲਾ, ਲਾਲ ਤੇ ਸੁਨਹਿਰੀ ਰੰਗ ਨਾਲ ਲਾਈਨ ਦਾ ਹਾਸ਼ੀਆ। ਪ੍ਰਤੀ ਪੰਨਾ ਔਸਤਨ 15 ਲਾਈਨ। ਹੈਡਿੰਗ ਤੇ ਸਬਹੈਡਿੰਗ ਲਾਲ ਰੰਗ ਵਿਚ । ਮੂਲ ਮਿਤਨ ਕਾਲੇ ਰੰਗ ਵਿਚ ਦਰਜ ਹੈ। ਬਹੁਤ ਥੋੜ੍ਹੇ ਪਤਰੇ ਕਿਰਮ ਖਾਧੇ ਬਾਕੀ ਪੜ੍ਹਨਯੋਗ ਲੈਮੀਨੇਟਿਡ ।

ਆਮ ਵੇਰਵਾ : ਮੈਮਦ ਖਾਨ ਨੇ ਮੁਖ ਰੂਪ ਵਿਚ ਤਵਾਰੀਖ਼ੀ ਘਟਨਾਵਾਂ ਦਰਜ ਕੀਤੀਆਂ ਹਨ ਵਾਰਤਕ ਰੂਪ ਸਿਨਫ਼ ਵਜੋਂ ਵਰਤਿਆ ਹੈ। ਬਿਆਨ ਆਕ੍ਰਸ਼ਿਕ ਬਣਾਉਣ ਵਾਸਤੇ ਵਿਚ ਵਿਚ ਕਾਵਿ ਟੋਟਕੇ ਵੀ ਦਰਜ ਕੀਤੇ ਹਨ। ਮੁਢ ਵਿਚ ਰਚਨਾ ਕਾਰਨ ਦਸਣ ਉਪਰੰਤ ਜਹਾਂਗੀਰ ਦਾ ਬਿਆਨ ਉਸਦੇ ਰਾਣਾ ਦੇ ਇਸਤਕਬਾਲ ਨਾਲ ਸ਼ੁਰੂ ਕੀਤਾ ਹੈ। ਫਿਰ ਉਸਦੇ ਰਾਜਗਦੀ ਬੈਠਣ ਦੇ ਪਹਿਲੇ ਸਾਲ ਦੀਆਂ ਘਟਨਾਵਾਂ ਦਾ ਵਰਣਨ ਸ਼ੁਰੂ ਕੀਤਾ ਹੈ ਅਤੇ ਮ੍ਰਿਤੂ ਤਕ ਦੇ ਸੰਖਿਪਤ ਹਾਲਾਤ ਦਰਜ ਕੀਤੇ ਹਨ ਉਪਰੰਤ ਜਹਾਂਗੀਰ ਦੀ ਔਲਾਦ ਵਿਚ ਪੰਜ ਪੁਤਰਾਂ ਤੇ ਦੋ ਪੁਤਰੀਆਂ ਦਾ ਸੰਖਿਪਤ ਵਰਣਨ, ਉਸਦੇ ਵਜ਼ੀਰਾਂ ਸਾਮਿਅਕ ਦਾਨਿਸ਼ਵਰਾਂ ਅਤੇ ਸੰਗੀਤਕਾਰਾਂ ਦਾ ਨਾਮ ਦਰਜ ਹੈ।

ਆਰੰਭ : ਹਮਦੋ ਸਨਾਏ ਨਾ ਮਹਦੂਦ ਸਜ਼ਾਵਾਰ ਸਾਨਈ ਕਿ ਬਾ ਯਕ ਅਮਰ ਕੁਨ ਨੁਸਖ਼ਾਏ ਆਲਮ ਪਰਦਾਖ਼ਤ

ਅੰਤ : ਹਰ ਕਿ ਖ਼ਵਾਨਦ ਬਰੀਂ ਦੋ ਬੈਤ ਕਿ ਦਰ ਜ਼ਬਾਨੇ ਤੁਰਕੀ ਬਕਲਮ ਆਵਰੁਦਾ ਸ਼ੁਦ ਅਮਲ ਨਮੂਦਹ ਬਾਦੁਆਏ ਖ਼ੈਰ ਬਾਦ ਖ਼ਵਾਹਿਦ ਕਰਦ

ਹੱਥ ਲਿਖਤ ਨੰ : MS 188

ਸ੍ਰੋਤ : H.S. H.S

ਸਿਰਲੇਖ : **ਕਿੱਸਾ ਸੱਸੀ ਪੁਨੂੰ (ਫ਼ਾਰਸੀ)**

ਲੇਖਕ : ਗ਼ੁਲਾਮ ਹੁਸੈਨ ਸਪੁਤਰ ਮੀਆਂ ਮੁੰਹਮਦ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) 1903 ਬਿਕਰਮੀ

ਸਮਾਂ : 1860 ਈ.

ਸਥਾਨ : ਐਮਨਾਬਾਦ

ਪੱਤਰੇ : 93

ਚਿੱਤਰ : ਕੋਈ ਨਹੀਂ

ਆਕਾਰ : 24.5X13.5 ਸ.ਮ. ਲਿਖਤ: 17X8.5 ਸ.ਮ. ਨਸਤਾਲੀਕ

ਵੇਰਵਾ : ਨੀਲਾ, ਲਾਲ, ਅਤੇ ਸੁਨਹਿਰੀ ਲਕੀਰਦਾਰ ਹਾਸ਼ੀਆਂ ਲਗਾਕੇ ਦੋ ਕਾਲਮੀ ਲੰਮੇ ਖ਼ਾਨੇ ਬਣਾਏ ਹਨ। ਦੋ ਲਾਲ ਲਕੀਰਾਂ ਬੈਂਤਾਂ ਨੂੰ ਵੰਡਦੀਆਂ ਦੋ ਰੰਗਾਂ ਵਿਚ ਨਕਲ ਕੀਤੀ। ਮੂਲ ਮਿਤਨ ਕਾਲੀ ਸਿਆਹੀ ਅਤੇ ਹੈਡਿੰਗ ਆਦਿ ਲਾਲ ਰੰਗ ਨਾਲ ਲਿਖੇ ਗਏ ਹਨ।

ਆਮ ਵੇਰਵਾ : ਕਿੱਸੇ ਦਾ ਵਿਸ਼ਾ ਰੁਮਾਂਟਿਕ ਕਹਾਣੀ ਹੈ ਜੋ ਭੰਬੋਰ ਸ਼ਹਿਰ ਵਰਤਮਾਨ ਬਾਮਪੁਸ਼ਤ ਬਰਮਪੁਰ ਈਰਾਨ ਦੀ ਘਟਨਾ ਰਹੀ। ਸਿੰਧੀ ਤੇ ਬਲੋਚਾਂ ਦੇ ਮਾਧਿਅਮ ਰਾਹੀਂ ਇਹ ਕਥਾ ਪੰਜਾਬ ਪੁਜੀ। ਇਹ ਨਕਲ ਫ਼ਾਰਸੀ ਕਾਵਿ ਵਿਚ ਲਿਖੀ ਗਈ ਮਸਨਵੀ ਦੇ ਸਾਹਿਤ ਰੂਪ ਵਿਚ ਰਚੀ ਹੈ। ਕਵੀ ਗ਼ੁਲਾਮ ਹੁਸੈਨ ਨੇ ਆਪਣੇ ਕਥਨ ਅਨੁਸਾਰ ਇਹ ਰਚਨਾ ਲਾਲਾ ਜੋਤ ਪ੍ਰਕਾਸ਼ ਵਾਸਤੇ ਤਿਆਰ ਕੀਤੀ।

ਆਰੰਭ : ਬਨਾਮ ਆਨਕ ਹੁਸਨ ਆਈਨਾਏ ਓਸਤ ਉਫ਼ਕ ਖ਼ਾਜ਼ਿਨੇ ਗੰਜੀਨਾਏ ਓਸਤ

ਅੰਤ : ਮਸ਼ਹੂਰ ਕਿਸਾਏ ਸੱਸੀ ਪੁੰਨੂੰ ਮਿਨ ਤਸਨੀਫ਼ ਆਮਦ ਸ਼ੁਅਰਾਏ ਏ ਰੌਸ਼ਨ ਕਿਆਸ ਲਾਲਾ ਜੋਤ ਪ੍ਰਕਾਸ਼ ਬਿਦਾ ਆ ਜ਼ੁਅਫ਼ ਅਲਇਬਾਦ ਗ਼ੁਲਾਮ ਹੁਸੈਨ ਵਲਦ ਮੀਆਂ ਮੁਹੰਮਦ ਸਾਜਿਦ ਐਮਨਾਬਾਦ ਤਹਰੀਮ ਤਾਰੀਖ਼ 4 ਮਾਹ ਕਾਤਿਕ 1917

ਹੱਥ ਲਿਖਤ ਨੰ : MS 196-1
ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ
ਸਿਰਲੇਖ : **ਫ਼ਤਿਹ ਅਲਮੁਆਰਿਫ਼ (ਫ਼ਾਰਸੀ)**
ਲੇਖਕ : ਅਗਿਆਤ (ਦਰਵੇਸ਼)
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਤੇਹਰਵੀਂ ਸਦੀ ਹਿਜਰੀ
ਸਮਾਂ : 1249 ਹਿਜਰੀ
ਸਥਾਨ : ਦਰਜ ਨਹੀਂ
ਪੱਤਰੇ : 1-84
ਚਿੱਤਰ : ਕੋਈ ਨਹੀਂ
ਆਕਾਰ : 24X14.5 ਸ.ਮ. ਲਿਖਤ: 22X12 ਸ.ਮ. ਨਸਤਾਲੀਕ
ਵੇਰਵਾ : ਮਿਤਨ ਵਾਸਤੇ ਸਿਆਹੀ ਵਰਤੀ ਗਈ ਹੈ। ਨਾਮ ਉਪਨਾਮਾ ਤੇ ਹੈਡਿੰਗ ਵਾਸਤੇ ਲਾਲ ਰੰਗ ਵਰਤਿਆ। ਪ੍ਰਤੀ ਪੰਨਾ ਔਸਤਨ 22 ਲਾਈਨਾਂ ਹਨ। ਅਖਰਾਂ ਦਾ ਸਾਈਜ਼ ਵੱਡਾ ਛੋਟਾ।
ਆਮ ਵੇਰਵਾ : ਪੁਸਤਕ ਵਿਚ ਹਜ਼ਰਤ ਮੁੰਹਮਦ ਰਸੂਲ ਅਲਹ ਦੇ ਜੀਵਨ ਨਾਲ ਕੁਝ ਮਹਤੱਵਪੂਰਨ ਤੱਥ ਵਰਣਨ ਕੀਤੇ ਹਨ। ਬੈਤ ਮਸਨਵੀ ਅਤੇ ਰੁਬਾਈ ਤੋਂ ਇਲਾਵਾ ਮਿਸਰਾ ਛੰਦ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਕਿਤਾਬ ਦਾ ਨਾਮ ਲਿਖਣ ਉਪਰੰਤ ਸਿਆਹੀ ਫੇਰ ਦਿਤੀ ਹੈ ਅਤੇ ਕੇਵਲ ਲਫ਼ਜ਼ ਦਰਵੇਸ਼ ਪੜ੍ਹਿਆ ਜਾਂਦਾ ਹੈ।
ਆਰੰਭ : ਹਮਦ ਰਸਾਈਏ ਰਾ ਕਿ ਵਾਹਦੇ ਹਕੀਕੀ ਅਸਤ ਸਜ਼ਾ ਅਜ਼ ਇਸਤਬਾਅਤ ਵ ਮੁਅਰਦ
ਅੰਤ : ਤੁਮਤ ਤਮਾਮ ਸ਼ੁਦ ਨੁਸਖ਼ਾਏ ਮੁਤਬਰਕ ਫ਼ਤਹਿ ਅਲਮੁਆਰਫ਼ ਬਤਾਰੀਖ਼ੇ ਸੀਅਮ ਮਾਹ ਸ਼ਵਾਲ 1247 ਸੰਨ ਹਿਜਰੀ ਦਰਵੇਸ਼ ਤਮਾਮ ਰਸੇਦ

ਹੱਥ ਲਿਖਤ ਨੰ : MS 196-2
ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ
ਸਿਰਲੇਖ : **ਫ਼ਤਹਿ ਅਲਰਮਜ਼ (ਭਾਸ਼ਾ) ਮਧਕਾਲੀਨ**
ਲੇਖਕ : ਭੇਲ ਸ਼ਾਹ ਹਜ਼ਰਤ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਤੇਹਰਵੀਂ ਸਦੀ ਹਿਜਰੀ
ਸਮਾਂ : ਨਕਲ 1249 ਹਿਜਰੀ
ਸਥਾਨ : ਅਗਿਆਤ
ਪੱਤਰੇ : 8 ਕੇਵਲ
ਚਿੱਤਰ : ਕੋਈ ਨਹੀਂ
ਆਕਾਰ : 24X14 ਸ.ਮ. ਲਿਖਤ : 22X12 ਸ.ਮ. ਨਸਤਾਲੀਕ
ਵੇਰਵਾ : ਹੈਡਿੰਗ ਤੇ ਸਬ ਹੈਡਿੰਗ ਲਾਲ ਰੰਗ ਵਿਚ ਅਤੇ ਮੂਲ ਮਿਤਨ ਸਿਆਹੀ ਨਾਲ ਲਿਖਿਆ। ਪ੍ਰਤੀ ਪੰਨਾ ਔਸਤਨ 19 ਸਤਰਾਂ । ਵਿਚ ਵਿਚ ਅਰਬੀ ਭਾਸ਼ਾ ਮੁਹਾਵਰੇ ਮੋਟੀ ਕਲਮ ਨਾਲ ਲਿਖੇ ਹੋਏ ਹਨ।

ਆਮ ਵੇਰਵਾ : ਹਮਦ ਤੋਂ ਪਿਛੋਂ ਮਦਹ ਰਸੂਲ ਤੇ ਫਿਰ ਫ਼ਤਹਿ ਅਲਹ ਸ਼ਾਹ ਦਾ ਵਿਰਦ ਕਰਨ ਉਪਰੰਤ ਲੇਖਕ ਮੂਲ ਉਦੇਸ਼ ਵਲ ਵਧਦਾ ਹੈ। ਤੌਹੀਦ, ਮਾਅਰਫ਼ਤ, ਰਿਆਜ਼ਤ, ਜ਼ਲਜ਼ਲਾ, ਜਾਨ ਫ਼ਨਾ ਦੇ ਤਿੰਨ ਦਰਜੇ, ਰਬੀ ਜ਼ਾਤ ਦੀਆਂ ਸਿਫ਼ਤਾਂ ਅਤੇ ਉਸਦੀ ਜ਼ਾਤ ਵਿਚ ਯਕੀਨ, ਇਸ਼ਕੇ ਹਕੀਕੀ ਆਦਿ ਵਿਸ਼ਿਆਂ ਉਤੇ ਬੈਂਤ ਲਿਖੇ ਹਨ। ਦੋਸਤ ਨੂੰ ਦੋਸਤ ਮਿਲਦਾ ਫ਼ਨਾ ਬਿਕਾ ਦਾ ਬਿਆਨ ਅਤੇ ਇਸ਼ਕ ਆਸ਼ਕਾਂ ਨੂੰ ਕਤਲ ਕਰਨ ਵਾਲੀ ਤਲਵਾਰ ਬਿਆਨੀ ਹੈ, ਸਫਾ 1 ਤੋਂ 7 ਤਕ ਇਸ ਜਿਲਦ ਵਿਚ ਦਰਜ ਹੈ।

ਆਰੰਭ : ਏਕ ਹੀ ਏਕ ਨ ਦੂਜਾ ਕਰੇਂ ਏਕ ਕੇ ਜ਼ਾਹਰ ਬਾਤਨ ਹੋ ਰਹੂੰ ਹੂ ਅਲਵਾਹਿਦ ਲਾ ਅਹਦ ਲਾ ਸ਼ਰੀਕ

ਅੰਤ : ਮਕਸੂਦੇ ਈਂ ਮਨਜ਼ੂਮ ਹਰ ਫ਼ਹਿਮ ਦੂਰੀਏ ਅਲਫ਼ਹੂਮ ਲਾਈਏ ਅਸਤ ਫ਼ਾ ਹੁਮ ਤੁਮਤ ਤਮਾਮ ਸ਼ੁਦ ਕਿਤਾਬ ਫ਼ਤਹਿ ਅਲਰਮਜ਼ ਤਸਨੀਫ਼ ਹਜ਼ਰਤ ਭੇਲ ਸ਼ਾਹ

ਹੱਥ ਲਿਖਤ ਨੰ : MS 196-3

ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ

ਸਿਰਲੇਖ : **ਸੀਹਰਫ਼ੀ ਮੀਰਾਂ ਮਅਰੂਫ਼ (ਭਾਸ਼ਾ)**

ਲੇਖਕ : ਸ਼ਾਹ ਭੀਖ ਸੀਵਾਨਵੀ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) ਤੇਹਰਵੀਂ ਸਦੀ ਹਿਜਰੀ

ਸਮਾਂ : ਨਕਲ 1249 ਹਿਜਰੀ

ਸਥਾਨ : ਅਗਿਆਤ

ਪੱਤਰੇ : 6 ਕੇਵਲ

ਚਿੱਤਰ : ਕੋਈ ਨਹੀਂ

ਆਕਾਰ : 24X14 ਸ.ਮ. ਲਿਖਤ: 22X12 ਸ.ਮ. ਨਸਤਾਲੀਕ

ਵੇਰਵਾ : ਹੈਡਿੰਗ ਤੇ ਸਬ ਹੈਡਿੰਗ ਲਾਲ ਰੰਗ ਵਿਚ ਅਤੇ ਮੂਲ ਮਿਤਨ ਸਿਆਹੀ ਨਾਲ ਲਿਖੇ ਹਨ। ਪ੍ਰਤੀ ਪੰਨਾ ਔਸਤਨ 20 ਸਤਰਾਂ ਹਨ। ਕਾਗ਼ਜ਼ ਕਿਰਮ ਖਾਧਾ।

ਆਮ ਵੇਰਵਾ : ਸੀਹਰਫ਼ੀ ਦਾ ਵਿਸ਼ਾ ਰੂਹਾਨੀਅਤ ਹੈ। ਵਿਚ ਵਿਚ ਦੋਹਰੇ ਵੀ ਦਰਜ ਕੀਤੇ ਹਨ। ਜਨਮਜਾਤ ਇਤ ਇਕ ਸਾਰੇ ਬੰਧੇ ਭਰਮ ਅੰਧੇਰ ਆਦਿ ਸੁਨ ਕਹੀਏ ਕਿਆ ਧੁਨ ਨਹੀਂ ਰਹੀ ਬਿਚਾਰ ਬਿਚਾਰ ਸੂਨ ਪਰਿਓ ਮਦ ਨ ਭਇਉ ਸੁਖਨ ਫਿਰ ਸੰਸਾਰ। ਅਰਬੀ ਦਾ ਪ੍ਰਭਾਵ ਚੋਖਾ ਹੈ। ਲੇਖਕ ਸ਼ਾਇਦ ਸੀਵਾ (ਸਿਬੀ) ਸੀਵਸਤਾਨ (ਬਲੋਚਿਸਤਾਨ) ਦਾ ਵਾਸੀ ਹੈ ਤਾ ਹੀ ਉਸਦਾ ਨਾਮ ਸੀਵਾਨਵੀ ਲਿਖਿਆ ਹੈ।

ਆਰੰਭ : ਅਲਹਮਦ ਅਲਹ ਅਲਰਬੁਲ ਆਲਮੀਨ ਅਸਲਾਮ ਅਲੈ ਅਲਮੁੰਹਮਦ ਵਾਲਾ ਅਜਮਈਨ

ਅੰਤ : ਤਮਾਮ ਸ਼ੁਦ ਭੀਖ ਪਨਜਦ ਕੋ ਰੈਨ ਜਗਤ ਮੇ ਸਦ ਗੁਣ ਭੀਖ ਸਲਾਮ ਸੀਹਰਫ਼ੀ ਮੀਰਾਂ

ਹੱਥ ਲਿਖਤ ਨੰ : MS 196-4

ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ

ਸਿਰਲੇਖ : **ਤਨਜ਼ੀਲਾਤੇ ਖ਼ਮਸਾ (ਫ਼ਾਰਸੀ)**

ਲੇਖਕ : ਅਗਿਆਤ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਅਗਿਆਤ

ਸਮਾਂ : ਅਗਿਆਤ

ਸਥਾਨ : ਅਗਿਆਤ

ਪੱਤਰੇ : 7 ਕੇਵਲ
ਚਿੱਤਰ : ਕੋਈ ਨਹੀਂ
ਆਕਾਰ : ਉਹੀ ਲਿਖਤ : ਨਸਤਾਲੀਕ
ਵੇਰਵਾ : ਲਾਲ ਰੰਗ ਨਾਲ ਮੁਸ਼ਕਲ ਸ਼ਬਦਾਂ ਨੂੰ ਸੰਕੇਤਿਤ ਕੀਤਾ ਹੈ ਮਿਤਨ ਮੂਲ ਸਿਆਹੀ ਨਾਲ ਲਿਖਿਆ ਹੋਇਆ ਹੈ ਪ੍ਰਤੀ ਪੰਨਾ 20-21 ਸਤਰਾਂ ਹਨ।
ਆਮ ਵੇਰਵਾ : ਇਸ ਪੋਥੀ ਵਿਚ ਵਜੂਦ ਇਤਲਾਕ, ਯਕੀਨ ਇਤਲਾਕ, ਵਹਦਤ, ਵਹਦਾਨੀਅਤ, ਜਬਰੂਤ, ਮਲਕੂਤ, ਨਾਸੂਤ ਦੇ ਗੁਣ ਲਛਣ, ਮੌਜੂਦ ਇਲਮਅਤੇ (ਬਾਹਰੀ ਗਿਆਨ ਪਸਾਰ) ਖ਼ਾਰਜੀਆਂ ਦੇ ਅੰਤਰ ਬਿਆਨ ਕੀਤੇ ਹਨ। ਮੁਤਲਿਕ ਹਸਤੀ ਦੇ ਪੰਜ ਰੁਤਬੇ। ਵਜੂਦ ਮਕਾਨੀ ਦੇ ਚਾਰੇ ਰੁਤਬੇ ਦਰਜੇ ਬਿਆਨ ਕਾਰਨ ਤੋਂ ਇਲਾਵਾ ਇਤਲਾਕ ਦੇ ਦਰਜੇ ਤੋਂ ਯਕੀਨ ਦੇ ਦਰਜੇ ਤਕ ਪੁਜਣ, ਅਗਲੇਰੇ ਸਫ਼ਰ ਨੂੰ ਬਹੁਤ ਵਿਸਤਾਰ ਨਾਲ ਵਿਆਖਿਆ ਕੀਤੀ ਹੈ।
ਆਰੰਭ : ਅਲਹਮਦ ਲਿਲਾਹਿ ਵ ਰਬੁਲ ਆਲਮੀਨ ਵਸਲਾਤ ਅਲਹ ਅਲੈ ਰਸੂਲਹੂ ਮੁੰਹਮਦ ਵਾ ਅਲ ਅਸਹਾਬ ਜ਼ਾਹਿਰੀਨ
ਅੰਤ : ਤੁਮ ਤੁਮ ਕੁਮ ਤਮਾਮ ਸ਼ੁਦ ਸਰੀਅਨ।

ਹੱਥ ਲਿਖਤ ਨੰ : MS 196-5
ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ
ਸਿਰਲੇਖ : **ਸ਼ਰ੍ਹਾ ਏ ਲਮਆਤ (ਫ਼ਾਰਸੀ)**
ਲੇਖਕ : ਕੁਤਬੁਦੀਨ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਤੇਹਰਵੀਂ ਸਦੀ ਹਿਜਰੀ
ਸਮਾਂ : 1282 ਹਿਜਰੀ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : ਉਹੀ ਲਿਖਤ : ਨਸਤਾਲੀਕ
ਵੇਰਵਾ : ਹਥ ਲਿਖਤ ਸਿਆਹੀ ਨਾਲ ਲਿਖੀ ਗਈ ਹੈ ਵਿਚ ਵਿਚ ਖ਼ਾਸ ਖ਼ਾਸ ਸ਼ਬਦਾਂ ਨੂੰ ਮਹਤਵਪੂਰਨ ਸਮਝਦੇ ਹੋਏ ਕਾਤਬ ਨੇ ਉਨਾਂ ਥਲੇ ਲਾਲ ਨਿਸ਼ਾਨ ਦਿਤੇ ਹਨ।
ਆਮ ਵੇਰਵਾ : ਲੇਖਕ ਲਮਆਤ ਦੀ ਸ਼ਰਅ ਕਰਨ ਸਮੇਂ ਇਸਦੇ ਮੂਲ ਬਾਰੇ ਕੋਈ ਵੀ ਜਾਣਕਾਰੀ ਨਹੀਂ ਦਿਤੀ ਅਤੇ ਨਾ ਹੀ ਮੂਲ ਦੇ ਮਿਤਨ ਨੂੰ ਕਿਸੇ ਭਾਂਤ ਵਖ ਵਖ ਕੀਤਾ। ਇਸ ਪੁਸਤਕ ਦੇ ਵਿਸ਼ੇ ਹਮਾ ਓਸਤ (ਸਰਬ ਵਿਆਪੀ ਬ੍ਰਹਮ), ਯਕੀਨ, ਈਮਾਨਦ ਮਰਤਬਿਆ, ਸਿਦਕ, ਤਲਬ, ਰਾਹ, ਸੂਰੀ, ਤੇ ਮਾਅਨਵੀ ਦਾ ਗਿਆਨ ਬੜੀ ਤਫ਼ਸੀਰ ਨਾਲ ਵਰਣਨ ਕੀਤਾ ਹੈ। ਕਈ ਮਨੌਤਾਂ ਵਡੇਰੇ ਲੋਕਾਂ ਦੀ ਉਦਾਹਰਣਾਂ ਨਾਲ ਬਿਆਨ ਕੀਤੀਆਂ ਹਨ।
ਆਰੰਭ : ਅਲਹਮਦ ਲਿਲਾਹਿ ਅੱਲਜ਼ੀ ਨੂਰ ਵਜ੍ਹਾਹਾ ਬਾਤੱਜਲੀਆਤ ਲਿਲਹਾਲ
ਅੰਤ : ਕਿਤਾਬ ਸ਼ਰਹ ਲਮਆਤ ਬਾਉਨਵਾਨ ਸਾਖ਼ਤਾ ਦਸਤਖ਼ਤ ਕੁਤਬਦੀਨ ਮਰਹੂਮ ਦਰਗਾਹ ਜਮਾਦੀ ਉਲ ਅਵੱਲ 1285

ਹੱਥ ਲਿਖਤ ਨੰ : MS 197
ਸ੍ਰੋਤ : ਅਗਿਆਤ
ਸਿਰਲੇਖ : **ਕਦ ਮਸਕੀਨ (ਉਰਦੂ)**
ਲੇਖਕ : ਸਾਲਿਹ / ਭਾਸ਼ਾ ਰਲੀ ਮਿਲੀ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ ਈਸਵੀ
ਸਮਾਂ : 1899
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 19X13 ਸ.ਮ. ਲਿਖਤ: 17X10 ਸ.ਮ. ਨਸਤਾਲੀਕ ਤੇ ਸ਼ਿਕਸਤਾ
ਵੇਰਵਾ : ਇਹ ਹਥ ਲਿਖਤ ਵਹੀ ਉਤੇ ਲਿਖੀ ਹੋਈ ਹੈ। ਹਵਾਲੇ ਲਾਲ ਰੰਗ ਨਾਲ ਦਿਤੇ ਹਨ ਮੂਲ ਮਿਤਨ ਸਿਆਹੀ ਨਾਲ ਲਿਖਿਆ ਹੋਇਆ। ਪ੍ਰਤੀ ਪੰਨਾ ਸਤਰਾਂ ਇਕ ਸਾਰ ਨਹੀਂ। ਵਾਕ ਵੀ ਬਰਾਬਰ ਨਹੀਂ।
ਆਮ ਵੇਰਵਾ : ੳ) ਪੁਸਤਕ ਦਾ ਵਿਸ਼ਾ ਜਾਦੂ Incantations ਹੈ। ਬਿਛੂ ਦੇ ਕਟਣ ਉਤੇ ਝਾੜਾਂ ਫੂਕਾਂ ਫਾਂਡਾ ਅਰਬੀ ਸ਼ਬਦਾਂ ਵਿਚ ਟੂਣੇ ਟਾਮਣੇ ਦਰਜ ਹਨ। ਅ) ਵਹੀ ਦੇ ਦੂਸਰੇ ਪਾਸੇ ਤੋਂ ਜਾਰੀ ਪਹਿਲੋਂ ਫ਼ਾਰਸੀ ਤੇ ਉਰਦੂ ਦੇ ਰਲੇ ਮਿਲੇ ਸ਼ਿਅਰ ਦਰਜ ਹਨ ਇਸ ਭਾਗ ਵਿਚ ਰੁਬਾਈ ਤੇ ਗ਼ਜ਼ਲਾਂ ਹਨ। ੲ) ਦਵਾਈਆਂ ਦੇ ਟੋਟਕੇ ਨਸਰੀਨ ਫੁਲ ਦਾ ਤੇਲ ਬਣਾਣ ਦੀ ਵਿਧੀ। ਸ) ਮੁੱਲਾਂ ਦੋ ਪਿਆਜ਼ਾ ਦੀ ਕਹਾਣੀ। ਹ) ਫ਼ਕਰਨਾਮਾ:- ਫ਼ਕੀਰਾਂ ਦੀ ਨੈਤਿਕਤਾ ਬਿਆਨ ਦੀ ਅਤੇ ਕੁਝ ਫ਼ਕੀਰਾਂ ਦੇ ਨਾਮ ਗਿਣਵਾਏ ਹਨ। ਅਰਬੀ ਦਾ ਪ੍ਰਭਾਵ ਇਸ ਭਾਗ ਉਤੇ ਅਧਿਕ ਹੈ।
ਆਰੰਭ : ਏਕ ਰੋਜ਼ ਕਾ ਜ਼ਿਕਰ ਹੈ ਕਿ ਯਾਰਾਂ ਲਤੀਫ਼ ਵ ਦੋਸਤਾਂ ਜ਼ਰੀਫ਼ ਬਿਆਨ ਸਾਖ਼ਤੇ ਬਿਆਨੇ ਜ਼ਰੀਖ਼ ਵ ਲਤਾਇਫ਼ ਕਿ ਬਾ ਯਕ ਦੀਗਰ ਤੋਤੀਵਾਰ
ਅੰਤ : ਹਰ ਸ਼ਮ੍ਹਾ ਰਾ ਬਕੁਸ਼ਤੇਮ ਪਰਵਾਨਾ ਜਾਨ ਗੁਦਾਜ਼॥
ਦਸਤਮ ਬਗੀਰ ਬਰ ਕੁਨ ਈਨ ਨਬਜ਼ਾ ਰਾ ਨਿਵਾਜ਼॥

ਹੱਥ ਲਿਖਤ ਨੰ : MS 205
ਸ੍ਰੋਤ : ਅਗਿਆਤ
ਸਿਰਲੇਖ : **ਦਰੂਦੇ ਅਕਬਰ (ਅਰਬੀ)**
ਲੇਖਕ : ਹਸਨ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਅਗਿਆਤ
ਸਮਾਂ : ਅਗਿਆਤ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 15.5X11 ਸ.ਮ. ਲਿਖਤ: 11X6.5 ਸ.ਮ. ਕੂਫ਼ੀ
ਵੇਰਵਾ : ਮੁਖ ਤੌਰ ਉਤੇ ਮਿਤਨ ਸਿਆਹੀ ਨਾਲ ਲਿਖਿਆ ਹੈ। ਹੈਡਿੰਗ ਤੇ ਸਬ ਹੈਡਿੰਗ ਲਾਲ ਰੰਗ ਨਾਲ। ਪ੍ਰਤੀ ਪੰਨਾ ਨੌ ਸਤਰਾਂ ਦਰਜ ਹਨ।

ਆਮ ਵੇਰਵਾ : ਰਾਤ ਦੀ ਨਮਾਜ਼ ਪਿਛੋਂ ਪੜ੍ਹੀ ਜਾਣ ਵਾਲੀ ਦਰੂਦ (ਅਰਦਾਸ) ਨੂੰ ਵੇਰਵੇ ਨਾਲ ਦਰਜ ਕੀਤਾ ਹੈ। ਪ੍ਰਮੁਖ ਭਾਗ ਅਰਬੀ ਵਿਚ ਹੈ ਦੋ ਨਾਅਤਾਂ ਫ਼ਾਰਸੀ ਵਿਚ ਵੀ ਦਰਜ ਹਨ ਅਤੇ ਇਕ ਨਾਅਤ ਉਰਦੂ ਵਿਚ ਸ਼ਾਮਿਲ ਹੈ। ਅਰਬੀ ਭਾਗ ਵਿਚ ਬੜੀ ਮੁਹਾਰਤ ਨਾਲ ਐਰਾਬ (ਲਗਾਂਮਾਤਰਾਂ) ਦੀ ਵਰਤੋਂ ਕੀਤੀ ਹੈ। ਅਲਾਹੁਮਾ ਦਾ ਅਕਸਰ ਉਚਾਰਣ ਲਾਲ ਰੰਗ ਨਾਲ ਲਿਖਿਆ ਹੈ ਇਸਲਾਮੀ ਰਹਿਤ ਮਰਿਆਦਾ ਨੂੰ ਬਿਆਨ ਕਰਨਾ ਕਾਤਿਬ ਦਾ ਮੰਤਵ ਹੈ। ਇਹ ਦੂਰਦ ਦੇ ਕਲਮੇ ਈਸ਼ਾ ਦੀ ਨਮਾਜ਼ ਪਿਛੋਂ ਪੜ੍ਹੇ ਜਾਂਦੇ ਹਨ ।

ਆਰੰਭ : ਬਾਇਸਮਿ ਅਲਾਹਿ ਅਲਰਹਮਾਨਿ ਅਲਹ ਰਹੀਮ ਅਲਹਮਦੁ ਲਿਲਾਹਿ ਅਲਰਬਿ ਆਲਮੀਨ ਵ ਮੁਆਕਿਬਾ ਲਿਲ ਮੁਤਿਕੀਨ।

ਅੰਤ : ਅਜ਼ਅਲਅਨਾ ਲਿਨਾ ਸ਼ਾਫਿਅਤੁਨ ਵ ਮੁਸ਼ਫ਼ਤਨ ਤਮਾਮ ਸ਼ੁਦ ਤਕਰਰਾਤੇ ਨਮਾਜ਼ੇ ਜਨਾਜ਼ਾ ਬਰਾਏ ਮਾਇਕਾਰੀ ਤਹਿਰੀਰ ਯਾਫ਼ਤ

ਹੱਥ ਲਿਖਤ ਨੰ : MS 264

ਸ੍ਰੋਤ : H.S ਅੰਮ੍ਰਿਤਸਰ

ਸਿਰਲੇਖ : **ਅਰਬੀ-ਫ਼ਾਰਸੀ ਲੁ.ਗਾਤ (ਸ਼ਬਦਕੋਸ਼) ਅਧੂਰੀ**

ਲੇਖਕ : ਅਗਿਆਤ

ਲਿਖਾਰੀ : ਅਗਿਆਤ

ਲਿਪੀ ਕਾਲ : (ਰਚਨਾ ਕਾਲ) ਦਰਜ ਨਹੀਂ

ਸਮਾਂ : ਅਗਿਆਤ

ਸਥਾਨ : ਦਰਜ ਨਹੀਂ

ਪੱਤਰੇ : 2 ਤੋਂ 369 (ਅਗੋਂ ਪਿਛੋਂ ਫਟੇ)

ਚਿੱਤਰ : ਕੋਈ ਨਹੀਂ

ਆਕਾਰ : 16X22.5 ਸ.ਮ. ਲਿਖਤ: ਨਸਤਾਲੀਕ ਤੇ ਸ਼ਿਕਸਤਾ

ਵੇਰਵਾ : ਪ੍ਰਤੀ ਪੰਨਾ 17 ਸਤਰਾਂ, ਮੁਢਲੇ ਪੰਨਿਆਂ ਵਿਚ ਸ਼ਬਦ ਵਡਆਕਾਰੀ ਤੇ ਅਰਥ ਛੋਟੀ ਅਕਾਰ ਵਿਚ ਹਨ। ਦੋਨੋਂ ਮਦ ਸਿਆਹੀ ਵਿਚ । ਉਪਰੰਤ ਪਿਛਲੇ ਪੰਨਿਆਂ ਵਿਚ ਸ਼ਬਦ ਲਾਲ ਰੰਗ ਅਤੇ ਅਰਥ ਕਾਲੇ ਰੰਗ ਵਿਚ ਦਰਜ ਹੈ। ਕਾਗਜ਼ ਪੁਰਾਣਾ, ਜ਼ਰਦ ਪੜ੍ਹਨਜੋਗ।

ਆਮ ਵੇਰਵਾ : ਫ਼ਾਰਸੀ ਰਸਮੁਲਖ਼ਤ ਦਾ ਨਸਤਾਲੀਕ ਰੂਪ ਵਰਤਿਆ ਹੈ ਕਿਧਰੇ ਕਿਧਰੇ ਸ਼ਿਕਸਤਾ ਰੂਪ ਵੀ ਮੌਜੂਦ ਹੈ। ਸ਼ਬਦ ਮੂਲ ਨੂੰ ਮੁਖ ਰਖਕੇ ਉਸੇ ਨੂੰ ਅਬਜਦ ਅਨੁਸਾਰ ਢਾਲਿਆ ਗਿਆ ਹੈ। ਇਕ ਸ਼ਬਦ ਦੇ ਦੋ ਦੋ ਤਿੰਨ ਤਿੰਨ ਅਰਥ ਵੀ ਦਿਤੇ ਗਏ ਹਨ। ਸ਼ਬਦ ਦਾ ਰੂਪ, ਇਕਵਚਨੀ, ਬਹੁਵਚਨੀ, ਲਿੰਗ-ਪੁਲਿੰਗ ਅਤੇ ਸੀਗੇ ਅਨੁਸਾਰ ਬਦਲਦਾ ਵਰਣਨ ਕੀਤਾ ਹੈ। ਸ਼ਬਦ ਅਤੇ ਉਸਦੇ ਅਰਥ ਦੀ ਭਿੰਨਤਾ ਸਪਸ਼ੱਟ ਕਰਨ ਹਿਤ ਵਖਰੇ ਰੰਗ ਅਤੇ ਵਡੇ ਛੋਟੇ ਅੱਖਰ ਆਕਾਰ ਦੀ ਤਕਨੀਕ ਅਪਨਾਈ ਗਈ ਹੈ। ਉਚਾਰਣ ਵਿਧੀ ਵੀ ਦਰਜ ਹੈ।

ਆਰੰਭ : ਚਿਰਾਗਿ ਉਅਜ਼ਾਰ ਹਦੀਸ: ਅਓਅਤਹਾ ਅਲਹਦੀਸ ਅਨ ਅਲਤਰੀਕ

ਅੰਤ : ਇਕਬਾਲਾ ਸ਼ੁਦਨ ਬਾਅਮਲੇ ਸ਼ੁਤਰ ਬਵਾਸਤਾਏ ਜਿਰਾਹਤ

ਹੱਥ ਲਿਖਤ ਨੰ : MS 265

ਸ੍ਰੋਤ : H.S, H.S

ਸਿਰਲੇਖ : **ਕਸਾਇਦ ਬਦਰਚਾਚ (ਫ਼ਾਰਸੀ)**

ਲੇਖਕ : ਬਦਰ/ ਮੌਲਵੀ ਮੁੰਹਮਦ ਹਾਦੀ

ਲਿਖਾਰੀ : ਅਗਿਆਤ

ਲਿਪੀ ਕਾਲ : ਅਗਿਆਤ (ਰਚਨਾ ਕਾਲ) 1886

ਸਮਾਂ : 1886

ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 27.5X17 ਸ.ਮ. ਲਿਖਤ: 17.5X8.5 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਕਿਰਮ ਖਾਧਾ। ਲਾਲ ਰੰਗ ਨਾਲ ਡਬੀਦਾਰ ਹਾਸ਼ੀਏ। ਕਈ ਥਾਵਾਂ ਹਾਸ਼ੀਆ ਪੂਰਾ ਹਵਾਲਾ ਕਿਰਮ ਖਾਧਾ ਹੋਇਆ ਹੈ। ਸੁਰਖ਼ੀਆਂ ਸੁਰਖ਼ ਮਿਤਨ ਕਾਲਾ। ਹਵਾਲੇ ਹਾਸ਼ੀਏ ਵਿਚ ਦਰਜ। ਬਾਹਰੀ ਹਾਸ਼ੀਆ ਦੋ ਲਾਈਨਾਂ ਦਾ। ਪ੍ਰਤੀ ਪੰਨਾ 12-13 ਸਤਰਾਂ

ਆਮ ਵੇਰਵਾ : ਚਾਚ ਦੇ ਕਸੀਦਿਆਂ ਵਿਚ ਅਬੱਾਸੀ ਖ਼ਲੀਫ਼ੇ ਵਲੋਂ ਹਿੰਦੁਸਤਾਨ ਦੇ ਬਾਦਸ਼ਾਹ ਨੂੰ ਫ਼ਰਮਾਨ ਅਤੇ ਸਿਰੋਪੇ ਦੀ ਵਧਾਈ (7ਵੀਂ ਸਦੀ ਈ. ਦੀ ਘਟਨਾ ਪਰ ਹਿੰਦ ਦੇ ਬਾਦਸ਼ਾਹ ਦਾ ਨਾਮ ਦਰਜ ਨਹੀਂ) ਬਨੀ ਅਬੱਾਸ ਦਾ ਸਿਰੋਪਾ ਹਿੰਦੂ ਬਾਦਸ਼ਾਹ ਨੂੰ ਪੁੱਜਣ ਉਤੇ ਵਧਾਈ, ਬਾਦਸ਼ਾਹ ਦਾ ਨਾਮ ਦਰਜ ਨਹੀਂ। ਹਿੰਦੁਸਤਾਨ ਦੇ ਸਾਮਿਅਕ ਬਾਦਸ਼ਾਹ ਦੀ ਸਿਫ਼ਤ (ਨਾਮ ਦਰਜ ਨਹੀਂ), ਅਬੱਾਸੀ ਖ਼ਲੀਫ਼ਾ ਅਤੇ ਮੁੰਹਮਦ ਸ਼ਾਹ ਤੁਗ਼ਲਕ ਹਿੰਦੁਸਤਾਨੀ ਬਾਦਸ਼ਾਹ ਦੀ ਤਾਰੀਫ਼ ( ਦੋ ਕਸੀਦੇ) ਸੁਲਤਾਨ ਮੁੰਹਮਦ ਦੀ ਸਿਫ਼ਤ। ਸੰਨ 1257 ਵਿਚ ਜਹਾਂਗੀਰ ਵਲੋਂ ਕੋਟਨਾਮੀ ਨਗਰ ਦੇ ਕਿਲ੍ਹੇ ਉਪਰ ਕਬਜ਼ਾ। ਉਸ ਕਿਲੇ ਦੀ ਸਿਫ਼ਤ। ਬਾਦਸ਼ਾਹ ਹਿੰਦ ਦੀ ਸ਼ਰਾਬ ਪੀਣ ਦੀ ਆਦਤ ਦੀ ਸਿਫ਼ਤ, ਮਹਿਬੂਬ ਦੀ ਸਿਫ਼ਤ, ਸੁਲਤਾਨ ਮੁੰਹਮਦ ਸ਼ਾਹ ਤੁਗ਼ਲਕ, ਤਾਰੀਫ਼ ਆਫ਼ਤਾਬ ਗੁਲ ਚੇਹਰਾ ਕਨੀਜ਼ ਦਾ ਬਾਦਸ਼ਾਹ ਮੁੰਹਮਦ ਤੁਗ਼ਲਕ ਤੋਂ ਇਨਾਮ ਲੈਣਾ, ਪ੍ਰੇਮੀਆਂ ਦੀ ਸਿਫ਼ਤ, ਮਦਹ ਰਸੂਲ, ਮਹਬੂਬ ਦੀ ਚਿਠੀ ਦੀ ਸਿਫਤ, ਸੁਲਤਾਨ ਮੁੰਹਮਦ ਸ਼ਾਹ ਤੁਗ਼ਲਕ ਤੇ ਉਸ ਦੀਆਂ ਪ੍ਰੇਮਕਾਵਾਂ। ਦਿਲ਼ੀ ਕਿਲੇ ਦੀ ਤਾਰੀਫ਼, ਮੁੰਹਮਦ ਸ਼ਾਹ ਤੁਗ਼ਲਕ ਵਲੋਂ ਦਿਲੀ ਵਿਚ ਮਨਾਏ ਗਏ ਜਸ਼ਨ, ਕਿਲਾ ਖ਼ੁਰਮਾਬਾਦ ਦੀ ਸਿਫ਼ਤ, ਈਦ ਦਾ ਜਸ਼ਨ, ਨਾਸਰਦੀਨ ਸ਼ਾਇਰ ਬਾਰੇ ਇਕ ਹੁਜਵ ਆਦਿ ਪੂਰੇ ਦਾ ਪੂਰਾ ਕਲਾਮ ਭਾਸ਼ਾ ਪਖੋਂ ਪੁਖਤਾ ਤੇ ਜਾਨਦਾਰ ਹੈ। ਜੋ ਬੈਂਤ ਪੂਰੇ ਪੜ੍ਹੇ ਗਏ ਉਹ ਉਚ ਦਰਜੇ ਦੀ ਸ਼ਾਇਰੀ ਪਾਈ ਗਈ ਹੈ। ਕਵੀ ਮੁੰਹਮਦ ਬਿਨ ਤੁਗਲਿਕ ਦਾ ਸਮਕਾਲੀ ਅਤੇ ਕਸੀਦਾਗੋਈ ਵਿਚ ਪੂਰੀ ਤਰਾਂ ਨਿਪੁੰਨ ਹੈ। ਕਸੀਦਾ ਗੋਈ ਵਿਚ ਅਨਵਰੀ ਦਾ ਮੁਕਾਬਲਾ ਕਰਦਾ ਹੈ।

ਆਰੰਭ : ਹਮਦੇ ਆਨ ਸੁਲਤਾਨੇ ਆਲਮ ਰਾ ਕਿ ਆਲਮ ਪਰਵਰ ਅਸਤ
ਉਨਸੀ ਊ ਦਰ ਰਹੇ ਈਮਾਨੇ ਉਨਸੋ ਜਾਨ ਰਾਸਤ।
ਹਾਕਿਮੇ ਈਜਾਦ ਊਰਾ ਦਰ ਨਿਜ਼ਾਮੇ ਕਾਇਨਾਤ ਦਾਮਨ...............

ਅੰਤ : ਦਸਤ ਰੇਖਤਨ ਬੇਸ਼ਕ ਚਾਰ ਦੰਦਾਨ ਚਸ਼ਮੀ ਸਬਾਅਓ ਬਹਾਇਮ ਯੂਸਫ਼ ਜ਼ਰੀਨ ਸਨ ਵਜ਼ਰੀਨ------ਵਰਜ਼ੀਨ-------------ਆਫ਼ਤਾਬ

ਹੱਥ ਲਿਖਤ ਨੰ : MS 273

ਸ੍ਰੋਤ : H.S

ਸਿਰਲੇਖ : ਦਰਜ ਨਹੀ/ **ਰਾਮਾਇਣ (ਫ਼ਾਰਸੀ)**

ਲੇਖਕ : ਸਾਵਣ ਮੱਲ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) 1915 ਬਿਕਰਮੀ(1858 ਈ.)

ਸਮਾਂ : 1858 ਈ.

ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 24.5X16 ਸ.ਮ. ਲਿਖਤ: 20.5X12 ਸ.ਮ. ਨਸਤਾਲੀਕ
ਵੇਰਵਾ : ਸਿਆਹੀ ਕਾਲੀ, ਪ੍ਰਤੀ ਪੰਨਾ ਔਸਤਨ 14 ਸਤਰਾਂ ਦਰਜ ਹਨ। ਹੈਡਿੰਗ ਲਾਲ ਰੰਗ ਵਿਚ, ਦੋ ਕਾਲਮ ਬਣਾਕੇ ਮਸਨਵੀ ਰੂਪ ਵਿਚ ਨਕਲ ਕੀਤੀ ਗਈ।
ਆਮ ਵੇਰਵਾ : ਇਸ ਹਥਲਿਖਤ ਦਾ ਵਿਸ਼ਾ ਰਾਮਾਇਣ ਦੀ ਗਾਥਾ ਹੈ ਅਤੇ ਸਾਵਣਮਲ ਨੇ ਇਹ ਲਿਖਤ ਲਾਲਾ ਧੀਰ ਮੱਲ ਵਾਸਤੇ ਕਾਵਿ ਬੱਧ ਕੀਤੀ ਹੈ। ਕਈ ਥਾਵਾਂ ਉਤੇ ਸਬ ਹੈਡਿੰਗ ਹਾਸ਼ੀਏ ਵਿਚ ਦਰਜ ਹਨ। ਲਾਲ ਰੰਗ ਹਾਸ਼ੀਏ ਦੋ ਕਾਲਮਾਂ ਦੇ ਵਿਚਕਾਰ ਦਰਜ ਹਨ। ਦੋ ਦੋ ਤੁਕਾਂ ਦੇ ਰਦੀਫ਼ ਮਿਲਾਕੇ ਮਸਨਵੀ ਲਿਖੀ ਗਈ ਹੈ।
ਆਰੰਭ : ਸੁਖਨੇ ਹਾਲੇ ਸਬਨਾ ਗੁਫ਼ਤਾ ਸ਼ੁਦ ਚੂੰ ਜ਼ਿ ਹਾਲੇ ਰਾਮ ਬਾਇਦ ਗੁਫ਼ਤਨ ਅਕਨੂਨ॥
ਅੰਤ : ਬਾ ਦਸਤਖ਼ਤੇ ਸਾਵਨ ਮਲ ਬਰਾਏ ਖ਼ਾਸ ਖ਼ਾਤਰ ਲਾਲਾ ਧੀਰ ਮਲ ਮੁਰਾਦੇ ਸਰਕਾਰ ਹਾਸਲ ਬਾਸ਼ਦ

ਹੱਥ ਲਿਖਤ ਨੰ : MS 274
ਸ੍ਰੋਤ : ਪੂਰਨ ਸਿੰਘ ਹੁਨਰ
ਸਿਰਲੇਖ : **ਇਨਸ਼ਾਈਆਏ ਫ਼ੈਜ਼ੀ (ਫ਼ਾਰਸੀ)**
ਲੇਖਕ : ਫ਼ੈਜ਼ੀ /ਕਾਤਬ ਅਗਿਆਤ
ਲਿਖਾਰੀ :
ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ
ਸਮਾਂ : 10 ਰਮਜ਼ਾਨ 1180 ਹਿਜਰੀ (ਦਸੰਬਰ 1851)
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 15.5X8 ਸ.ਮ. ਲਿਖਤ : 13X6 ਸ.ਮ. ਨਸਤਾਲੀਕ
ਵੇਰਵਾ : ਹੈਡਿੰਗ ਅਤੇ ਸਬਹੈਡਿੰਗ ਲਾਲ ਰੰਗ ਨਾਲ ਲਿਖੇ। ਬਾਕੀ ਮਿਤਨ ਦੀ ਸਿਆਹੀ ਨਾਲ। ਪ੍ਰਤੀ ਪੰਨਾ ਲਗਪਗ 12 ਸਤਰਾਂ। ਵਿਚ ਵਿਚ ਬਿਆਨਾਂ ਉਤੇ ਜ਼ੋਰ ਦੇਣ ਵਾਸਤੇ ਕਾਲੀ ਸਿਆਹੀ ਇਬਾਰਤ ਥਲੇ ਲਾਲ ਰੰਗ ਨਾਲ ਲਕੀਰ ਖਿਚੀ ਗਈ ਹੈ।
ਆਮ ਵੇਰਵਾ : ਇਹ ਰਚਨਾ ਪੰਡਤ ਰਾਮ ਪ੍ਰਸ਼ਾਦ ਵਾਸਤੇ ਕਲਮਬੰਦ ਕੀਤੀ ਗਈ। ਕਾਗ਼ਜ਼ ਪੀਲਾ ਪੁਰਾਣਾ। ਫ਼ਾਰਸੀ ਵਿਚ ਫ਼ੈਜ਼ੀ ਦੇ ਲਿਖੇ ਲੇਖ ਜੋ ਸਾਹਿਤਕ ਹਨ ਅਤੇ ਫ਼ਾਰਸੀ ਸਾਹਿਤ ਨਾਲ ਸੰਬੰਧਤ ਹਨ ਕਲਮਬੰਦ ਕੀਤੇ ਗਏ ਹਨ। ਲੇਖਕ ਨੇ ਸਾਹਿਤਕ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਵਿਚ ਵਿਚ ਗ਼ਜ਼ਲਾਂ ਦੇ ਬੰਦ ਵੀ ਲਿਖੇ ਹਨ ਜਿਨ੍ਹਾਂ ਨੂੰ ਕਾਤਬ ਨੇ ਵਖਰੇ ਦਰਸਾਇਆ ਹੈ। ਕਸੀਦਾ, ਗ਼ਜ਼ਲ, ਮਿਸਰਾ ਨਜ਼ਮਾਂ, ਰੁਬਾਈਆਂ, ਤੌਕੀਆਤ ਦੀਆਂ ਜੁਗਤਾਂ ਨਾਲ ਵਾਰਤਕ ਨੂੰ ਆਕਰਸ਼ਕ ਬਣਾਇਆ ਗਿਆ ਹੈ। ਫ਼ਾਰਸੀ ਸਾਹਿਤ ਦੇ ਖੋਜੀਆਂ ਵਾਸਤੇ ਮਹਤੱਵਪੂਰਨ ਪੁਸਤਕ ਹੈ।
ਆਰੰਭ : ਬਿਸਮਿੱਲਾ ਅਲਰਹਮਾਨਿ ਰਹੀਮ ਲਹੇ ਅਜ਼ਲ ਰਾਸਤ ਤਲਬਮ ਕਦੀਮ, ਲੱਮਾ ਅਜ਼ਲ ਜੁਹਤ
ਅੰਤ : ਪਨਾਹ ਬੁਲੰਦੇ ਵ ਬਸੇ ਨਵੀਸ ਹਮਾ ਹਸੰਤਦ ਆਂਚਿ ਹਮੇ ਨਵੀ।

ਹੱਥ ਲਿਖਤ ਨੰ : MS 285
ਸ੍ਰੋਤ : ਪੂਰਨ ਸਿੰਘ ਹੁਨਰ
ਸਿਰਲੇਖ : **ਜ਼ਿੰਦਗੀਨਾਮਾ (ਫ਼ਾਰਸੀ)**
ਲੇਖਕ : ਨੰਦ ਲਾਲ ਭਾਈ ਨਕਲ ਮੁਫ਼ਤੀ ਸਲਾਮਤ ਅਲਹ ਦਿਹਲਵੀ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਵੀਹਵੀਂ ਸਦੀ
ਸਮਾਂ : ਸਤਾਹਰ੍ਹਵੀਂ-ਅਠਾਹਰ੍ਹਵੀਂ ਸਦੀ
ਸਥਾਨ : ਅੰਮ੍ਰਿਤਸਰ
ਪੱਤਰੇ : 16
ਚਿੱਤਰ : ਪਹਿਲਾ ਅੱਧਾ ਪੰਨਾ ਡਿਜ਼ਾਇਨ ਰੰਗਦਾਰ
ਆਕਾਰ : 23X14 ਸ.ਮ. ਲਿਖਤ : 18X10 ਸ.ਮ. ਨਸਤਾਲੀਕ
ਵੇਰਵਾ : ਕਾਗ਼ਜ਼ ਪੁਰਾਣਾ ਜ਼ਰਦ। ਦੋਹਰਾ ਹਾਸ਼ੀਆ। ਦੋ ਕਾਲਮ। ਲਿਖਤ ਭਾਗ ਪੰਨੇ ਵਿਚ ਲਾਈਨਾਂ ਅਤੇ ਹਾਸ਼ੀਆ ਨੀਲੇ, ਪੀਲੇ ਤੇ ਲਾਲ ਲਾਈਨਾਂ ਨਾਲ ਸੰਵਾਰਿਆ। ਪ੍ਰਤੀ ਪੰਨਾ 15 ਤੋਂ 16 ਲਾਈਨਾਂ।
ਆਮ ਵੇਰਵਾ : ਇਸ ਹਥ ਲਿਖਤ ਵਿਚ 53 ਗ਼ਜ਼ਲਾਂ ਅਤੇ 4 ਰੁਬਾਈਆਂ ਦਰਜ ਹਨ। ਨੰਦ ਲਾਲ ਭਾਈ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀਆਂ ਵਿਚੋਂ ਸਨ। ਗ਼ਜ਼ਲਾਂ ਦਾ ਵਿਸ਼ਾ ਪ੍ਰਭੂ ਪ੍ਰੇਮ ਹੈ- ਸ਼ਬਦਾਵਲੀ ਸੂਫ਼ੀਆਨਾ। ਇਸ ਦਾ ਮਿਤਨ - ਡਾ: ਗੰਡਾ ਸਿੰਘ ਦੀ ਸੰਪਾਦਿਤ ਪੁਸਤਕ **ਦੀਵਾਨੇ ਗੋਯਾ** ਵਿਚ ਸ਼ਾਮਿਲ ਕੀਤਾ ਹੋਇਆ ਹੈ। ਇਸ ਬਾਰੇ ਲਕਸ਼ਵੀਰ ਸਿੰਘ ਮੁਜ਼ਤਰ ਨੇ ਵੀ ਕਾਰਜ ਕੀਤਾ। ਉਸਦੇ ਸੰਪਾਦਿਤ ਨੰਦ ਲਾਲ ਦੇ ਦੀਵਾਨ ਨੂੰ ਖ਼ਾਲਸਾ ਸਮਾਚਾਰ ਪ੍ਰਕਾਸ਼ਨ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ। ਉਸ ਵਿਚ ਵੀ **ਜ਼ਿੰਦਗੀਨਾਮਾ** ਦੀ ਨਕਲ ਸ਼ਾਮਿਲ ਹੈ।
ਆਰੰਭ : ਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ ਵਗਰਨਾ ਜੌਕੇ ਚੁਨੀਂਨ ਆਮਦਨ ਨਬੂਦ ਮਰਾ।
ਅੰਤ : ਹਰ ਲਹਜ਼ਾ ਬ ਹਵਸੇ ਬਸੂਏ ਊ ਰਾਹ ਨ ਬੁਰਦ-ਈਨ ਰਾਹ ਤਅਲੁਕੇ ਮੰਜ਼ਲੇ ਮਰਦਾਂ ਅਸਤ

ਹੱਥ ਲਿਖਤ ਨੰ : MS 286
ਸ੍ਰੋਤ : ਪੂਰਨ ਸਿੰਘ ਹੁਨਰ
ਸਿਰਲੇਖ : **ਜਲਾਲੁਲ ਜ਼ਫ਼ਰ (ਫ਼ਾਰਸੀ)**
ਲੇਖਕ : ਮਿਸਰ ਰਾਮਦਾਸ ਕਾਬਲ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਬਿਕਰਮੀ 1927 (1870 ਈ.)
ਸਮਾਂ : ਉਨ੍ਹੀਵੀਂ ਸਦੀ ਈ.
ਸਥਾਨ : ਲਾਹੌਰ
ਪੱਤਰੇ : ਕ੍ਰਮਾਂਕ ਨਹੀਂ ਲਾਏ ਗਏ
ਚਿੱਤਰ : ਲਾਲ ਨਰਦਾਸ ਦੀ ਬਲੈਕ ਐਂਡ ਵਾਈਟ ਕੈਮਰਾ ਫੋਟੋ
ਆਕਾਰ : 16X27 ਸ.ਮ. ਲਿਖਤ : 16X27 ਸ.ਮ. ਨਸਤਾਲੀਕ
ਵੇਰਵਾ : ਪੁਸਤਕ ਨਸਤਾਲੀਕ ਰੂਪ ਵਿਚ ਫ਼ਾਰਸੀ ਖ਼ਤ ਵਰਤਿਆ ਹੈ ਹੈਡਿੰਗ ਲਾਲ ਰੰਗ ਅਤੇ ਮੂਲ ਰਚਨਾ ਸਿਆਹੀ ਵਿਚ ਲਿਖੀ ਗਈ ਹੈ ਪੰਦਰਾਂ ਤੋਂ ਸਤਾਰਾਂ ਸਤਰਾਂ ਪ੍ਰਤੀ ਸਫ਼ਾ। ਨੀਲਾ ਅਤੇ ਸੁਨਹਿਰੀ ਰੰਗ ਦਾ ਦੋਹਰਾ ਹਾਸ਼ੀਆ ਹਰ ਸਫ਼ੇ ਉਤੇ ਲਗਾਇਆ ਹੋਇਆ ਹੈ। ਕਾਤਬ ਨੇ ਵਾਰਤਕ ਲਈ ਸਿਧੇ ਵਾਕ ਤੇ ਕਾਵਿ ਢਾਲ ਤਲਵਾਰ ਵਿਧੀ ਨਾਲ ਨਕਲ ਕੀਤੀ ਹੈ।

ਆਮ ਵੇਰਵਾ : ਮਿਸਰ ਰਾਮਦਾਸ ਕਾਬਲ ਨਾਮੀ ਕਵੀ ਨੇ ਇਹ ਕਾਵਿ ਰਚਨਾ ਲਾਲਾ ਨਰ ਦਾਸ ਸਾਹਿਬ ਲਾਹੌਰ ਵਾਸੀ ਦੀ ਸਿਫ਼ਾਰਸ਼ ਉਤੇ ਲਿਖੀ। ਪੁਸਤਕ ਦੇ ਮੁਢ ਵਿਚ ਸ੍ਰੀ ਗਨੇਸ਼ ਨਮਹ ਟਾਈਟਲ ਦੇ ਅੰਤਰਗਤ ਭੂਮਿਕਾ ਹੈ ਪੁਸਤਕ ਦਾ ਵਿਸ਼ਾ ਦੇਵਾਂ ਤੇ ਦੈਤਾਂ ਦਾ ਸੰਗਰਾਮ ਵਰਣਨ ਕਰਨਾ ਹੈ ਸ੍ਰੀ ਦੁਰਗਾ ਲਛਮੀ ਦੀ ਸਿਫ਼ਤ ਵਿਚ ਮਦਹ ਵੀ ਕੀਤੀ ਗਈ ਹੈ। ਦੇਵ ਦੈਂਤ ਸੰਗਰਾਮ ਵਿਚ ਸੰਖਾਸੁਰ ਜੁਧ ਵਰਣਨ ਵੀ ਕੀਤਾ ਹੈ। ਫਿਰ ਦੇਵੀ ਜੋ ਜੇਤੂ ਦਿਖਾਈ ਗਈ ਹੈ। ਉਸਦੀ ਸਿਫ਼ਤ ਵਿਚ ਕਸੀਦੇ ਲਿਖੇ ਹਨ ਅਤੇ ਚੰਡੀ ਮਹਾਂਕਾਲੀ ਦੀ ਸਿਫ਼ਤ ਵਿਚ ਵਖਰੀ ਕਵਿਤਾ ਦਰਜ ਹੈ।

ਆਰੰਭ : ਬਿਆਰਾ ਏ ਕਲਮ ਬਰ ਸਮਨ ਮੁਸ਼ਕ ਸਾਰਾ। ਬਰ ਆਵਰ ਇਲਮ ਦਰ ਸੁਖਨ ਆਸ਼ਿਕਾਰਾ। ਬਮੈਦਾਨ ਮਦਹ ਮਲਾਇਕ ਮਤਾਫ਼ੀ ਹਜ਼ੂਲਾਂ ਦਰ ਆਵਰ ਸਮੰਦਰ ਨਯਾਰਾ।

ਅੰਤ : ਹਸਬ ਅਲਇਰਸ਼ਾਦ ਫ਼ੈਜ਼ ਇਕਤਬਾਸ ਲਾਲਾ ਨਰ ਦਾਸ ਸਾਹਿਬ ਦਾਰੁਲਸਲਤਨਤ ਲਾਹੌਰ ਹਿਰਸਹਾ ਅਨ ਅਲਆਫ਼ਾਕ ਵੇਲਯਾਤ ਸੰਮਤ ਬਿਕਰਮੀ 1927 ਤਹਿਰੀਰ ਯਾਫ਼ਤ-1870

ਹੱਥ ਲਿਖਤ ਨੰ : MS 291

ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ

ਸਿਰਲੇਖ : **ਮੁਰਾਸਲਾਤ ਵ ਕਾਗਜ਼ਾਤੇ ਏਜੰਟੀ (ਫ਼ਾਰਸੀ ਤੇ ਉਰਦੂ)**

ਲੇਖਕ : ਵੱਖ ਵੱਖ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ): ਉਨ੍ਹੀਵੀਂ- ਵੀਹਵੀਂ ਸਦੀ

ਸਮਾਂ : ਉਨ੍ਹੀਵੀਂ ਵੀਹਵੀਂ ਸਦੀ

ਸਥਾਨ : ਦਰਜ ਨਹੀਂ

ਪੱਤਰੇ : ਵਖ ਵਖ 355

ਚਿੱਤਰ : ਕੋਈ ਨਹੀਂ

ਆਕਾਰ : 15.5X10 ਸ.ਮ. ਲਿਖਤ : 13.5X6 ਸ.ਮ. ਸ਼ਿਕਸਤਾ

ਵੇਰਵਾ : ਪੂਰਾ ਮਿਤਨ ਸਿਆਹੀ ਨਾਲ ਕਲਮਬੱਧ ਕੀਤਾ ਹੈ। ਪ੍ਰਤੀ ਸਫ਼ਾ ਔਸਤਨ 10 ਲਾਈਨਾਂ ਬਾਕਾਇਦਾ ਚਿਠੀਆਂ ਤੇ ਪਰਵਾਨਿਆਂ ਦੇ ਰੂਪ ਵਿਚ। ਕਾਗ਼ਜ਼ ਜ਼ਰਦ ਪੁਰਾਣਾ।

ਆਮ ਵੇਰਵਾ : ਇਸ ਸੰਗ੍ਰਹਿ ਵਿਚ ਨਾਭਾ, ਪਟਿਆਲਾ, ਕੈਥਲ, ਜੀਂਦ, ਨਾਹਨ, ਫ਼ਤਹਿ ਪ੍ਰਕਾਸ਼ ਆਦਿ ਰਾਜਿਆਂ, ਅੰਗਰੇਜ਼ੀ ਏਜੰਟਾਂ ਅਤੇ ਵਕੀਲਾਂ ਦੇ ਚਿੱਠੀ ਪਤਰਾਂ ਦੀ ਨਕਲ ਕੀਤੀ ਗਈ ਹੈ। ਫ਼ਾਰਸੀ ਅਤੇ ਉਰਦੂ ਵਿਚ ਵੀ ਚਿਠੀਆਂ ਦੀ ਨਕਲ ਤਿਆਰ ਕੀਤੀ ਹੋਈ ਹੈ। ਵਖ ਵਖ ਮਿਤੀਆਂ ਨਾਲ ਵਖ ਵਖ ਰਾਜਾਂ ਦੇ ਰਾਜਿਆਂ ਦੀ ਹੋਈ ਗਲਬਾਤ ਸੰਨ ਸਨਦਾਂ, ਆਦਿ ਨਕਲ ਹਨ। ਕੁਝ ਉਰਦੂ ਤੇ ਕੁਝ ਚਿੱਠੀਆਂ ਫ਼ਾਰਸੀ ਭਾਸ਼ਾ ਵਿਚ ਹਨ। ਕਈ ਚਿੱਠੀਆਂ ਦੇ ਅਨੁਵਾਦ ਵੀ ਕੀਤੇ ਹੋਏ ਹਨ। ਅਹਿਦਨਾਮੇ ਵੀ ਪ੍ਰਾਪਤ ਹਨ। ਨਵੀਨਤਮ ਚਿਠੀ ਈਸਵੀ 1865 ਸਦੀ ਈ. ਦੀ ਨਕਲ ਹੈ। ਚਿਠੀਆਂ ਦਾ ਵਿਸ਼ਾ ਰਾਜਨੀਤਿਕ ਸੰਬੰਧ ਹਨ। ਲਿਖਤ ਉਲਟੀ ਤੇ ਸਿੱਧੀ, ਸਫ਼ੇ ਉਲਟੇ ਸਿਧੇ ਲਗੇ ਹੋਏ ਹਨ। ਇਤਿਹਾਸ ਦੇ ਖੋਜਕਾਰਾਂ ਲਈ ਲਾਭਕਾਰੀ ਪੁਸਤਕ ਹੈ।

ਆਰੰਭ : ਸਾਹਿਬੇ ਵਾਲਾ ਸਾਕਿਬ ਮਹਿਜ਼ ਮੇਹਰਬਾਨੀ ਜ਼ਿਕਰੇ ਮੁਕਰਮਾਏ

ਅੰਤ : ਅਬ ਤਕ ਤਸ਼ਰੀਫ ਲਾਈਏ ਉਨਕੋ ਜਲਦ ਆਨਾ ਚਾਹੀਏ।

ਹੱਥ ਲਿਖਤ ਨੰ : MS 421

ਸ੍ਰੋਤ : ਹਰਭਜਨ ਸਿੰਘ, ਹਰਚਰਨ ਸਿੰਘ ਅੰਮ੍ਰਿਤਸਰ

ਸਿਰਲੇਖ : **ਸੀਅਰੁਲ ਔਲੀਆ (ਫ਼ਾਰਸੀ) ਨਾ ਮੁੰਕਮਲ**

ਲੇਖਕ : ਅਗਿਆਤ ਲਿਪੀ ਕਰਤਾ ਦਰਜ ਨਹੀਂ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਤੇਹਰਵੀਂ ਸਦੀ ਹਿਜਰੀ ਨਕਲ ਅਠਾਹਰ੍ਹਵੀਂ ਸਦੀ
ਸਮਾਂ : 1229 ਹਿਜਰੀ/ ਪੰਜ ਰਮਜ਼ਾਨ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਰਹਿਤ ਪੂਰੇ ਪੱਤਰੇ ਕ੍ਰਮਾਂਕ ਸਹਿਤ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 27X17 ਸ.ਮ. ਲਿਖਤ : 21X11 ਸ.ਮ.
ਵੇਰਵਾ : ਦੋਹਰੇ ਕਾਲੇ ਹਾਸ਼ੀਏ ਵਿਚ ਲਾਲ ਰੰਗ ਨਾਲ ਦੋਹਰਾ ਹਾਸ਼ੀਆ। ਔਸਤਨ ਪੰਦਰਾਂ ਸਤਰਾਂ ਪ੍ਰਤੀ ਪੰਨਾ। ਫੁਟਨੋਟ ਤੇ ਨੋਟ ਹਾਸ਼ੀਏ ਤੋਂ ਬਾਹਰ। ਹੈਡਿੰਗ ਸਬ ਹੈਡਿੰਗ ਇਕਾ ਦੁੱਕਾ ਹਨ ਜੋ ਲਾਲ ਰੰਗ ਵਿਚ ਹਨ। ਮੂਲ ਮਿਤਨ ਵਿਚ ਸਿਆਹੀ ਵਰਤੀ। ਕਿਤੇ, ਫ਼ਰਦ, ਕਸੀਦਾ ਸਿਰਲੇਖ ਆਦਿ ਲਾਲ ਰੰਗ ਵਿਚ ਦਰਜ ਹਨ ਪੰਨਾ ਨੰਬਰ ਇਕ ਫਟਿਆ ਹੋਇਆ ਹੈ।
ਆਮ ਵੇਰਵਾ : ਪੁਸਤਕ ਦਾ ਵਿਸ਼ਾ ਸੂਫ਼ੀਵਾਦੀ ਵਿਚਾਰਧਾਰਾ ਦਾ ਵਰਣਨ ਹੈ। ਤਸਵੁਫ਼ ਦੇ ਅਧਿਅਨ ਲਈ ਲਾਸਾਨੀ ਪੁਸਤਕ ਹੈ। ਅਰਬੀ ਭਾਸ਼ਾ ਦੀਆਂ ਵੰਨਗੀਆਂ ਤੇ ਟੋਟਕੇ ਹਵਾਲੇ ਵਜੋਂ ਦਰਜ ਕਰਨ ਵਿਚ ਕਾਤਿਬ ਬਹੁਤ ਮਾਹਿਰ ਅਤੇ ਐਰਾਬ (ਲਗਾਮਾਤਰਾਂ) ਦੀ ਵਰਤੋਂ ਕਰਨ ਵਿਚ ਵੀ ਨਿਪੁੰਨ ਹੈ। ਬਾਬਾ ਫ਼ਰੀਦ ਤੇ ਹੋਰ ਸਾਮਿਅਕ ਸੂਫ਼ੀਆਂ ਦਾ ਮਹਤਵਪੂਰਨ ਬਿਆਨ ਮਿਲਦਾ ਹੈ। ਇਸ ਤੋਂ ਇਲਾਵਾ ਸੂਫ਼ੀ ਵਿਚਾਰਧਾਰਾ ਦੀ ਨੈਤਿਕਤਾ ਵਜਦ, ਸਮਾਅ, ਰਕਸ ਆਦਿ ਦੇ ਵਿਸ਼ੇ ਵੀ ਬਾਖ਼ੂਬੀ ਵਰਣਿਤ ਹਨ। ਤਸਵੁ਼ਫ ਦੇ ਵਿਸ਼ੇ ਦੇ ਨਾਲ ਨਾਲ ਇਹ ਪੋਥੀ ਗ਼ੁਲਾਮ ਸਲਤਨਤ ਦੇ ਸਾਮਿਅਕ ਹਾਕਮਾਂ ਬਾਰੇ ਜਿਵੇਂ ਮੁੰਹਮਦ ਤੁਗ਼ਲਕ, ਫ਼ੀਰੋਜ਼ਸ਼ਾਹ ਬਾਰੇ ਮਹਤੱਵਪੂਰਨ ਜਾਣਕਾਰੀ ਦੇਂਦੀ ਹੈ । ਇਹ ਗ੍ਰੰਥ ਜਿਤਨਾ ਦੁਰਲਭ ਹੈ ਉਤਨਾ ਹੀ ਇਤਿਹਾਸਕ ਸਰੋਤ ਵਜੋਂ ਮਹਤੱਵਪੂਰਨ ਹੈ। ਨਕਲ ਕਰਤਾ ਨੇ ਆਪਣਾ ਨਾਮ ਨਹੀਂ ਦਿਤਾ ਜਾਂ ਪਹਿਲੇ ਸਫ਼ੇ ਉਪਰ ਦਰਜ ਕੀਤਾ ਹੋਵੇਗਾ ਜੋ ਹਥਲੇ ਨੁਸਖ਼ੇ ਵਿਚੋਂ ਫਟਿਆ ਹੈ। ਇਹ ਨਕਲ ਮੈਟਕਾਫ਼ ਸਾਹਿਬ ਦੇ ਹੁਕਮ ਨਾਲ ਕਿਸੇ ਅਗਿਆਤ ਲਿਪੀਕਾਰ ਨੇ ਤਿਆਰ ਕੀਤੀ ਹੈ ਜੋ ਅਠਾਹਰ੍ਹਵੀਂ ਸਦੀ ਵਿਚ ਹੋਏ। ਇਸ ਹਥ ਲਿਖਤ ਦੀ ਇਕ ਨਕਲ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਪਾਸ ਸੁਰਖਿਅਤ ਹੈ। ਪ੍ਰੋ. ਸਾਹਿਬ ਨੇ ਇਸ ਵਿਚੋਂ ਚੋਣਵੇਂ ਭਾਗ ਅਨੁਵਾਦ ਕੀਤੇ ਹਨ ਜੋ "ਸਰੇਸ਼ਟ ਗੋਸ਼ਟਾਂ" ਦੇ ਨਾਮ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਪ੍ਰੈਸ ਵਲੋਂ ਪ੍ਰਕਾਸ਼ਿਤ ਹੋਏ।
ਆਰੰਭ : ਅਜ਼ੀਜ਼ਾਂ.: ਜ਼ਿ ਸ਼ੋਈ ਇਨ ਜਮਾਲ ਲਾਯੁਜ਼ਲਾ ਰਾਸਤ ਬਸ ਸ਼ੌਕ.: ਬਰਕਸ ਆਮਦ ਦਿਲਮ ਅਜ਼ ਸ਼ੌਕ ਹਾਲੀ। (ਅਰਬੀ ਟੂਕ)
ਅੰਤ : ਹਾਸਿਲ ਫ਼ਾਇਦਾਤਰਿਹੀਨ ਮੁਤਾਲਿਆ ਵਾ ਯੁਮਲਹ ਇਨ ਹਾਜ਼ਾ ਖ਼ਤਾ ਵ ਅਲਹਮਦ ਲਿੱਲਾਹਿ ਅਲਰਬਿ ਆਲਾਮੀਨ (ਅਰਬੀਟੂਕ)

ਹੱਥ ਲਿਖਤ ਨੰ : MS 422
ਸ੍ਰੋਤ : ਹਰਭਜਨ ਸਿੰਘ ਅੰਮ੍ਰਿਤਸਰ
ਸਿਰਲੇਖ : **ਦੀਵਾਨੇ ਅਤੱਾਰ (ਫ਼ਾਰਸੀ)**
ਲੇਖਕ : ਅਤਾਰ, ਫ਼ਰੀਦੁਦੀਨ /ਨਕਲ ਅਗਿਆਤ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਨਕਲ ਕਰਤਾ ਅਗਿਆਤ
ਸਮਾਂ : ਅੱਤਾਰ (1202 ਹਿਜਰੀ), ਪੰਦਰ੍ਹਵੀਂ ਸਦੀ
ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਰਹਿਤ
ਚਿੱਤਰ : ਕੋਈ ਨਹੀਂ
ਆਕਾਰ : 18X12.3 ਸ.ਮ. ਲਿਖਤ : 13X7.5 ਸ.ਮ. ਨਸਤਾਲੀਕ
ਵੇਰਵਾ : ਪੂਰਾ ਨੁਸਖ਼ਾ ਸਿਆਹੀ ਨਾਲ ਲਿਖਿਆ ਗਿਆ ਹੈ। ਹਰਫ਼ਾਂ ਦਾ ਆਕਾਰ ਕਿਤੇ ਕਿਤੇ ਵਡਾ ਛੋਟਾ ਹੈ। ਪ੍ਰਤੀ ਪੰਨਾ 8 ਤੋਂ ਗਿਆਰਾਂ ਸਤਰਾਂ ਤਕ ਹੈ। ਕੇਵਲ ਮੁਢਲੀ ਸੁਰਖ਼ੀ ਲਾਲ ਰੰਗ ਦੀ ਹੈ।
ਆਮ ਵੇਰਵਾ : ਹਮਦੋ ਸਨਾ ਤੋਂ ਸ਼ੁਰੂ ਇਸ ਹਥਲਿਖਤ ਵਿਚ ਅਲਫ਼ ਤੋਂ ਯੇ ਹਰਫ਼ ਤਕ ਰਦੀਫ਼ਵਾਰ ਗ਼ਜ਼ਲਾਂ ਦਰਜ ਹਨ। ਇਸਦਾ ਵਿਸ਼ਾ ਸੂਫ਼ੀ-ਰਹਸਵਾਦ ਹੈ ਹਥਲਿਖਤ ਦੇ ਮੁਢਲੇ ਸਫ਼ੇ ਉਪਰ ਮੁਹਰ ਸੰਨ 1181 ਹਿਜਰੀ ਮੁੰਹਮਦ ਆਲਮ ਦੇ ਨਾਮ ਦੀ ਲੱਗੀ ਹੋਈ ਹੈ। ਗ਼ਜ਼ਲਾਂ ਤੋਂ ਇਲਾਵਾ ਆਖ਼ਰੀ ਪੰਜ ਛੇ ਪੰਨਿਆਂ ਉਤੇ ਅੱਤਾਰ ਨੀਸ਼ਾਪੁਰੀ ਦੀਆਂ ਥੋੜ੍ਹੀਆਂ ਰੁਬਾਈਆਂ ਵੀ ਦਰਜ ਹਨ। ਫ਼ਾਰਸੀ ਸੂਫ਼ੀਕਾਵਿ ਦੇ ਅਧਿਅਨ ਲਈ ਇਹ ਹਥਲਿਖਤ ਅਤਿ ਮਹਤਵਪੂਰਨ ਹੈ।
ਆਰੰਭ : ਸੁਬਹਾਨ ਖ਼ਾਲਕੇ ਕਿ ਸਿਫ਼ਾਤਸ਼ ਜ਼ਿ ਕਿਬਰੀਆ ਬਰ ਖ਼ਾਕ ਇਜਜ਼ ਮੀ ਕੁਨਦ ਅਕਲ ਅੰਬੀਆ
ਅੰਤ : ਗਰ ਬਰ ਮੀਰੀ ਦਸਤੇ ਕਰਮ ਅਜ਼ ਸਰੇ ਮਨ ਹਰਗਿਜ਼ ਨ ਰਹਮ ਜ਼ਿ ਸਰਨੰਗੂਨ ਸਾਰੀਏ ਖ਼ਵੀਸ਼

ਹੱਥ ਲਿਖਤ ਨੰ : MS 423 /3
ਸ੍ਰੋਤ : ਦਰਜ ਨਹੀਂ
ਸਿਰਲੇਖ : **ਤਫ਼ਸੀਰਾਂ (ਪੰਜਾਬੀ-ਫ਼ਾਰਸੀ ਲਿਪੀ)**
ਲੇਖਕ : ਹਾਫ਼ਿਜ਼ ਬਰਖ਼ੁਰਦਾਰ ਰਾਂਝਾ ਨਕਲ ਮੁੰਹਮਦ ਸਦੀਕ ਵਲਦ ਮੁੰਹਮਦ ਸ਼ਰੀਫ਼
ਲਿਖਾਰੀ : ਦਰਜ ਨਹੀਂ
ਲਿਪੀ ਕਾਲ : ਦਰਜ ਨਹੀਂ (ਰਚਨਾ ਕਾਲ) ਅਠਾਰ੍ਹਵੀਂ-ਉਨ੍ਹੀਵੀਂ ਸਦੀ ਈ. 1267 ਹਿਜਰੀ
ਸਮਾਂ : ਅਠਾਹਰਵੀਂ ਸਦੀ ਪਿਛਲਾ ਭਾਗ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 24X15 ਸ.ਮ. ਲਿਖਤ : 15X9 ਸ.ਮ. ਨਸਤਾਲੀਕ ਤੇ ਕੂਫ਼ੀ
ਵੇਰਵਾ : ਮੁਖ ਮਿਤਨ ਸਿਆਹੀ ਨਾਲ ਲਿਖਿਆ ਹੈ ਅਤੇ ਨਸਤਾਲੀਕ ਲਿਪੀ ਰੂਪ ਵਿਚ ਦਰਜ ਹੈ ਹੈਡਿੰਗ ਤੇ ਸਬ ਹੈਡਿੰਗ ਲਾਲ ਰੰਗ ਵਿਚ ਦਰਜ ਹਨ। ਪ੍ਰਤੀ ਸਫ਼ਾ ਔਸਤਨ 13 ਸਤਰਾਂ ਲਿਖੀਆਂ ਹਨ।
ਆਮ ਵੇਰਵਾ : ਮੁਢ ਵਿਚ ਅਰਬੀ ਭਾਸ਼ਾ ਵਿਚ ਰਬ ਦੇ ਨਾਮ ਦਰਜ ਹਨ ਕਾਤਿਬ ਨੇ ਕੂਫ਼ੀ ਲਿਪੀ ਰੂਪ ਵਰਤਿਆ ਹੈ। ਇਬਨ ਅੱਬਾਸ ਦਾ ਸਿਫ਼ਤ ਕੀਤਾ ਕਿੱਸਾ ਸ਼ਾਹਮੁਖੀ ਵਿਚ ਨਕਲ ਹੈ। ਕੂਫ਼ੀ ਲਿਪੀ ਵਰਤੀ ਹੈ। ਫਿਰ ਕੁਰਾਨੀ ਆਇਤਾਂ ਦੀ ਪੰਜਾਬੀ ਵਿਚ ਤਫ਼ਸੀਰ ਲਿਖੀ ਹੈ। ਮਦਹ ਅਲਹ ਪੈਗ਼ੰਬਰ ਮੁੰਹਮਦ ਦੀ ਸਿਫ਼ਤ ਵਿਚ ਨਅਤ, ਨਮਾਜ਼, ਰੋਜ਼ੇ ਦੀ ਸਿਫ਼ਤ ਅਲਹਮਦ ਸ਼ਬਦ ਦਾ ਮਹਤੱਵ, ਸੂਰਇ ਫ਼ਾਤਹਿ ਤੇ ਤੌਹੀਦ ਬਾਰੀਤਆਲਾ, ਮਜ਼ਹਬ ਇਸਲਾਮ, ਰੂਹਾਂ, ਰੋਜ਼ੇ, ਮੀਸਾਕ, ਈਮਾਨ, ਆਦਿ ਦਾ ਵਰਣਨ ਕੀਤਾ ਹੈ। ਇਸਲਾਮ ਧਰਮ ਅਧਿਅਨ ਵਾਸਤੇ ਲਾਭਕਾਰੀ ਹਥਲਿਖਤ ਹੈ।
ਆਰੰਭ : ਬਿਸਮਿਲਾਹਿ ਅਲਰਹਮਾਨ ਅਲਰਹੀਮ ਅਲਾਹੁਮਾ ਸਲਿ ਅਲਹ ਵਸਲਿਮ ਅਲੈ ਮੁਹਮਦਿਨ, ਸਾਹਿਬੇ ਤਾਜ ਵ ਬੁਰਾਕ......
ਅੰਤ : ਨਕਲ ਸਨ ਅਨਵਾਅ ਮੁਰਸੀਲੀਨ ਕਿ ਤਸਨੀਫ਼ੇ ਹਾਫ਼ਿਜ਼ ਰਾਂਝਾ ਅਸਤ ਅਬਦ ਬਸ ਆਮਦ

ਹੱਥ ਲਿਖਤ ਨੰ : MS 424
ਸ੍ਰੋਤ : H.S, H.S
ਸਿਰਲੇਖ : **ਕਵਾਇਦ ਅਰਬੀ (ਅਰਬੀ)**
ਲੇਖਕ : ਗ਼ੁਲਾਮਦੀਨ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਦਰਜ ਨਹੀਂ ਤੇ ਤੇਹਰਵੀਂ ਸਦੀ ਹਿਜਰੀ
ਸਮਾਂ : 1278 ਹਿਜਰੀ
ਸਥਾਨ : ਦਰਜ ਨਹੀਂ
ਪੱਤਰੇ : 137
ਚਿੱਤਰ : ਕੋਈ ਨਹੀਂ
ਆਕਾਰ : 27X14.5 ਸ.ਮ. ਲਿਖਤ : 18.5X10 ਸ.ਮ. ਨਸਤਾਲੀਕ ਲਿਪੀ
ਵੇਰਵਾ : ਦੋਹਰਾ ਹਾਸ਼ੀਆ। ਬਾਹਰ ਵਾਰ ਨੀਲਾ ਅਤੇ ਅੰਦਰ ਨੀਲਾ ਤੇ ਲਾਲ ਹਾਸ਼ੀਆ ਦਿਤਾ ਹੈ। ਪ੍ਰਤੀ ਪੰਨਾ ਦਸ ਸਤਰਾਂ। ਮਿਤਨ ਸਿਆਹੀ ਨਾਲ ਅਤੇ ਹੈਡਿੰਗ, ਸਬ ਹੈਡਿੰਗ ਲਾਲ ਰੰਗ ਨਾਲ ਦਰਜ ਹਨ।
ਆਮ ਵੇਰਵਾ : ਇਹ ਕਾਇਦਾ ਕਿਸੇ ਮੌਲਵੀ ਦਾ ਲਿਖਿਆ ਹੈ ਜਿਸਨੇ ਥੋੜ੍ਹੀ ਫ਼ਾਰਸੀ ਜਾਨਣ ਵਾਲੇ ਵਿਅਕਤੀਆਂ ਤੇ ਵਿਦਿਆਰਥੀਆਂ ਨੂੰ ਅਰਬੀ ਸੀਗ਼ੇ (ਵਿਆਕਰਣ) ਸਮਝਾਉਣ ਦਾ ਯਤਨ ਕੀਤਾ ਹੈ। ਲੇਖਕ ਦਾ ਗਿਆਨ ਪਧਰ ਕੁਰਾਨੀ ਅਰਬੀ ਤਕ ਮਹਿਦੂਦ ਹੈ ਜੋ 12-13 ਸੌ ਸਾਲ ਪਹਿਲਾਂ ਅਰਬੀ ਬੋਲੀ ਤੇ ਲਿਖੀ ਜਾਂਦੀ ਸੀ। ਕੁਰਾਨੀ ਮਿਤਨ ਨੂੰ ਸਮਝਣ ਲਈ ਇਹ ਪੋਥੀ ਲਾਭਕਾਰੀ ਹੈ। ਵਿਆਕਰਣ ਪ੍ਰਣਾਲੀ ਨੂੰ ਵਖ ਵਖ ਅਧਿਆਇਆਂ ਸੂਰਤਾਂ ਵਿਚ ਵੰਡਿਆ ਹੈ। ਅਰਬੀ ਲਗਾਮਾਤਰਾਂ ਦੀ ਵਰਤੋਂ ਨਹੀਂ ਕੀਤੀ। ਇਸੇ ਹਥਲਿਖਤ ਦਾ ਦੂਜਾ ਭਾਗ ਸਫ਼ਾ 93 ਤੋਂ ਸ਼ੁਰੂ ਹੁੰਦਾ ਹੈ ਜੋ 137 ਤਕ ਮੁਕੰਮਲ ਹੁੰਦਾ ਹੈ।
ਆਰੰਭ : ਬਦਾਨ ਅਰਸ਼ਦੁਕਾ ਅਲਹ ਤਆਲੇ ਫ਼ੀ ਅਲਦਾਰੀਨ ਕਿ ਕਲਿਮਾਤੇ ਅਰਬ ਬਰ ਸੈ ਕਿਸਮ ਅਸਤ
ਅੰਤ : ਵਕਿਸ ਅਲਬਾਕੀ ਅਲੈਮਾ ਜ਼ਿਕਰਤੂ।

ਹੱਥ ਲਿਖਤ ਨੰ : MS 425
ਸ੍ਰੋਤ : H.S, H.S
ਸਿਰਲੇਖ : **ਫ਼ੈਜ਼ ਭੁਪਿੰਦਰ (ਉਰਦੂ)**
ਲੇਖਕ : ਰੂੜੇ ਲਾਲ ਅਜ਼ੀਜ਼ (ਅਨੁਵਾਦਕ)
ਲਿਖਾਰੀ :
ਲਿਪੀ ਕਾਲ : (ਰਚਨਾ ਕਾਲ) ਵੀਹਵੀਂ ਸਦੀ ਈ. ਨਸਤਾਲੀਕ ਤੇ ਸ਼ਿਕਸਤਾ ਮਿਸ਼ਰਿਤ
ਸਮਾਂ : 5-1-1924
ਸਥਾਨ : ਪਟਿਆਲਾ
ਪੱਤਰੇ : 338
ਚਿੱਤਰ : ਕੋਈ ਨਹੀਂ
ਆਕਾਰ : 32X25 ਸ.ਮ. ਲਿਖਤ : 24X19 ਸ.ਮ.
ਵੇਰਵਾ : ਅਨੁਵਾਦਕ ਰੂੜੇ ਲਾਲ ਅਜ਼ੀਜ਼ ਨੇ ਲਿਖਾਈ ਖ਼ੁਦ ਕੀਤੀ। ਸਿਆਹੀ ਨਾਲ ਸਾਰਾ ਮਿਤਨ ਲਿਖਿਆ ਹੈ। ਪ੍ਰਤੀ ਪੰਨਾ 18 ਲਾਈਨਾਂ ਲਿਖਤ ਰੂਪ ਕਈ ਥਾਂ ਨਸਤਾਲੀਕ ਤੇ ਸ਼ਿਕਸਤਾ ਵੀ ਵਰਤ ਲਿਆ ਹੈ। ਹਿਕਾਇਤ ਆਦਿ ਹੈਡਿੰਗ ਮੋਟੀ ਕਲਮ ਨਾਲ ਦਰਜ ਕੀਤੇ ਹੇਨ। ਕਾਗ਼ਜ਼ ਪੁਰਾਣਾ ਜ਼ਰਦ।

ਆਮ ਵੇਰਵਾ : ਇਸ ਪੁਸਤਕ ਦਾ ਮੂਲ *ਪੰਚਤੰਤਰ* ਸੰਸਕ੍ਰਿਤ ਬ੍ਰਾਹਮਣੀਕ ਗ੍ਰੰਥ ਹੈ ਜਿਸਦਾ ਅਨੁਵਾਦ ਫ਼ਾਰਸੀ ਵਿਚ ਰੂਦਕੀ ਨੇ ਦੂਜੀ ਸਦੀ ਹਿਜਰੀ ਵਿਚ ਬਨਾਮ **ਕੁਲੈਲਾ ਦਮਨਾ** ਕੀਤੀ ਉਪਰੰਤ ਇਸੇ ਪੁਸਤਕ ਦੀ ਸੋਧ ਤੇ ਵਾਧੇ ਨਾਲ **ਅਨਵਾਰ ਸਹੇਲੀ** ਦੇ ਨਾਮ ਫ਼ਾਰਸੀ ਵਿਚ ਅਨੁਵਾਦਿਤ ਹੋਈ। ਰੂੜੇ ਲਾਲ ਅਜ਼ੀਜ਼ ਨੇ ਉਰਦੂ ਵਿਚ ਅਨੁਵਾਦ ਕੀਤਾ ਅਤੇ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੂੰ ਭੇਟ ਕੀਤਾ ਹੈ। ਅਨੁਵਾਦਕ ਦੀ ਇੱਛਾ ਸੀ ਕਿ ਮਹਾਰਾਜਾ ਇਸ ਨੂੰ ਛਪਵਾ ਦੇਣ। ਰੂੜੇ ਲਾਲ ਨੇ ਇਸੇ ਪੋਥੀ ਦਾ ਦੂਜਾ ਭਾਗ ਵੀ ਅਨੁਵਾਦ ਕੀਤਾ ਸੀ। ਇਹ ਮੂਲ ਪੋਥੀ ਦਾ ਪਹਿਲਾ ਭਾਗ ਹੈ। ਵਿਸ਼ਾ ਬਾਦਸ਼ਾਹਾਂ ਦੀ ਨੈਤਿਕਤਾ ਬਾਰੇ ਹੈ। ਪੁਸਤਕ ਦੇ ਮੂਲ ਨੂੰ ਸਦੀਆਂ ਤਕ ਬਾਦਸ਼ਾਹੀ ਖ਼ਾਨਦਾਨਾਂ ਦੇ ਬਚਿਆਂ ਵਿਚ ਪੜ੍ਹਾਇਆ ਜਾਂਦਾ ਰਿਹਾ। ਇਸ ਵਿਚ ਜਾਨਵਰਾਂ ਨੂੰ ਕਿਰਦਾਰ ਤੇ ਮਾਨਵੀਂ ਜ਼ਿੰਦਗੀ ਦੇ ਭਾਗੀਦਾਰ ਬਨਾਕੇ ਬਹੁਤ ਦਿਲਚਸਪ ਵਿਧੀ ਨਾਲ ਬਾਦਸ਼ਾਹਾਂ ਦੇ ਫ਼ਰਜ਼ਾਂ ਜ਼ੁੰਮੇਵਾਰੀਆਂ ਬਾਰੇ ਸਬਕ ਦਿਤਾ ਗਿਆ ਹੈ।

ਆਰੰਭ : ਅਨਵਾਰ ਸਹੇਲੀ ਬਾਬ ਅਵੱਲ ਚੁਗ਼ਲਖੋਰ ਕੀ ਬਾਤ ਸੁਨਨੇ ਸੇ ਪਰਹੇਜ਼ ਕਰਨੇ ਕੇ ਬਿਆਨ ਸੇ। ਰਾਏ ਦਾਬਸ਼ਲੀਮ ਨੇ ਬਾਦਪਾਏ ਹਕੀਮ ਸੇ ਫ਼ੁਰਮਾਇਆ ਹੈ।

ਅੰਤ : ਪਰਮਾਤਮਾ ਕਾ ਸ਼ੁਕਰ ਹੈ ਕਿ ਬਤਾਰੀਖ਼ ਮਾਹ ਜਨਵਰੀ 1924 ਬਾਬ ਨਹਮ ਕਾ ਤਰਜਮਾ ਭੀ ਖ਼ਤਮ ਹੂਆ।

ਹੱਥ ਲਿਖਤ ਨੰ : MS 426

ਸ੍ਰੋਤ : ਹਰਚਰਨ ਸਿੰਘ ਅੰਮ੍ਰਿਤਸਰ

ਸਿਰਲੇਖ : **ਖ਼ਯਾਬਾਨੇ ਅਰਫ਼ਾਨ (ਫ਼ਾਰਸੀ)**

ਲੇਖਕ : ਸਈਦ ਮੁੰਹਮਦ ਹਸਨ ਬਿਲਗਰਾਮੀ

ਲਿਖਾਰੀ : ਰੂੜੇ ਲਾਲ ਸਾਬਕਾ ਸਕਤਰ ਮਿਊਨਿਸਿਪਲ ਕਮੇਟੀ, ਅੰਬਾਲਾ

ਲਿਪੀ ਕਾਲ : (ਰਚਨਾ ਕਾਲ) ਵੀਹਵੀਂ ਸਦੀ ਪਹਿਲਾ ਅੱਧ

ਸਮਾਂ : ਫਰਵਰੀ 23, 1925 ਸ਼ੁਰੂ, 3 ਮਾਰਚ, 1925 ਮੁੰਕਮਲ ( 2013 ਬਿ.)

ਸਥਾਨ : ਅੰਬਾਲਾ ਸ਼ਹਿਰ

ਪੱਤਰੇ : 108 ਪੰਨੇ (54)

ਚਿੱਤਰ : ਕਲਮੀ ਚਿਤਰ ਕੇਵਲ ਖ਼ੁਸ਼ਖ਼ਤ ਹਨ

ਆਕਾਰ : ਰਜਿਸਟਰ ਲਿਖਤ : ਨਸਾਖ਼

ਵੇਰਵਾ : ਰੂੜੇ ਲਾਲ ਸਕਤਰ ਨੂੰ ਇਹ ਰਚਨਾ ਮੀਰ ਗ਼ੁਲਾਮ ਭੀਕ ਸਾਹਿਬ ਨੈਰੰਗ ਤੋਂ ਪ੍ਰਾਪਤ ਹੋਈ। ਇਸ ਦੀ ਛਪਾਈ ਦਾਰੁਲ ਤਬਾਅਤ ਉਸਮਾਨੀਆ ਸਰਕਾਰ ਹੈਦਰਾਬਾਦ ਦਖਣ ਵਲੋਂ ਕਰਵਾਈ ਗਈ ਜੋ ਹੈਦਰਾਬਾਦ ਨਜ਼ਾਮ ਦੀ ਪ੍ਰਕਾਸ਼ਨ ਸੀ।

ਆਮ ਵੇਰਵਾ : ਸ਼ੁਰੂ: ਨਵੀਸੰਦਾ ਰਾ ਨੀਸਤ ਫ਼ਰਦਾ ਉਮੀਦ॥ ਨਵਿਸਤਹ ਬਮਾਨਦ ਸਯਾਹ ਬਰ ਸੁਪੀਦ॥ ਆਖ਼ਰੀ ਬੈਤ: ਅਜ਼ ਬੰਦਾਏ ਨਾਤਵਾਨ ਚਿਆਯਦ ਕੋ ਕਫ਼॥ ਰਾਜ਼ੀ ਬਾ ਰਜ਼ਾਏ ਨਾਕਮੀ ਬਾਯਦ ਬਵਦ॥ ਲੇਖਕ ਨੇ ਰਚਨਾ ਨੂੰ 14 ਤਬਕਾਂ ਅਥਵਾ ਅਧਿਆਇਆਂ ਵਿਚ ਵੰਡਿਆ ਹੈ। ਵਿਸ਼ਾ ਫ਼ਲਸਫ਼ਾ, ਰਹਸਵਾਦ ਅਤੇ ਨੈਤਿਕਤਾ ਦਾ ਨਿਭਾਇਆ ਹੈ। ਤੌਹੀਦੇ ਮਾਅਰਫ਼ਤ, ਮਿਹਨਤ ਮੁਸ਼ਕਤ ਸ਼ਰਫ਼ ਇਨਸਾਨ ਅਤੇ ਆਫ਼ਰੀਨਸ਼, ਖ਼ੁਦਸ਼ਨਾਸੀ, ਇਸ਼ਕੇ ਹਕੀਕੀ, ਸੁਖ਼ਨ, ਖ਼ਾਮੋਸ਼ੀ, ਆਰਜ਼ੂ, ਅਮਲ, ਤਰਕ, ਹਵਾ, ਹਵਸ (ਇਛਾਵਾਂ ਲਾਲਚ) ਤਾਇਤ, ਵਰਅ (ਤਾਬੇਦਾਰੀ, ਬੰਦਗੀ) ਰਬੀ ਕਿਰਪਾ ਤੇ ਆਨੰਦ (ਲੁਤਫ਼ੋ ਕਰਮ) ਜਵਾਨੀ ਬੁਢਾਪਾ, ਆਖ਼ਰਤ (ਮ੍ਰਿਤੂ) ਅਤੇ ਰਬੀ ਰਹਿਮਤ ਅਧਿਆਇ ਵਖ ਵਖ ਸਿਰਲੇਖਾਂ ਹੇਠ ਬਣਾਏ ਗਏ ਹਨ। ਪੁਸਤਕ ਦੇ ਮੁਢ ਵਿਚ ਹੀ ਲੇਖਕ ਨੇ ਕਰਮਵਾਰ ਲਗਪਗ ਚਾਰ ਸੌ ਇਸਲਾਮੀ ਸੂਫ਼ੀਆਂ ਦੇ ਨਾਮ ਗਿਣਾਏ ਹਨ। ਜਿਹਨਾਂ ਵਿਚ ਅਰਬ ਦੇ ਸੂਫ਼ੀ, ਈਰਾਨੀ ਸੂਫ਼ੀ ਬਾਬਾ ਅਫ਼ਜ਼ਲ ਕੋਹੀ

ਤੋਂ ਸ਼ੁਰੂ ਕੀਤੇ ਹਨ। ਸੂਫ਼ੀਆਂ ਦੀ ਇਸ ਨਾਮ ਸੂਚੀ ਨੂੰ ਲੇਖਕ ਨੇ Alphabetically (ਕ੍ਰਮਵਾਰ) ਦਰਜ ਕੀਤਾ ਹੈ। ਅਰਬੀ ਈਰਾਨੀ ਸੂਫ਼ੀਆਂ ਤੋਂ ਇਲਾਵਾ ਕਸ਼ਮੀਰੀ (ਕੋਕਬ), ਖ਼ੁਰਾਸਾਨੀ, ਕਾਦਰੀ ਹਿੰਦੁਸਤਾਨੀ ਲਖਨਵੀ, ਦੇ ਨਾਮ ਵੀ ਅੰਕਿਤ ਕੀਤੇ ਹਨ। ਭਾਰਤੀ ਚਿੰਤਕਾਂ ਵਿਚੋਂ ਵਾਕਿਫ਼ ਦਿਹਲਵੀ, ਮੋਮਿਨ ਅਤੇ ਮਜਜ਼ੂਬ ਦੇ ਨਾਮ ਗਿਣਵਾਏ ਹਨ।

ਉਕਤ ਚਿੰਤਕਾਂ ਦੀਆਂ ਰਚੀਆਂ ਰੁਬਾਈਆਂ ਨੂੰ ਇਸ ਹਥਲਿਖਤ ਵਿਚ ਨਕਲ ਕੀਤਾ ਗਿਆ ਹੈ। ਲੇਖਕ ਨੇ ਰੁਬਾਈਆਂ ਦੀ ਵਿਸ਼ੇਵਾਰ ਵਰਗਵੰਡ ਕਰਕੇ ਇਕਲੇ ਇਕਲੇ ਚਿੰਤਕ ਦੇ ਨਾਮ ਨਾਲ ਦਰਜ ਕਰ ਦਿਤੀਆਂ ਹਨ।

ਹਰ ਸਫ਼ੇ ਉਪਰ ਕਾਤਬ ਨੇ ਪਾਠਕਾਂ ਨੂੰ ਚੇਤਾਵਨੀ ਦਿਤੀ ਹੈ ਕਿ ਇਸ ਹਥਲਿਖਤ ਨੂੰ ਗਿਲੇ ਹਥ ਨਾ ਲਾਏ ਜਾਣ। ਕਲਮਬੰਦੀ ਵਾਸਤੇ ਤਿੰਨ ਰੰਗ ਨੀਲਾ, ਲਾਲ ਅਤੇ ਬਲਿਊ ਬਲੈਕ ਦੀ ਵਰਤੋਂ ਕੀਤੀ ਹੈ। ਪੱਤਰਿਆਂ ਦੇ ਦੁਪਾਸੀਂ ਹਾਸ਼ੀਏ ਵਿਚ ਰੁਬਾਈਆਂ ਦਾ ਵਿਸ਼ਾ ਅਤੇ ਲੇਖਕ ਦਾ ਨਾਮ ਦਰਜ ਹੈ। ਇਸ ਪ੍ਰਕਾਰ ਇਹ ਪੁਸਤਕ 501 ਰਹੱਸਵਾਦੀ ਰੁਬਾਈਆਂ ਦਾ ਸੰਗ੍ਰਹਿ ਹੈ ਜੋ ਸਈਦ ਮੁੰਹਮਦ ਹਸਨ ਬਿਲਗਰਾਮੀ ਨੇ ਸੰਗ੍ਰਹਿਤ ਕੀਤੀਆਂ ਅਤੇ ਰੂੜੇ ਲਾਲ ਨੇ ਕਲਮਬੰਦ ਕੀਤੀਆਂ।

ਆਰੰਭ : ਐ ਜ਼ਾਤੇ ਤੋ ਸਰੇ ਦਫ਼ਤਰੇ ਅਸਗ਼ਰੇ ਵਜੂਦ ਨਕਸ਼ੇ ਰਹਮਤ ਬਰ ਦਰੋ ਦੀਵਾਰੇ ਵਜੂਦ

ਅੰਤ : ਰਾਜ਼ੀ ਬਾ ਰਜ਼ਾਏ ਹਾ ਮੀ ਬਾਇਦ ਬੂਦ॥

ਹੱਥ ਲਿਖਤ ਨੰ : MS 427

ਸ੍ਰੋਤ : H.S, H.S

ਸਿਰਲੇਖ : **ਕੁਲੈਲਾ ਵਾ ਦਮਨਾ (ਫ਼ਾਰਸੀ)**

ਲੇਖਕ : ਰੂਦਕੀ ਸਮਰਕੰਦੀ

ਲਿਖਾਰੀ : ਅਗਿਆਤ

ਲਿਪੀ ਕਾਲ : (ਰਚਨਾ ਕਾਲ) ਦਰਜ ਨਹੀਂ

ਸਮਾਂ : ਤੀਸਰੀ ਸਦੀ ਹਿਜਰੀ

ਸਥਾਨ : ਦਰਜ ਨਹੀਂ

ਪੱਤਰੇ : 320

ਚਿੱਤਰ : ਕੋਈ ਨਹੀਂ

ਆਕਾਰ : 27X15 ਸ.ਮ. ਲਿਖਤ : 19.5X10 ਸ.ਮ. ਨਸਤਾਲੀਕ

ਵੇਰਵਾ : ਦੋਹਰਾ ਹਾਸ਼ੀਆ। ਬਾਹਰੀ ਹਾਸ਼ੀਆ ਨੀਲਾ ਦਰੂਨੀ ਦੋਹਰੀ ਲਕੀਰ ਦਾ ਦੋਹਰਾ ਹਾਸ਼ੀਆ। ਹੈਡਿੰਗ ਸਬ ਹੈਡਿੰਗ ਲਾਲ ਰੰਗ ਨਾਲ ਅਤੇ ਮੂਲ ਮਿਤਨ ਸਿਆਹੀ ਨਾਲ ਲਿਖਿਆ। ਪ੍ਰਤੀ ਪੰਨਾ ਔਸਤਨ 15 ਲਾਈਨਾਂ। ਨਸਰ ਰੂਪ ਰਚਨਾ।

ਆਮ ਵੇਰਵਾ : ਇਹ ਪੁਸਤਕ ਸੰਸਕ੍ਰਿਤ *ਪੰਚਤੰਤਰ* ਦਾ ਅਨੁਵਾਦ ਹੈ। ਜੋ ਰੂਦਕੀ ਨੇ ਕੀਤਾ ਹੈ। ਪਿਛਲੇ ਸਫ਼ੇ ਨਾ ਹੋਣ ਕਾਰਨ ਕਾਤਬ ਦਾ ਪਤਾ ਨਹੀਂ ਲਗਿਆ। ਪੁਸਤਕ ਦਾ ਵਿਸ਼ਾ ਨੈਤਿਕਤਾ ਹੈ। ਕਵਿਤਾ ਤੇ ਵਾਰਤਕ ਦੋਨੋਂ ਸਾਹਿਤ ਰੂਪ ਵਰਤੇ ਗਏ ਹਨ। ਅੰਦਰੂਨੀ ਪ੍ਰਮਾਣ ਸਪਸ਼ਟ ਕਰਦੇ ਹਨ ਕਿ ਉਤਾਰੇ ਤੋਂ ਬਾਅਦ ਮੂਲ ਨਾਲ ਮੇਲਾਨ ਕੀਤਾ ਗਿਆ ਹੈ। ਉਤਾਰੇ ਵਿਚ ਰਹੇ ਸ਼ਬਦ ਹਾਸ਼ੀਏ ਵਿਚ ਪਿਛੋਂ ਲਿਖ ਦਿਤੇ ਗਏ ਹਨ। ਚਰਿੰਦੇ ਪਰਿੰਦੇ ਤੇ ਜਾਨਵਰ ਇਸਦੇ ਪਾਤਰ ਹਨ ਉਹਨਾਂ ਦੀ ਜ਼ਬਾਨੀ ਕਥਾਨਕ ਬਿਆਨ ਕਰਦੇ ਹੋਏ ਨੈਤਿਕ ਕਦਰਾਂ ਕੀਮਤਾਂ ਦਾ ਸਬਕ ਦਿਤਾ ਗਿਆ ਹੈ। ਦੋਸਤਾਂ ਦੀ ਵਫ਼ਾਦਾਰੀ ਦਾ ਲਾਭ, ਨਫ਼ੇ, ਨੁਕਸਾਨ ਬਾਰੇ, ਬਾਦਸ਼ਾਹਾਂ ਪਰਹੇਜ਼ ਆਦਿ ਤੋਂ ਲੇਖਕ ਨੇ ਕਬੂਲ ਕੀਤਾ ਹੈ ਕਿ ਇਹ ਪੁਸਤਕ **ਕੁਲੈਲਾਂ ਦਮਨਾ** ਹਿੰਦੁਸਤਾਨੀ ਮੂਲ ਲਿਖਤ ਦਾ ਅਨੁਵਾਦ ਹੈ। ਇਹੋ ਪੁਸਤਕ **ਅਨਵਾਰ ਸਹੇਲੀ** ਦੇ ਰੂਪ ਵਿਚ ਪਿਛੋਂ ਲਿਖੀ ਗਈ।

ਆਰੰਭ : ਸਪਾਸੇ ਅਜ਼ਲ ਵਾ ਅਬਦ ਖੁਦਾਵੰਦੀ ਰਾ ਸਜ਼ਦ ਕਿ ਕਿਰਾਨ ਨਾ ਕਿਰਾਨ ਅਜ਼ ਆਸ਼ਕਾਰਾ...
ਅੰਤ : ਵ ਜਹਾਨ ਗੁਸ਼ਾਈ ਸ਼ਵਦ ਅਮਾ ਊਰਾ ਖ਼ਤਰਹਾਏ ਬਜ਼ੁਰਗ ਪੇਸ਼ ਆਮਦ। ਮਲਕ ਅਜ਼ਈ।

ਹੱਥ ਲਿਖਤ ਨੰ : MS 428
ਸ੍ਰੋਤ : H.S, H.S
ਸਿਰਲੇਖ : **ਦੀਵਾਨੇ ਖ਼ਾਕਾਨੀ (ਫ਼ਾਰਸੀ) ਨਾਮੁੰਕਮਲ**
ਲੇਖਕ : ਖ਼ਾਕਾਨੀ ਸ਼ਰਵਾਨੀ ਨਾਕਲ ਦਾ ਨਾਮ ਦਰਜ ਨਹੀਂ.
ਲਿਪੀ ਕਾਲ : (ਰਚਨਾ ਕਾਲ) ਅਗਿਆਤ
ਸਮਾਂ : ਛੇਵੀਂ ਸਦੀ ਹਿਜਰੀ 12ਵੀਂ ਸਦੀ ਈ.
ਸਥਾਨ : ਸ਼ਰਵਾਨ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 30X19 ਸ.ਮ. ਲਿਖਤ : 22X9 ਸ.ਮ. ਨਸਤਾਲੀਕ
ਵੇਰਵਾ : ਕਾਗ਼ਜ਼ ਜ਼ਰਦ ਕਿਰਮ ਖ਼ੁਰਦਾ, ਬਾਹਰੀ ਹਾਸ਼ੀਆ ਨੀਲਾ, ਫਿਰ ਅੰਦਰ ਦੋ ਕਾਲਮ, ਡਬੇ ਲਾਲ ਰੰਗ ਨਾਲ। ਪ੍ਰਤੀ ਸਫ਼ਾ ਪ੍ਰਤੀ ਕਾਲਮ ਔਸਤਨ 22 ਤੋਂ 23 ਲਾਈਨਾਂ
ਆਮ ਵੇਰਵਾ : ਇਸ ਵਿਚ ਖ਼ਾਕਾਨੀ ਦੇ ਕਸੀਦੇ ਦਰਜ ਹਨ ਪਰ ਰਦੀਫ਼ਵਾਰ ਨਹੀਂ। ਕਸੀਦਿਆਂ ਦੇ ਵਿਚ ਹੀ ਉਸਦੀਆਂ ਰੁਬਾਈਆਂ ਜੋ ਗਿਣਤੀ ਵਿਚ ਥੋੜ੍ਹੀਆਂ ਹਨ ਦਰਜ ਹਨ। ਛੇਵੀਂ ਸਦੀ ਈਸਵੀ ਦੀਆਂ ਘਟਨਾਵਾਂ ਤੇ ਰੁਮਾਂਟਿਕ ਵਿਸ਼ਿਆਂ ਦੀ ਅਕਾਸੀ ਇਹ ਕਸੀਦੇ ਕਰਦੇ ਹਨ।
ਆਰੰਭ : ਚੁ ਤੋਤੀ ਕਿ ਆਈਨਾਏ ਪੰਦ ਸ਼ਨਾਸ ਖ਼ੁਦ ਨ ਉਫ਼ਤਦ ਰਾ ਜ਼ਿਖ਼ੁਦ ਦਰ ਖ਼ੁਦ ਸ਼ਵਦ ਹੈਰਾਨ ਕੁਨਦ ਮਜ਼ਾਏ ਨਗ਼ਜ਼ ਰਾ।
ਅੰਤ : ਤੁਰਾ ਯੱਕ ਜ਼ਖ਼ਮ ਪੈਕਾਨਸ਼ ਜ਼ਿ ਬੰਦੀਏ ਜਾਨ ਬਰੂਨ ਆਰਦ। ਬੂਸਦ ਜ਼ਿਸਮ ਇਸਤਫ਼ਆਲ ਈਨ ਯਕ ਜ਼ਖ਼ਮ ਚੌਕਾਂ ਸੌ।

ਹੱਥ ਲਿਖਤ ਨੰ : MS 429
ਸ੍ਰੋਤ : H.S, H.S
ਸਿਰਲੇਖ : **ਮਜਮੂਆਏ ਨੁਸਖ਼ਾਜਾਤ (ਫ਼ਾਰਸੀ)**
ਲੇਖਕ : ਹਕੀਮ ਸੁੰਦਰ ਦਾਸ
ਲਿਖਾਰੀ :
ਲਿਪੀ ਕਾਲ : (ਰਚਨਾ ਕਾਲ) ਦਰਜ ਨਹੀਂ
ਸਮਾਂ : ਦਰਜ ਨਹੀਂ
ਸਥਾਨ : ਅੰਮ੍ਰਿਤਸਰ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 25X16.5 ਸ.ਮ. ਲਿਖਤ: 21X10 ਸ.ਮ. ਨਸਤਾਲੀਕ ਤੇ ਕੂਫ਼ੀ ਮਿਸ਼ਰਿਤ
ਵੇਰਵਾ : ਪੂਰਾ ਮਿਤਨ ਸਿਆਹੀ ਨਾਲ ਨਕਲ ਹੈ। ਪ੍ਰਤੀ ਪੰਨਾ ਔਸਤਨ 17 ਤੋਂ 18 ਸਤਰਾਂ। ਮੁਢਲੇ ਕੁਝ ਪੰਨਿਆਂ ਵਿਚ ਸਿਰਲੇਖ ਤੇ ਸੁਰਖ਼ੀਆਂ ਲਈ ਸੁਰਖ਼ ਰੰਗ ਵਰਤਿਆ ਗਿਆ ਹੈ।

ਆਮ ਵੇਰਵਾ : ਇਸ ਪੁਸਤਕ ਵਿਚ ਵਖ ਵਖ ਬੀਮਾਰੀਆਂ ਉਹਨਾਂ ਦੀ ਪਛਾਣ ਅਤੇ ਇਲਾਜ ਦਸੇ ਗਏ ਹਨ। ਪੁਸਤਕ ਦਾ ਵਿਸ਼ਾ ਹਿਕਮਤ ਹੈ।

ਆਰੰਭ : ਬਿਸਮਿਲਾਹਿ ਅਲਰਹਿਮਾਨ ਅਲਰਹੀਮ ਅੰਦਰ ਇਮਰਾਜ਼ੇ ਕਬਦ ਵ ਈਨ ਬਾਬ ਮੁਸਤਮਲ ਅਸਤ ਬਰ ਹਯਦਾ ਫ਼ਸਲ

ਅੰਤ : ਦਰ ਫ਼ਸਲੇ ਦੀਵਾਨਗੀ ਮਾ ਫ਼ਾਰਸੀ ਦਰ ਕੰਦੀ ਹਸ਼ਮ ਦਰ ਸ਼ੁਦਾ ਵਗ਼ੈਰਾ ਫ਼ਸਲੂਨ

ਹੱਥ ਲਿਖਤ ਨੰ : MS 430

ਸ੍ਰੋਤ : H.S, H.S

ਸਿਰਲੇਖ : **ਤਸ਼ਰੀਹ ਸਲੋਕ ਭਾਗਵਤ ਗੀਤਾ (ਹਿੰਦੀ-ਫ਼ਾਰਸੀ)**

ਲੇਖਕ : ਰਾਮਦਾਸ ਵਲਦ ਗੌਹਰਮੱਲ

ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ ਦਾ ਦੂਜਾ ਅੱਧ

ਸਮਾਂ : 1862 ਈ.

ਸਥਾਨ : ਬਨੂੰ ਕੋਹਾਟ

ਪੱਤਰੇ : 118

ਚਿੱਤਰ : ਕੋਈ ਨਹੀਂ

ਆਕਾਰ : 25X17 ਸ.ਮ. ਲਿਖਤ : 21X12 ਸ.ਮ. ਨਸਤਾਲੀਕ

ਵੇਰਵਾ : ਸਾਰਾ ਮਿਤਨ ਸਿਆਹੀ ਨਾਲ ਲਿਖਿਆ ਗਿਆ ਹੈ। ਪ੍ਰਤੀ ਪੰਨਾ ਔਸਤਨ 12-13 ਸਤਰਾਂ ਨਕਲ ਹਨ। ਸਤਰ ਦੇ ਕੇਂਦਰ ਵਿਚ ਸਲੋਕ ਦਾ ਨੰਬਰ ਹੈ। ਕਾਗ਼ਜ਼ ਜ਼ਰਦ ਕਿਰਮ ਖ਼ੁਰਦਾ।

ਆਮ ਵੇਰਵਾ : ਇਸ ਹਥ ਲਿਖਤ ਵਿਚ **ਭਾਗਵਤ ਗੀਤਾ** ਦੇ ਚੋਣਵੇਂ ਸਲੋਕਾਂ ਦੇ ਅਰਥ ਕੀਤੇ ਗਏ ਹਨ। ਪਰ ਸਲੋਕਾਂ ਦੇ ਅਧਿਆਇ ਦਰਜ ਨਹੀਂ। ਸੰਭਵ ਹੈ ਆਪਣੇ ਸਮੇਂ ਦੌਰਾਨ ਪ੍ਰਚਲਿਤ ਸਲੋਕਾਂ ਨੂੰ ਕਾਤਿਬ ਨੇ ਕਲਮਬੰਦ ਕਰ ਦਿਤਾ ਹੋਵੇ।

ਆਰੰਭ : ਅਰਥ ਸਲੋਕ ਕੇ-ਆਰੰਭ ਜੋ ਰੂਹ ਸਲੋਕ............

ਅੰਤ : ਕਸਬਾ ਬੰਨੂੰ ਬਤਾਰੀਖ਼ ਮਾਹ ਜੇਠ 1919 ਮੁਤਾਬਿਕ 14 ਮਈ 1862

ਹੱਥ ਲਿਖਤ ਨੰ : MS 431

ਸ੍ਰੋਤ : ਹਰਭਜਨ ਸਿੰਘ, ਹਰਚਰਨ ਸਿੰਘ

ਸਿਰਲੇਖ : **ਦੀਵਾਨ ਸ਼ੇਖ਼ ਸਾਅਦੀ (ਫ਼ਾਰਸੀ)**

ਲੇਖਕ : ਸ਼ੇਖ਼ ਮਸਲਿਹੁ ਦੀਨ ਸਾਅਦੀ ਸ਼ੀਰਾਜ਼ੀ। ਨਕਲ ਦਿਲਸੁਖ਼ਰਾਏ

ਲਿਪੀ ਕਾਲ : (ਰਚਨਾ ਕਾਲ) ਅਗਿਆਤ

ਸਮਾਂ : ਤੇਹਰਵੀਂ ਸਦੀ ਹਿਜਰੀ

ਸਥਾਨ : ਦਰਜ ਨਹੀਂ

ਪੱਤਰੇ : 330- ਅ

ਚਿੱਤਰ : ਕੋਈ ਨਹੀਂ

ਆਕਾਰ : 24X20 ਸ.ਮ. ਲਿਖਤ : 15.5X7.5 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਪੁਰਾਣਾ ਜ਼ਰਦ- ਡਬੀਆਂ ਦੋਹਰੀ ਲਾਈਨ ਦੀਆਂ ਲਗਾਕੇ ਲਿਖਿਆ ਕਾਗ਼ਜ਼ ਕਿਰਮ ਖ਼ੁਰਦਾ- ਲੈਮੀਨੇਟਡ ਸਫ਼ੇ ਸੁਰਖ ਰੰਗ ਹਾਸ਼ੀਏ। ਪ੍ਰਤੀ ਪੰਨਾ ਸਤਰਾਂ 10 ਤੋਂ 13 ਤਕ ਪੁਸਤਕ ਦੇ

ਮੁਢਲੇ ਪੰਨੇ ਉਪਰਲੇ ਭਾਗ ਵਿਚ ਸੁਨਹਿਰੀ ਨੀਲੀ ਤੇ ਲਾਲ ਰੰਗ ਵਿਚ ਡਬੀ ਦੋ ਕਾਲਮਾਂ ਛਪਿਆ ਮੈਟਰ ਨਕਲ।

ਆਮ ਵੇਰਵਾ : ਸ਼ੇਖ ਮਸਲਿਹੁਦੀਨ ਸਾਅਦੀ ਸੀਰਾਜ਼ੀ ਸਤਵੀਂ ਸਦੀ ਹਿਜਰੀ ਗ਼ਜ਼ਲਾਂ ਅਲਫ਼ ਤੋਂ ਯੇ ਤਕ ਰਦੀਫ਼ਵਾਰ ਨਕਲ ਹਨ। ਗ਼ਜ਼ਲ ਦੇ ਅਖ਼ੀਰੀ ਬੰਦ ਨੂੰ ਨੱਕਾਲ ਨੇ ਤਕਨੀਕ ਨਾਲ ਹਾਸ਼ੀਏ ਤੋਂ ਬਾਹਰ ਵੀ ਲਿਖਿਆ ਹੈ। ਰਦੀਫ਼ ਵਿਚ ਛੁਟ ਗਈਆਂ ਇਕਾ ਦੁੱਕਾ ਗ਼ਜ਼ਲਾਂ ਜਾਂ ਛੁਟ ਗਏ ਬੰਦਾਂ ਨੂੰ ਹਾਸ਼ੀਏ ਤੋਂ ਬਾਹਰ ਨਕਲ ਕਰ ਦਿਤਾ ਹੈ। ਕਈ ਥਾਵਾਂ ਨੂੰ ਮੁਸ਼ਕਲ ਹਰਫ਼ਾਂ ਅਤੇ ਮਾਅਨਿਆਂ ਦੀ ਹਾਸ਼ੀਏ ਵਿਚ ਵਿਆਖਿਆ ਕਰ ਦਿਤੀ ਹੈ ਗ਼ਜ਼ਲਾਂ ਤੋਂ ਇਲਾਵਾ ਇਸ ਸੰਗ੍ਰਹਿ ਵਿਚ ਸਾਅਦੀ ਸ਼ੀਰਾਜ਼ੀ ਦੀਆਂ ਰੁਬਾਈਆਂ-ਅਲਲਮੁਆਤ ਨਕਲ ਕੀਤੇ ਗਏ ਹਨ। ਨਕਲ ਦੀ ਪੋਥੀ ਕਿਸੇ ਪੁਰਾਣੇ ਹਕੀਮ ਤੋਂ ਖ਼ਰੀਦੀ ਗਈ ਹੈ ਕਿਉਂਕਿ ਅਗਲੇ ਪਿਛਲੇ ਖ਼ਾਲੀ ਪੰਨਿਆਂ ਉਤੇ ਦਵਾਈਆਂ ਬਨਾਉਣ ਦੇ ਨੁਸਖ਼ੇ ਲਿਖੇ ਹੋਏ ਹਨ।

ਆਰੰਭ : ਬਿਸਮਿਲਾਹ ਅਲਰਹਮਾਨਿ ਅਲਰਹੀਮ। ਸ਼ੁਕਰੋ ਸਪਾਸ ਨਿਅਮਤ ਮਿੰਨਤੇ ਖ਼ੁਦਾਈ ਰਾ ਪਰਵਰਦਗਾਰੇ ਖ਼ਲਕੇ ਖ਼ੁਦਾਵੰਦ ਰਹਾਨੁਮਾਈ ਰਾ।

ਅੰਤ : ਨ ਆਫ਼ਰੀਦ ਬਾ ਖ਼ਲਕਤੇ ਖ਼ੁਦਾਈ ਹਾਜਤਮੰਦ। ਬਾ ਸ਼ੁਕਰ ਨਿਅਮਤ ਹਰ ਦਰ ਬਰ ਕਹਰ ਖ਼ਲਕ ਅੰਦ।

ਹੱਥ ਲਿਖਤ ਨੰ : MS 432

ਸ੍ਰੋਤ : H.S, H.S

ਸਿਰਲੇਖ : **ਨੁਸਖ਼ਾਜਾਤੇ ਖ਼ਾਕਾਨੀ (ਫ਼ਾਰਸੀ)**

ਲੇਖਕ : ਭਰਪੂਰ ਸਿੰਘ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ ਈ.

ਸਮਾਂ : 1883 ਈ. 1990 ਬਿਕਰਮੀ

ਸਥਾਨ : ਕਪੂਰਥਲਾ

ਪੱਤਰੇ : 450

ਚਿੱਤਰ : ਕੋਈ ਨਹੀਂ

ਆਕਾਰ : 29X18 ਸ.ਮ. ਲਿਖਤ : 21X13 ਸ.ਮ. ਨਸਤਾਲੀਕ

ਵੇਰਵਾ : ਮੂਲ ਉਤਾਰਾ ਸਿਆਹੀ ਨਾਲ ਕੀਤਾ ਹੈ। ਸਬ ਹੈਡਿੰਗ ਤੇ ਹੈਡਿੰਗ ਲਾਲ ਰੰਗ ਨਾਲ। ਪ੍ਰਤੀ ਪੰਨਾ ਔਸਤਨ 20 ਲਾਈਨਾਂ। ਹਾਸ਼ੀਆ ਰਹਿਤ।

ਆਮ ਵੇਰਵਾ : ਇਸ ਹਥਲਿਖਤ ਦਾ ਵਿਸ਼ਾ ਹਿਕਮਤ ਅਥਵਾ ਦਾਰੂ ਇਲਾਜ ਹੈ। ਵੱਖ ਵੱਖ ਬੀਮਾਰੀਆਂ ਦੀ ਪਛਾਣ, ਪਛਾਣ ਦੇ ਢੰਗ ਅਤੇ ਇਲਾਜ ਦਰਜ ਕੀਤੇ ਹਨ। ਦਵਾਦਾਰੂ ਵਿਚ ਵਰਤੋਂ ਦੀਆਂ ਵਸਤਾਂ ਹਲੀਲਾ(ਹਰੜਾਂ), ਕੁਲੰਜ, ਕੁੰਜਦ(ਤਿਲ), ਜਰਦੀ ਤੁਖਮੇ ਮੁਰਗ਼ (ਅੰਡੇ ਦੀ ਜ਼ਰਦੀ) ਆਦਿ ਦੇ ਗੁਣ ਤੇ ਪਛਾਣ ਦਿਤੇ ਹਨ। ਖੀਰੇ ਦੇ ਬੀਜ਼, ਖ਼ਰਬੂਜ਼ੇ ਦੇ ਬੀਜ ਆਦਿ ਦੇ ਲਛਣ ਗੁਣ ਅਤੇ ਪ੍ਰਭਾਵ ਅਭਿਵਿਅਤ ਕੀਤੇ ਹਨ। ਆਖ਼ਰ ਵਿਚ ਦਿਤੇ ਹਵਾਲੇ ਅਨੁਸਾਰ ਹਕੀਮ ਭਰਪੂਰ ਸਿੰਘ ਵਾਸੀ ਪਿੰਡ ਧਾਰੀਵਾਲ ਜੋ ਹਿਕਮਤ ਦਾ ਕਾਰੋਬਾਰ ਕਰਦਾ ਸੀ। ਸ੍ਰ. ਨਥਾ ਸਿੰਘ ਨਾਮੀ ਵਿਅਕਤੀ ਦੀ ਵੰਸ਼ ਵਿਚੋਂ ਸੀ ਤੇ ਉਸਦੇ ਵਡੇਰੇ ਸਿਖਾਂ ਤੇ ਅੰਗਰੇਜ਼ਾਂ ਦੀ ਜੰਗ ਵੇਲੇ ਮੁਦਕੀ ਵਿਚ ਮਾਰੇ ਗਏ ਸਨ। ਡਾਕਟਰ ਲਛਮਨ ਸਿੰਘ ਗਿਆਨੀ ਦਾ ਬਿਆਨ ਵੀ ਉਸਦੇ ਇਸ ਤਥ ਦੀ ਸ਼ਾਹਦੀ ਭਰਦਾ ਹੈ। ਡਾਕਟਰ ਲਛਮਣ ਸਿੰਘ ਪਿੰਡ ਧਾਰੀਵਾਲ ਜ਼ਿਲਾ ਕਪੂਰਥਲਾ ਪਟਿਆਲਾ ਯੂਨੀਅਨ ਨੇ ਇਸ ਪੋਥੀ ਦੀ ਜਾਣਕਾਰੀ ਦਿਤੀ ਹੈ।

ਆਰੰਭ : ਦਮ ਹਮਦੋ ਸਨਾ ਖ਼ੁਦਾਏ ਰਾ ਇਜ਼ੋ ਜਲ ਕਿ ਹੁਕਮ ਸਾਦਕ ਅਸਤ
ਅੰਤ : ਇਮਸਾ ਈਨਹਾ ਮੁਲਾਹਜ਼ਾ ਨੁਮਾਯੰਦ ਤਨਫ਼ੀਹ ਸਬਰ ਦਿਫ਼ਾ ਜੋਸ਼ਸ਼ ਨੁਮਾਯਦ ਬਗੀਰੰਦ

ਹੱਥ ਲਿਖਤ ਨੰ : MS 437
ਸ੍ਰੋਤ : ਦਰਜ ਨਹੀਂ
ਸਿਰਲੇਖ : **ਗੁਲਿਸਤਾਨ (ਫ਼ਾਰਸੀ)**
ਲੇਖਕ : ਸਾਅਦੀ ਸ਼ੇਖ਼ ਮਸਲਿਹੁਦੀਨ ਸ਼ੀਰਾਜ਼ੀ
ਲਿਖਾਰੀ : ਕਿਸ਼ਨ ਸਹਾਏ
ਲਿਪੀ ਕਾਲ : (ਰਚਨਾ ਕਾਲ) 1255 ਹਿਜਰੀ ਨਕਲ
ਸਮਾਂ : ਸਤਵੀਂ ਸਦੀ ਹਿਜਰੀ
ਸਥਾਨ : ਨਕਲ ਰਿਵਾੜੀ
ਪੱਤਰੇ : 135
ਚਿੱਤਰ : ਕੋਈ ਨਹੀਂ
ਆਕਾਰ : 19.5X11 ਸ.ਮ. ਲਿਖਤ : 14.5X7 ਸ.ਮ. ਨਸਤਾਲੀਕ
ਵੇਰਵਾ : ਪ੍ਰਤੀ ਪੰਨਾ ਔਸਤਨ 13 ਲਾਈਨਾਂ। ਦੋਹਰਾ ਲਾਈਨਦਾਰ ਹਾਸ਼ੀਆ। ਮੁਖ ਮਿਤਨ ਸਿਆਹੀ ਨਾਲ ਅਤੇ ਹੈਡਿੰਗ ਸਬ ਹੈਡਿੰਗ ਲਾਲ ਰੰਗ ਨਾਲ ਲਿਖੇ ਹਨ। ਹਵਾਲੇ ਲਾਲ ਤੇ ਸਿਆਹ ਹਾਸ਼ੀਏ ਤੋਂ ਬਾਹਰ ਦਿਤੇ ਹਨ।
ਆਮ ਵੇਰਵਾ : ਕਿਸ਼ਨ ਸਹਾਏ ਦੀ ਨਕਲ ਇਸ ਪੋਥੀ ਨੂੰ ਤੁਫ਼ੈਲ ਅਲੀ ਨਾਮੀ ਵਿਅਕਤੀ ਨੇ ਖ਼ਰੀਦਿਆ। ਨੈਤਿਕਤਾ ਦੇ ਵਿਸ਼ੇ ਨਾਲ ਸੰਬਧਿਤ ਇਸ ਰਚਨਾ ਨੂੰ ਅੱਠ ਅਧਿਆਇਆਂ ਵਿਚ ਵੰਡਿਆ ਹੈ। 1. ਦਰ ਸੀਰਤੇ ਬਾਦਸ਼ਾਹਾਂ 2. ਇਖ਼ਲਾਕੇ ਦਰਵੇਸ਼ਾਂ 3. ਫ਼ਜ਼ੀਲਤੇ ਕਿਨਾਅਤ (ਸਬਰ) 4. ਫ਼ਵਾਇਦੇ ਖ਼ਾਮੋਸ਼ੀ 5. ਇਸ਼ਕੋ ਜਵਾਨੀ 6. ਦਰ ਜ਼ੁਅਫ਼ ਵ ਪੀਰੀ 7. ਦਰ ਤਾਸੀਰੇ ਤਰਬੀਅਤ 8. ਆਦਾਬ ਸੁਹਬਤ ਵ ਹਿਕਮਤ। ਇਹ ਪੁਸਤਕ ਸਦੀਆਂ ਤਕ ਸ਼ਾਹੀ ਖ਼ਾਨਦਾਨਾਂ ਦੇ ਪਰਿਵਾਰਾਂ ਵਿਚ ਪੜ੍ਹਾਈ ਜਾਂਦੀ ਰਹੀ ਹੈ। ੳ. ਫ਼ਾਰਸੀ ਅਖਰਾਂ ਵਿਚ ਇਸ ਦਾ ਮੂਲ ਪਾਠ ਨਵਲ ਕਿਸ਼ੋਰ ਪ੍ਰੈਸ ਲਖਨਊ ਤੋਂ ਛਪਿਆ। ਅ. ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੇ ਇਸਦਾ ਪੰਜਾਬੀ ਉਲਥਾ ਪ੍ਰਕਾਸ਼ਿਤ ਕਰਵਾਇਆ।
ਆਰੰਭ : ਮਿਨਤ ਮਰ ਖ਼ੁਦਾਏ ਇਜ਼ੋ ਜਲ ਕਿ ਤਾਇਤਸ਼ ਮੌਜਬੇ ਵਕਫ਼......
ਅੰਤ : ਜ਼ਾਨ ਕਿ ਮਨ ਬੰਦਾਏ ਗੁਨਾਹਗਾਰਮ ਮਾਰਮ... ਬਾਅੰਦੇਸ਼... ਸਿਆਹ ਬਰ ਸਫ਼ੇਦ ਵਜ਼ੀਸਤ ਫ਼ਰਦਾ ਉਮੀਦ

ਹੱਥ ਲਿਖਤ ਨੰ : MS 438
ਸ੍ਰੋਤ : ਦਰਜ ਨਹੀਂ
ਸਿਰਲੇਖ : **ਗੁਲਸ਼ਨੇ ਰਾਜ਼ (ਫ਼ਾਰਸੀ)**
ਲੇਖਕ : ਅਬਦੁਲ ਰਹੀਮ ਮੁਰਗ਼ਲਾਨੀ
ਲਿਖਾਰੀ :
ਲਿਪੀ ਕਾਲ : (ਰਚਨਾ ਕਾਲ) ਤੇਰ੍ਹਵੀਂ ਸਦੀ ਹਿਜਰੀ/ 20ਵੀਂ ਸਦੀ ਈ.
ਸਮਾਂ : 1258 ਹਿਜਰੀ
ਸਥਾਨ : ਜੈ ਨਗਰ
ਪੱਤਰੇ : 42
ਚਿੱਤਰ : ਕੋਈ ਨਹੀਂ

| | |
|---|---|
| ਆਕਾਰ | : 21X15 ਸ.ਮ. ਲਿਖਤ : 16X10 ਸ.ਮ. ਨਸਤਾਲੀਕ |
| ਵੇਰਵਾ | : ਇਕਾ ਦੁਕਾ ਪੰਨਿਆਂ ਉਤੇ ਲਾਲ ਹਾਸ਼ੀਆ, ਬਾਕੀ ਹਾਸ਼ੀਆ ਰਹਿਤ। ਸਬ ਹੈਡਿੰਗ ਤੇ ਹੈਡਿੰਗ ਲਾਲ ਰੰਗ ਨਾਲ ਬਾਕੀ ਮਿਤਨ ਲਾਲ ਰੰਗ ਦੋ ਕਾਲਮੀ ਸਫ਼ਾ ਬਣਾਇਆ ਅਤੇ ਸਿਆਹੀ ਨਾਲ ਲਿਖਿਆ ਹੈ। ਪ੍ਰਤੀ ਪੰਨਾ ਔਸਤਨ 12 ਸਤਰਾਂ ਦਰਜ ਹਨ। |
| ਆਮ ਵੇਰਵਾ | : ਰਹਸਵਾਦੀ ਅਥਵਾ ਸੂਫ਼ੀਆਨਾ ਮਨੌਤਾਂ ਨੂੰ ਜਵਾਬ ਸਵਾਲ, ਤਮਸ਼ੀਲਾਂ ਦੀ ਪਿਆਰੀ ਤਕਨੀਕ ਰਾਹੀਂ ਅਭਿਵਿਅਕਤ ਕੀਤਾ ਹੈ। ਸੂਫ਼ੀ ਵਿਚਾਰਧਾਰਾ ਦੇ ਖੋਜੀਆਂ ਵਾਸਤੇ ਲਾਭਕਾਰੀ ਪੁਸਤਕ ਹੈ। |
| ਆਰੰਭ | : ਬਨਾਮੇ ਆਨ ਕਿ ਜਾਨ ਰਾ ਫ਼ਿਕਰਤ ਆਮੋਖ਼ਤ ਚਿਰਾਗ਼ੇ ਦਿਲ ਬਾ ਨੂਰੇ ਹਿਕਮਤ ਅਫ਼ਰੋਖ਼ਤ |
| ਅੰਤ | : ਹਾਜੀ ਹਾਫ਼ਿਜ਼ਕਾਰੀ ਸੂਫ਼ੀ ਸ਼ਾਫ਼ੀ ਮੌਹਦ ਇਸਮੇ ਸ਼ਰੀਫ਼ ਅਬਦੁਲ ਰਹੀਮ ਮੁਰਗ਼ਲਾਨੀ ਦਰ ਸ਼ਹਰ ਜੈਨਗਰ ਦਰ 1258 ਹਿਜਰੀ ਨਬਵੀ |

| | |
|---|---|
| ਹੱਥ ਲਿਖਤ ਨੰ | : MS 465 |
| ਸ੍ਰੋਤ | : ਸਫਲ ਸਿੰਘ |
| ਸਿਰਲੇਖ | : **ਇਨਸ਼ਾਈਆ ਨਿਗਾਰਨਾਮਾ (ਫ਼ਾਰਸੀ)** |
| ਲੇਖਕ | : ਗੋਦਰ ਮਲ ਸੂਰੀ |
| ਲਿਖਾਰੀ | : ਦਰਜ ਨਹੀਂ |
| ਲਿਪੀ ਕਾਲ | : (ਰਚਨਾ ਕਾਲ) 1783 ਨਕਲ |
| ਸਮਾਂ | : 1770 ਈ. |
| ਸਥਾਨ | : ਲਾਹੌਰ |
| ਪੱਤਰੇ | : ਕ੍ਰਮਾਂਕ ਦਰਜ ਨਹੀਂ |
| ਚਿੱਤਰ | : ਕੋਈ ਨਹੀਂ |
| ਆਕਾਰ | : 22X13 ਸ.ਮ. ਲਿਖਤ : 17X8 ਸ.ਮ. ਸ਼ਿਕਸਤਾ |
| ਵੇਰਵਾ | : ਮਿਤਨ ਕਾਲੀ ਸਿਆਹੀ ਨਾਲ ਸ਼ਿਕਸਤਾ ਵਿਚ ਲਿਖਿਆ ਹੈ ਅਤੇ ਹੈਡਿੰਗ ਸਬ ਹੈਡਿੰਗ ਲਾਲ ਰੰਗ ਨਾਲ ਦਰਜ ਹਨ। ਪ੍ਰਤੀ ਪੰਨਾ ਔਸਤਨ 17 ਸਤਰਾਂ। ਗੁਰਮੁਖੀ ਲਿਪੀ ਵਿਚ ਹਾਸ਼ੀਏ ਵਿਚ ਨੋਟ ਅਤੇ ਬਿਕਰਮੀ ਸੰਨ ਦਰਜ ਹਨ। |
| ਆਮ ਵੇਰਵਾ | : ਇਸ ਪੋਥੀ ਵਿਚ ਰਿਪੋਰਟਰਾਂ ਦੀਆਂ ਖ਼ਬਰਾਂ ਦਰਜ ਹਨ। ਵਾਕਿਆ ਨਿਗਾਰਾਂ ਦੇ ਘਟਨਾ ਵਰਣਨ ਤੋਂ ਇਲਾਵਾ ਪਰਵਾਨੇ ਵੀ ਦਰਜ ਹਨ। ਖ਼ਵਾਜਾ ਮੁਹਈਉਦੀਨ ਨਕਸ਼ਬੰਦੀ (ਸਰਹਿੰਦੀ) ਦੇ ਮਕਤੂਬਾਤ ਦਾ ਵਰਣਨ ਵੀ ਮਿਲਦਾ ਹੈ। ਵਜ਼ੀਰ ਖ਼ਾਨ ਨਵਾਬ ਸਰਹਿੰਦ ਦੇ ਹਿੰਦੂ ਮੁਨਸ਼ੀ ਕਾਂਸ਼ੀ ਦਾਸ ਦੇ ਬਿਆਨ ਮਹੱਤਵਪੂਰਨ ਤਥ ਹਨ। |
| ਆਰੰਭ | : ਬਾਇਸਮਿ ਅਲਰਹਿਮਾਨ ਅਲਰਹੀਮ। ਨਿਸਬਤੇ ਹਿਕਮਤ ਕਾਮਿਲ ਈਜ਼ਦੀ ਬਾ ਇਨਸ਼ਾਇਆ ਏ ਸਹੀਫ਼ਾਏ ਸ਼ਰੀਫ਼ਾ......... |
| ਅੰਤ | : ਪਸ ਅਜ਼ ਬਹਿਮਨ ਜ਼ਰ ਮੁਫ਼ਸਿਦ ਊ ਦਰ ਮਾਹੀ ਨਾ ਬਿਫ਼ਜ਼ਾਇਦ |

| | |
|---|---|
| ਹੱਥ ਲਿਖਤ ਨੰ | : MS 466 |
| ਸ੍ਰੋਤ | : ਸਫਲ ਸਿੰਘ ਰੋਪੜ |
| ਸਿਰਲੇਖ | : **ਮਖ਼ਜ਼ਨੇ ਅਨੁਵਾਨ (ਫ਼ਾਰਸੀ)** |
| ਲੇਖਕ | : ਅਬਦੁਲ ਰਹਿਮਾਨ ਉਰਫ਼ ਮੀਆਂ ਗੁਲ |
| ਲਿਖਾਰੀ | : ਦਰਜ ਨਹੀਂ |
| ਲਿਪੀ ਕਾਲ | : (ਰਚਨਾ ਕਾਲ) 1947 ਨਕਲ |

ਸਮਾਂ : 1900 ਈ.
ਸਥਾਨ : ਆਨੰਦਪੁਰ
ਪੱਤਰੇ : ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 21X14 ਸ.ਮ. ਲਿਖਤ : 16X7 ਸ.ਮ. ਸ਼ਿਕਸਤਾ
ਵੇਰਵਾ : ਪੂਰੀ ਪੋਥੀ ਕਾਲੀ ਸਿਆਹੀ ਨਾਲ ਨਕਲ ਹੋਈ। ਹਾਸ਼ੀਆ ਰਹਿਤ। ਸਤਰਾਂ ਨਕਲ ਕਰਨ ਵੇਲੇ ਸਿਧੀਆਂ ਤੇ ਟੇਢੀਆਂ ਸਮਾਨੰਤਰ ਤਿੰਨਾਂ ਸਟਾਇਲਾਂ ਦੀ ਵਰਤੋਂ ਹੋਈ ਹੈ।
ਆਮ ਵੇਰਵਾ : ਪੁਸਤਕ ਵਿਚ ਹਦਾਇਤ ਨਾਮਾ ਬੀਵੀ ਅਤੇ ਹਦਾਇਤ ਨਾਮਾ ਖ਼ਾਵੰਦ ਦੇ ਵਿਸ਼ੇ ਦਰਜ ਹਨ ਅਤੇ ਇਸ ਵਿਸ਼ੇ ਉਤੇ ਪੁਸਤਕਾਂ, ਕਵਿਤਾਵਾਂ ਤੇ ਵਾਰਤਕ ਲਿਖਣ ਦਾ ਰਿਵਾਜ ਚੋਖਾ ਰਿਹਾ ਹੈ।
ਆਰੰਭ : ਬਾਇਸਮਿ ਅਲਰਹਿਮਾਨ ਅਲਰਹੀਮ। ਸਪਾਸ ਬਾ ਅਸਾਸ ਵ ਸਨਾ ਕਿਬਲ ਮਜ਼ਾਮੀਨ ਨਫ਼ਾਇਸ
ਅੰਤ : ਪਸ ਜ਼ੁ ਆਰਜ਼ੂਏ ਖ਼ਾਤਿਰ ਖ਼ਤੀਰ ਵ ਤਮੰਨਾਏ ਤਮੀਜ਼ ਮੁਯਸਰ ਬਾਦ

ਹੱਥ ਲਿਖਤ ਨੰ : MS 467
ਸ੍ਰੋਤ : ਸਫਲ ਸਿੰਘ ਰੋਪੜ
ਸਿਰਲੇਖ : **ਇਕਤਬਾਸ ਅਜ਼ ਅਕਬਰਨਾਮਾ (ਅਬੁਲਫ਼ਜ਼ਲ), ਤੌਜ਼ਕ ਜਹਾਂਗੀਰੀ ਵ ਅਮਲਸਾਲਹਿ**
ਲੇਖਕ : ਅਬੁਲਫ਼ਜ਼ਲ
ਲਿਖਾਰੀ : ਭਾਈ ਰਣਧੀਰ ਸਿੰਘ
ਲਿਪੀ ਕਾਲ : (ਰਚਨਾ ਕਾਲ) 13 ਅਪ੍ਰੈਲ 1949
ਸਮਾਂ : ਪੰਦਰ੍ਹਵੀਂ-ਸੋਲ੍ਹਵੀਂ ਸਦੀ
ਸਥਾਨ : ਦਰਜ ਨਹੀਂ
ਪੱਤਰੇ : 353
ਚਿੱਤਰ : ਕੋਈ ਨਹੀਂ
ਆਕਾਰ : 30X24 ਸ.ਮ. ਲਿਖਤ : 27X18 ਸ.ਮ. ਨਸਤਾਲੀਕ
ਵੇਰਵਾ : ਹੈਡਿੰਗ ਤੇ ਸਬਹੈਡਿੰਗ ਲਾਲ ਰੰਗ ਨਾਲ ਦਰਜ, ਮੂਲ ਮਿਤਨ ਕਾਲੀ ਸਿਆਹੀ। ਦੋ ਵਡੇ ਕਾਲਮਾਂ ਵਿਚ ਨਕਲ ਕੀਤੀ ਗਈ। ਕਾਲਾ ਤੇ ਲਾਲ ਹਾਸ਼ੀਆ। ਬਾਹਰੀ ਹਾਸ਼ੀਆ ਕਾਲਾ, ਅੰਦਰੂਨੀ ਲਾਲ। ਕਾਤਬ ਨੇ ਗੁਰਮੁਖੀ ਲਿਪੀ ਵਿਚ ਅਰਥ ਦਿਤੇ ਹਨ। ਦੋ ਕਾਲਮ ਹਨ। ਨੋਟ ਹਵਾਲੇ ਟਿਪਣੀ ਗੁਰਮੁਖੀ ਲਿਪੀ ਵਿਚ ਨਕਲ ਕਰਤਾ ਨੇ ਹਾਸ਼ੀਏ ਤੋਂ ਬਾਹਰ ਦਿਤੇ ਹਨ ਅਤੇ ਹਿਜਰੀ ਸੰਨ ਨੂੰ ਬਿਕਰਮੀ ਵਿਚ ਦਰਜ ਕੀਤਾ ਹੈ ਤੇ ਅੰਗਰੇਜ਼ੀ ਸੰਨ ਵੀ ਦਿਤੇ ਹਨ।
ਆਮ ਵੇਰਵਾ : **ਅਕਬਰਨਾਮਾ** ਰਚਿਤ ਅਬੁਲਫ਼ਜ਼ਲ ਜਿਲਦ 1 ਪੰਨੇ 513 ਤੋਂ 517 ਤੇ 558 ਉਤੇ ਨਕਲ ਹੈ। ਫਰਵਰੀ 1865 ਵਿਚ ਪ੍ਰਕਾਸ਼ਿਤ ਨਵਲ ਕਿਸ਼ੋਰ ਦੀ ਨਕਲ ਹੈ। ਤੋਜ਼ਕੇ ਜਹਾਂਗੀਰੀ SHRL-1685 ਦਾ ਉਤਾਰਾ ਹੈ ਸਫ਼ਾ 2 ਤੋਂ 19 ਤਕ ਨਕਲ ਤੇ ਹੋਰ ਸੀਅਰੁਲਮੁਤਾਖ਼ਰੀਨ ਰਚਨਾ ਗ਼ੁਲਾਮ ਹੁਸੈਨ ਤਬਾਤਬਾਈ ਸ਼ਾਹ ਜਹਾਨ ਦਾ ਭਾਗ। ਬਾਦਸ਼ਾਹ ਨਾਮਾ ਅਬਦੁਲ ਹਮੀਦ ਲਾਹੌਰੀ ਸ਼ਾਹਜਹਾਂਨਾਮਾ (ਅਬਦੁਲ ਹਮੀਦ ਲਾਹੌਰੀ-1065 AD) ਆਖ਼ਰੀ ਸਫਿਆਂ ਉਤੇ ਗੁਰੂ ਗੋਬਿੰਦ ਸਿੰਘ ਰਚਿਤ ਜ਼ਫ਼ਰਨਾਮਾ ਦੀ ਨਕਲ ਦਰਜ ਹੈ। ਜ਼ਫ਼ਰਨਾਮੇ ਦੀ ਨਕਲ ਕਰਦਿਆਂ ਅਸਲ ਕਾਪੀ ਦਾ ਸੰਕੇਤ ਨਹੀਂ ਦਿਤਾ ਗਿਆ। ਸ਼ਾਹਜਹਾਨ ਨਾਮਾ ਵਿਚ ਸਾਮਿਅਕ ਵਿਦਵਾਨਾਂ ਤੇ ਕਵੀਆਂ ਬਾਰੇ ਜਾਣਕਾਰੀ ਦਿਤੀ ਹੈ। ਚੰਦਰਭਾਨ ਬ੍ਰਾਹਮਣ, ਅਬੁਲਫ਼ਜ਼ਲ, ਅਬਦੁਲ ਕਰੀਮ, ਮੌਲਾਨਾ, ਮੁੰਹਮਦ ਵਾਰਿਸ, ਅਬਦੁਲ ਹਮੀਦ ਲਾਹੌਰੀ, ਸ਼ੇਖ਼ ਅਨਾਇਤੁਲਾ ਆਦਿ ਵਿਦਵਾਨਾਂ ਦਾ ਸੰਖਿਪਤ ਵਰਣਨ ਮਿਲਦਾ ਹੈ। ਸਾਮਿਅਕ

ਇਤਿਹਾਸ ਪੁਸਤਕਾਂ ਤੇ ਇਤਿਹਾਸਕਾਰਾਂ ਵਿਚੋਂ ਤਵਾਰੀਖੇ ਜਹਾਂਗੁਸ਼ਾ ਅਤੇ ਬਹਾਰੇ ਦਾਨਿਸ਼ ਦਾ ਨਾਮ ਹਨ। ਮੁਗ਼ਲੀਆਂ ਸਲਤਨਤ ਦੇ ਅਹਿਲਕਾਰਾਂ ਦਾ ਬਿਉਰਾ ਅਤੇ ਉਹਨਾਂ ਦੇ ਰੁਤਬੇ (Ranks) ਦੀ ਲਿਸਟ ਸ਼ਾਹਜਹਾਨ ਨਾਮੇ ਵਿਚ 338 ਤੋਂ ਸਫ਼ਾ 348 ਤਕ ਦਰਜ ਹੈ ਜੋ ਬਹੁਤ ਮਹੱਤਵਪੂਰਨ ਪ੍ਰਮਾਣ ਹੈ। ਅੰਦਰੂਨੀ ਗਵਾਹੀ ਵਜੋਂ ਪੰਨਾ 349 ਉਤੇ ਜਾਣਕਾਰੀ ਦਿਤੀ ਹੈ। ਇਹ ਨਕਲ ਭਾਈ ਰਣਧੀਰ ਸਿੰਘ SGPC ਨੇ ਬੁਧਵਾਰ ਪਹਿਲੀ ਵਿਸਾਖ 2002 ਬਿਕਰਮੀ ਅਥਵਾ 13 ਅਪਰੈਲ 1949 ਨੂੰ ਇਹ ਨਕਲ ਤਿਆਰ ਕੀਤੀ।

ਆਰੰਭ : ਯਾਜ਼ਦਹਵੀਨ ਯੌਰਸ਼ ਜਨੂਬੀ ਯਾਰਾ ਜ਼ਦਹ ਦਾਰੁਲ ਖ਼ਿਲਾਫ਼ਤ ਆਗਰਾ ਫ਼ਰਾ ਪੇਸ਼ ਗਿਰਫ਼ਤ ਅਗਰ ਗਜ਼ਾਦਹ ਬਰਾਸਤੀ ਫਰੋਗ਼ ਦਾਰਦ.........

ਅੰਤ : ਖ਼ਸਮ ਦੁਸ਼ਮਨ ਅਗਰ ਹਜ਼ਾਰ ਆਵੁਰਦ ਨ ਯਕ ਮੂਰਰਾ ਅਜ਼ਾਰ ਆਵਰਦ

ਹੱਥ ਲਿਖਤ ਨੰ : MS 468

ਸ੍ਰੋਤ : ਸਫਲ ਸਿੰਘ ਰੋਪੜ

ਸਿਰਲੇਖ : **ਮੁੰਤਖ਼ਬ ਅਲਤਵਾਰੀਖ਼ (ਫ਼ਾਰਸੀ) ਪੰਜਾਬੀ-ਗੁਰਮਖੀ**

ਲੇਖਕ : ਅਬਦੁਲ ਕਾਦਰ ਬਿਨਮਲੂਕ ਸ਼ਾਹ ਨਕਲ

ਲਿਖਾਰੀ : ਭਾਈ ਰਣਧੀਰ ਸਿੰਘ SGPC

ਲਿਪੀ ਕਾਲ : (ਰਚਨਾ ਕਾਲ) ਦਰਜ ਨਹੀਂ

ਸਮਾਂ : 1865 ਈ.

ਸਥਾਨ : ਕਲਕਤਾ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 19X5 ਸ.ਮ. ਲਿਖਤ : 15X11 ਸ.ਮ. ਨਸਤਾਲੀਕ

ਵੇਰਵਾ : ਪ੍ਰਤੀ ਸਫ਼ਾ ਲਾਈਨਾਂ ਇਕਸਾਰ ਨਹੀਂ। ਕਈ ਸਫ਼ੇ ਕਾਲੀ ਸਿਆਹੀ ਅਤੇ ਕਈ ਸਫ਼ੇ ਨੀਲੀ ਸਿਆਹੀ ਨਾਲ ਲਿਖੇ ਹਨ। ਰੂਲਦਾਰ ਕਾਪੀ ਦੀ ਵਰਤੋਂ ਕੀਤੀ ਗਈ ਹੈ ਜੋ ਉਰਦੂ ਲਿਖਣ ਵਾਲੀ ਰੂਲਦਾਰ ਕਾਪੀ ਹੈ ਅਤੇ ਗੁਰਮੁਖੀ ਲਿਖਣ ਲਈ ਹਿੰਦੀ ਪੰਜਾਬੀ ਲਿਖਣ ਵਾਲੀ ਰੂਲਦਾਰ ਕਾਪੀ ਵਰਤੀ ਗਈ ਹੈ।

ਆਮ ਵੇਰਵਾ : ਨਕਲ ਕਰਤਾ ਨੇ ਸੰਕੇਤ ਦਿਤਾ ਕਿ ਇਹ ਨਕਲ ਕੈਪਟਨ ਵਿਲੀਅਮ ਨਾਮਵੈਲੇਸ ਮੁਨਸ਼ੀ ਅਹਿਮਦ ਅਲੀ ਸ਼ਾਹ ਨੇ ਮਿਲਕੇ ਸੰਪਾਦਨ ਕੀਤੇ ਤੇ ਕਲਕਤੇ ਦੀ ਕਾਲਜ ਪ੍ਰੈਸ ਵਿਚ 1858 ਈ. ਵਿਚ ਛਪੀ ਹੈ। ਮੂਲ ਖਰੜੇ ਦੇ ਸਫ਼ਾ ਨੰਬਰ 2 ਤੋਂ ਅਗੇ ਚੋਣਵੇਂ ਸਫ਼ਿਆਂ ਤੋਂ ਨਕਲ ਉਤਾਰੀ ਹੈ। ਵਿਸ਼ਾ ਇਤਿਹਾਸ ਹੈ ਗੁਰਮੁਖੀ ਦਾ ਭਾਗ ਵੀ ਇਤਿਹਾਸ ਦੇ ਵਿਸ਼ਿਆਂ ਨੂੰ ਬਿਆਨ ਕਰਦਾ ਹੈ। ਫ਼ਾਰਸੀ ਭਾਗ ਦੇ ਆਖ਼ਰੀ ਸਫ਼ੇ ਉਤੇ ਦਰਜ ਹੈ ਕਿ ਰਣਧੀਰ ਸਿੰਘ ਗੁਰਦੁਆਰਾ ਇੰਸਪੈਕਟਰ ਨੇ ਇਹ ਨਕਲ 23 ਮਾਰਚ 1949 ਨੂੰ ਤਿਆਰ ਕੀਤੀ। ਸਫਲ ਸਿੰਘ ਰੋਪੜ ਤੋਂ ਪ੍ਰਾਪਤ ਸਭ ਹਥ ਲਿਖਤਾਂ ਦੀ ਲਿਖਾਵਟ ਇਸ ਨਕਲ ਨਾਲ ਹੂ ਬਹੂ ਮਿਲਦੀ ਹੈ ਮੇਰਾ ਪੱਕਾ ਯਕੀਨ ਹੈ ਕਿ ਉਕਤ ਪੁਸਤਕਾਂ ਵੀ ਰਣਧੀਰ ਸਿੰਘ ਦੀਆਂ ਆਪਣੀਆਂ ਨਕਲ ਕੀਤੀਆਂ ਹਨ।

ਆਰੰਭ : ਚੂੰ ਦਾਈਏ ਇਸਲਾਮ ਕਾਫ਼ਾ ਇਨਾਮ ਅਬੁਦਲਕਾਦਰ ਬਿਨਮਲੂਕ ਸ਼ਾਹ ਬਦਾਯੂੰਨੀ

ਅੰਤ : ਹਵਾਲਤ ਬਾਖ਼ੁਦਾ ਕਰਦੇਮ ਵਰਗਤੇਮ

ਹੱਥ ਲਿਖਤ ਨੰ : MS 469
ਸ੍ਰੋਤ : ਸਫਲ ਸਿੰਘ
ਸਿਰਲੇਖ : **ਮਾਖਿਜ਼ ਤਬਕਾਤੇ ਅਕਬਰੀ (ਫ਼ਾਰਸੀ)**
ਲੇਖਕ : ਖ਼ਵਾਜਾ ਨਜ਼ਾਮੁਦੀਨ ਅਹਮਦ
ਲਿਖਾਰੀ :
ਲਿਪੀ ਕਾਲ : (ਰਚਨਾ ਕਾਲ) ਰਣਧੀਰ ਸਿੰਘ ਭਾਈ SGPC
ਸਮਾਂ : ਛਾਪ ਅਠਾਹਰਵੀਂ ਸਦੀ
ਸਥਾਨ : ਬੰਗਾਲ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 20X16 ਸ.ਮ. ਲਿਖਤ : 17X11 ਸ.ਮ. ਨਸਤਾਲੀਕ
ਵੇਰਵਾ : ਅਕਸਰ ਕਾਤਿਬ ਨੇ ਸਿਆਹੀ ਦੀ ਵਰਤੋਂ ਕੀਤੀ ਹੈ। ਵਿਚ ਵਿਚ ਨੀਲੀ ਸਿਆਹੀ ਵੀ। ਅਕਸਰ ਹਵਾਲੇ ਤੇ ਮੂਲ ਪੋਥੀ ਦੇ ਸਫ਼ੇ ਹਾਸ਼ੀਏ ਵਿਚ ਦਿਤੇ ਹਨ। ਸੰਨਾਂ ਦਾ ਬਿਕਰਮੀ ਵਿਚ ਬਦਲਾਵ ਹਿਸਾਬ ਕਰਕੇ ਗੁਰਮੁਖੀ ਲਿਪੀ ਵਿਚ ਨਾਲ ਨਾਲ ਦਿਤਾ ਹੈ।
ਆਮ ਵੇਰਵਾ : ਇਹ ਪੋਥੀ HRL ਦੇ ਖਰੜਾ 674 ਦਾ ਉਤਾਰਾ ਹੈ । ਜੋ ਦੋ ਭਾਗਾਂ ਵਿਚ ਕੀਤਾ ਗਿਆ ਹੈ। ਇਸਦਾ ਮੂਲ ਪਾਠ ਏਸ਼ੀਆਟਿਕ ਸੁਸਾਇਟੀ ਬੰਗਾਲ ਵਲੋਂ ਪ੍ਰਕਾਸ਼ਿਤ ਹੋਇਆ ਅਤੇ ਬੈਪਟਿਸਟ ਮਿਸ਼ਨ ਪ੍ਰੈਸ ਤੋਂ ਛਪਿਆ। ਦੂਜੇ ਭਾਗ ਦੇ ਮੁਢ ਵਿਚ ਨਕਲ ਕਰਤਾ ਨੇ ਇਸ ਤੱਥ ਨੂੰ ਲਿਖਤੀ ਰੂਪ ਵਿਚ ਪ੍ਰਮਾਣਿਤ ਕੀਤਾ ਹੈ ਕਿ ਇਹ ਨਕਲ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚੋਂ ਉਤਾਰਾ ਕੀਤਾ ਗਿਆ ਹੈ। ਪੁਸਤਕ ਦਾ ਵਿਸ਼ਾ ਅਕਬਰ ਦੇ ਰਾਜਕਾਲ ਰਾਜ ਸ਼ਾਸਨ ਦਾ ਬਿਆਨ ਕਰਦਾ ਹੈ। ਬਾਬਰ ਦੀ ਮ੍ਰਿਤੂ 1504 ਈ. ਤੋਂ ਸ਼ੁਰੂ ਅਤੇ ਸ਼ੇਖ਼ ਅਬੁਲ ਫ਼ਜ਼ਲ ਦੇ ਕਤਲ ਤੱਕ ਦੀਆਂ ਘਟਨਾਵਾਂ ਦਰਜ ਹਨ। ਨਜ਼ਾਮੁਦੀਨ ਅਹਮਦ ਬਖ਼ਸ਼ੀ ਨੇ ਇਤਿਹਾਸਿਕ ਕਾਲ ਵੰਡ ਅਕਬਰ ਦੇ ਰਾਜ ਦੇ ਸਾਲ ਸਮਾਰੋਹਾਂ ਦੇ ਆਧਾਰ ਉਤੇ ਕੀਤੀ ਹੈ। ਇਸ ਪੋਥੀ ਵਿਚ ਉਸ ਕਾਲ ਦੇ ਸਮਾਜਿਕ ਹਾਲਾਤ ਦਾ ਬਿਆਨ ਤੇ ਪ੍ਰਮਾਣ ਲਾਭਕਾਰੀ ਹਨ। ਲਾਹੌਰ ਅਤੇ ਦਿੱਲੀ ਦੇ ਆਲਮਾਂ ਫ਼ਾਜ਼ਲਾਂ- ਵਿਦਵਾਨਾਂ ਦਾ ਵਰਣਨ ਮਹਤੱਵਪੂਰਨ ਢੰਗ ਨਾਲ ਕੀਤਾ ਹੈ ਅਤੇ ਅੰਤ ਵਿਚ ਭਾਰਤੀ ਸ਼ੇਖ਼ਾਂ (ਸੂਫ਼ੀਆਂ) ਸ਼ੇਖ਼ ਮੁਬਾਰਕ ਨਾਗੌਰੀ, ਸ਼ੇਖ਼ ਜਲਾਲ ਥਾਨੇਸਰੀ, ਸ਼ੇਖ਼ ਯੂਸਫ਼ ਹਰਕਨ, ਸ਼ੇਖ਼ ਅਬੂਸਹਾਕ ਮਹਿਰੰਗ ਲਾਹੌਰੀ, ਸ਼ੇਖ਼ ਜਾਮੀ ਅਹਿਮਦ ਲਾਹੌਰੀ, ਸ਼ੇਖ਼ ਹਬੀਬ ਲਾਹੌਰੀ, ਸ਼ੇਖ਼ ਅਬਦੁਲ ਕਰੀਮ ਪਾਣੀਪਤੀ ਆਦਿ ਦਾ ਸੰਕੇਤ ਮਾਤਰ ਵਰਣਨ ਹੈ। ਇਸੇ ਪੋਥੀ ਵਿਚ **ਤੋਜ਼ਕੇ ਜਹਾਂਗੀਰੀ** ਵਿਚੋਂ ਖ਼ਵਾਜਾ ਮੁਹਈਉਦੀਨ ਚਿਸ਼ਤੀ ਦਾ ਹਵਾਲਾ ਨਕਲ ਕੀਤਾ ਹੋਇਆ ਹੈ। ਮਧਕਾਲੀਨ ਤੇ ਮੁਗਲ ਰਾਜ ਸਮੇਂ ਦੇ ਇਤਿਹਾਸ ਉਤੇ ਖੋਜ ਕਰਤਾਵਾਂ ਵਾਸਤੇ ਲਾਭਕਾਰੀ ਪੁਸਤਕ ਹੈ।
ਆਰੰਭ : ਜ਼ਿਕਰ ਨਹਜ਼ਤ ਫ਼ਰਮੂਦਨ ਹਜ਼ਰਤ ਜਹਾਨਬਾਨੀ ਫ਼ਿਰਦੌਸ ਮਕਾਨੀ ਜ਼ਹੀਰੁਦੀਨ ਬਾਬਰ ਬਾਦਸ਼ਾਹ ਗਾਜ਼ੀ............
ਅੰਤ : ਬਾ ਦਰਗਾਹੇ ਪਿਦਰ ਬਜ਼ੁਰਗਵਾਰ ਨਮੂਦੰਦ ਵ ਰਫ਼ਤਾ ਰਫ਼ਤਾ ਆਨ ਕਦੂਰਤਹਾ ਬਾਸਫ਼ਾ ਮੁਬਦਿਲ ਸ਼ੁਦ

ਹੱਥ ਲਿਖਤ ਨੰ : MS 470
ਸ੍ਰੋਤ : ਸਫਲ ਸਿੰਘ ਰੋਪੜ
ਸਿਰਲੇਖ : **ਅਕਬਰ ਨਾਮਾ ਭਾਗ ਪਹਿਲਾ (ਫ਼ਾਰਸੀ)**
ਲੇਖਕ : ਅਬੁਲ ਫ਼ਜ਼ਲ ਇਲਮੀ

ਲਿਖਾਰੀ : ਰਣਧੀਰ ਸਿੰਘ ਭਾਈ
ਲਿਪੀ ਕਾਲ : (ਰਚਨਾ ਕਾਲ) ਨਕਲ ਵੀਹਵੀਂ ਸਦੀ ਪਹਿਲਾ ਅੱਧ
ਸਮਾਂ : ਸੋਲ੍ਹਵੀਂ ਸਦੀ
ਸਥਾਨ : ਅਗਿਆਤ
ਪੱਤਰੇ : 110-A
ਚਿੱਤਰ : ਕੋਈ ਨਹੀਂ
ਆਕਾਰ : 21.5X13 ਸ.ਮ. ਲਿਖਤ : 19.5X11 ਸ.ਮ. ਨਸਤਾਲੀਕ
ਵੇਰਵਾ : ਹਥਲਿਖਤ ਕਾਲੀ ਤੇ ਲਾਲ ਸਿਆਹੀ ਨਾਲ ਲਿਖੀ। ਹੈਡਿੰਗ ਤੇ ਸਬ ਹੈਡਿੰਗ ਲਾਲ ਰੰਗ ਨਾਲ ਲਿਖੇ। ਵਿਚ ਵਿਚ ਗੁਰਮੁਖੀ ਲਿਪੀ ਵਿਚ ਹਵਾਲੇ ਵੀ ਦਿਤੇ ਹਨ। ਪ੍ਰਤੀ ਪੰਨਾ ਔਸਤਨ 16 ਸਤਰਾਂ। ਕਾਗ਼ਜ਼ ਪੁਰਾਣਾ ਤੇ ਜ਼ਰਦ ਹੋ ਚੁੱਕਾ।
ਆਮ ਵੇਰਵਾ : ਅਲਾਮਾ ਅਬੁਲ ਫ਼ਜ਼ਲ ਦੀ ਇਹ ਰਚਨਾ ਮੁਨਸ਼ੀ ਨਵਲ ਕਿਸ਼ੋਰ ਪ੍ਰੈਸ ਤੋਂ ਛਪੀ। ਰਣਧੀਰ ਸਿੰਘ ਭਾਈ ਨੇ ਇਸ ਦੇ 182 ਸਫ਼ਿਆਂ ਦਾ ਉਤਾਰਾ 109.ਅ ਪਤਰਿਆਂ ਵਿਚ ਕੀਤਾ ਹੈ। ਹਰ ਬਦਲਦੇ ਪੰਨੇ ਉਤੇ ਸੰਕੇਤ ਦਰਜ ਹੈ। ਕਈ ਥਾਵਾਂ ਉਤੇ ਸਬ ਹੈਡਿੰਗ ਕਾਲੇ ਅਤੇ ਲਾਲ ਰੰਗ ਨਾਲ ਸੰਕੇਤਿਤ (Underline) ਕੀਤੇ ਹਨ। ਗੁਰਮੁਖੀ ਲਿਪੀ ਵਿਚ ਸੰਨ ਬਿਕਰਮੀ ਵੀ ਨਾਲ ਨਾਲ ਦਰਜ ਕਰ ਦਿਤੇ ਹਨ। ਇਸ ਗ੍ਰੰਥ ਦੇ ਤਿੰਨ ਉਤਾਰੇ ਹੋਰ ਵੀ ਹਨ। ਨਕਲ ਕਰਤਾ ਨੇ ਇਹ ਪੋਥੀ-ਨਕਲ ਮਹਾਰਾਜਾ ਪਟਿਆਲਾ ਮਹਾਰਾਜਾ ਮਹਿੰਦਰ ਸਿੰਘ ਵਾਸਤੇ ਨਕਲ ਕੀਤੀ। ਪੁਸਤਕ ਦਾ ਵਿਸ਼ਾ ਮੁਗ਼ਲ ਬਾਦਸ਼ਾਹ ਅਕਬਰ ਦੇ ਜੀਵਨ ਹਾਲਾਤ ਰਾਜ ਪ੍ਰਬੰਧ ਤੇ ਪ੍ਰਾਪਤੀ ਦਾ ਵਰਣਨ ਕਰਦਾ ਹੈ। ਅਗਲੀ ਹਥਲਿਖਤ 471 ਇਸੇ ਦਾ ਭਾਗ ਹੈ।
ਆਰੰਭ : ਬਾਇਸਮਿ ਅਲਾਹਿ ਅਲਰਹਿਮਾਨ ਅਲਰਹੀਮ। ਅਲਹ ਅਕਬਰ ਚਿ ਦਰ ਬਾਕੀ ਅਸਤ ਯਰਫ਼ ਵ ਸ਼ਨਾਖ਼ਤੀ ਸ਼ਿਗਰਫ਼ ਨਿ ਹਕੀਕਤ ਪਜ਼ੀਰਾਂ.........
ਅੰਤ : ਕਾਜ਼ੀ ਅਬਦੁੱਲਾ ਸਦਰੇ ਖ਼ੁਦ ਰਾ ਪਿਨਹਾਨੀ ਪੇਸ਼ੇ ਸ਼ੇਰ ਖ਼ਾਨ ਫ਼ਰਸਤਾਦ

ਹੱਥ ਲਿਖਤ ਨੰ : MS 471
ਸ੍ਰੋਤ : ਸਫਲ ਸਿੰਘ ਰੋਪੜ
ਸਿਰਲੇਖ : **ਅਕਬਰ ਨਾਮਾ ਜਿਲਦ ਪਹਿਲੀ ਭਾਗ ਦੂਜਾ (ਫ਼ਾਰਸੀ)**
ਲੇਖਕ : ਅਲਾਮਾ ਅਬੁਲਫ਼ਜ਼ਲ
ਲਿਖਾਰੀ : ਰਣਧੀਰ ਸਿੰਘ ਭਾਈ
ਲਿਪੀ ਕਾਲ : (ਰਚਨਾ ਕਾਲ) ਨਕਲ ਵੀਹਵੀਂ ਸਦੀ
ਸਮਾਂ : ਸੋਲ੍ਹਵੀਂ ਸਦੀ ਈਸਵੀ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 22X13 ਸ.ਮ. ਲਿਖਤ : 18.5X11.5 ਸ.ਮ. ਨਸਤਾਲੀਕ
ਵੇਰਵਾ : ਪ੍ਰਤੀ ਪੰਨਾ ਔਸਤਨ 16 ਲਾਈਨਾਂ। ਨਾਮ ਅਤੇ ਹੈਡਿੰਗ ਲਾਲ ਰੰਗ ਨਾਲ ਦਰਜ ਬਾਕੀ ਮਿਤਨ ਸਿਆਹੀ ਨਾਲ ਲਿਖਿਆ। ਹਾਸ਼ੀਏ ਵਿਚ ਗੁਰਮੁਖੀ ਲਿਪੀ ਅਤੇ ਬਿਕਰਮੀ ਸੰਨ ਵੀ ਹਵਾਲੇ ਵਜੋਂ ਲਿਖੇ ਹਨ।

ਆਮ ਵੇਰਵਾ : ਅਲਾਮਾ ਅਬੁਲਫ਼ਜ਼ਲ ਦੀ ਇਹ ਪੋਥੀ ਮੁਨਸ਼ੀ ਨਵਲ ਕਿਸ਼ੋਰ ਪ੍ਰੈਸ ਲਖਨਊ ਛਪ ਚੁੱਕੀ ਸੀ, ਭਾਈ ਰਣਧੀਰ ਸਿੰਘ ਨੇ ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਵਾਸਤੇ ਨਕਲ ਤਿਆਰ ਕੀਤੀ। ਇਸਦਾ ਪਹਿਲਾ ਭਾਗ ਹਥਲਿਖਤ 470 ਹੈ। ਇਹ ਮਿਤਨ ਸਫ਼ਾ 425 ਤੋਂ ਸ਼ੁਰੂ ਹੁੰਦਾ ਹੈ।

ਆਰੰਭ : ਅਜ਼ਦਹ ਹਜ਼ਾਰ ਸਵਾਕ ਨਬੂਦ ਵ ਅਜ਼ਾਂ ਜਾਨਬ ਕਰੀਬ ਚਹਲ ਹਜ਼ਾਰ ਸਵਾਰ ਵ ਸਦ ਹਜ਼ਾਰ ਪਿਆਦਾ

ਅੰਤ : ਵ ਪਸਮਾਂਦਗਾਨ ਊਰਾ ਖ਼ੁਸਰਵੀ ਬਾ ਆਰਾਮਗਾਹ ਬੁਰਦ

ਹੱਥ ਲਿਖਤ ਨੰ : MS 472

ਸ੍ਰੋਤ : ਸਫਲ ਸਿੰਘ

ਸਿਰਲੇਖ : **ਅਕਬਰਨਾਮਾ ਦਫ਼ਤਰ ਤੀਸਰਾ (ਨਾਮੁਕੰਮਲ ਅਤੇ ਮੁੰਤਖਬੁਲਲੁਬਾਬ ਕ੍ਰਿਤ ਖ਼ਫ਼ੀ ਖ਼ਾਨ ਵਿਚੋਂ ਚੋਣਵੇ ਭਾਗ) ਫ਼ਾਰਸੀ**

ਲੇਖਕ : ਅਲਾਮਾ ਅਬੁਲ ਫ਼ਜ਼ਲ ਖ਼ਫ਼ੀ ਖ਼ਾਨ

ਲਿਖਾਰੀ : ਰਣਧੀਰ ਸਿੰਘ ਭਾਈ

ਲਿਪੀ ਕਾਲ : (ਰਚਨਾ ਕਾਲ) ਅਗਿਆਤ /ਨਕਲ 1950

ਸਮਾਂ : 1950

ਸਥਾਨ : ਅੰਮ੍ਰਿਤਸਰ

ਪੱਤਰੇ : ਕ੍ਰਮਾਂਕ ਰਹਿਤ

ਚਿੱਤਰ : ਕੋਈ ਨਹੀਂ

ਆਕਾਰ : 13X22 ਸ.ਮ. ਲਿਖਤ : 13X22 ਸ.ਮ. ਨਸਤਾਲੀਕ

ਵੇਰਵਾ : ਪ੍ਰਤੀ ਪੰਨਾ 16 ਤੋਂ 18 ਸਤਰਾਂ ਦਰਜ ਹਨ। ਹੈਡਿੰਗ ਲਾਲ ਰੰਗ ਨਾਲ, ਸਥਾਨਾਂ ਅਤੇ ਵਿਅਕਤੀਆਂ ਦੇ ਨਾਮ ਲਾਲ ਰੰਗ ਨਾਲ ਅਤੇ ਬਾਕੀ ਨਕਲ ਕਾਲੀ ਸਿਆਹੀ ਨਾਲ ਕੀਤੀ ਗਈ ਹੈ।

ਆਮ ਵੇਰਵਾ : ਇਹ ਪੁਸਤਕ **ਅਕਬਰ ਨਾਮਾ** ਦੇ ਤੀਸਰੇ ਦਫ਼ਤਰ ਵਿਚੋਂ ਪੰਨਾ 782 ਤੋਂ 868 ਦੀ ਨਕਲ ਹੈ। ਮੁਗ਼ਲ ਇਤਿਹਾਸ ਨਾਲ ਸੰਬੰਧਿਤ ਹੈ। ਉਪੰਰਤ ਗੁਰਦੁਆਰਾ ਇੰਸਪੈਕਟਰ ਸ੍ਰ. ਰਣਧੀਰ ਸਿੰਘ ਦਾ ਲਿਖਿਆ ਨਾਮ ਤੇ ਨੋਟ ਹੈ। ਅਗਲੇ ਪੰਨਿਆਂ ਉਤੇ ਮੁੰਤਖਬਲੁਲਾਬ ਕ੍ਰਿਤ ਖ਼ਫ਼ੀ ਖਾਨ ਦੀ ਇਤਿਹਾਸ ਪੁਸਤਕ ਵਿਚੋਂ ਪੰਨੇ 219 ਤੋਂ 229 ਤਕ ਨਕਲ ਕੀਤੀ ਗਈ ਹੈ। ਹਥ ਲਿਖਤ ਇਸ ਭਾਗ ਦਾ ਵਿਸ਼ਾ ਇਤਿਹਾਸ ਹੈ।

ਆਰੰਭ : ਦਰੀਂ ਵੇਲਾ ਦਰਮਿਆਨ ਦੌਰੇ ਸਬਤ ਯਾਫ਼ਤੰਦ ਦਰੀਂ ਹੰਗਾਮੇ ਕਿ ਗਾਯਾਤੇ ਇਕਬਾਲ ਬਾ ਕਸ਼ਮੀਰ ਦਰ ਆਵਰ ਬਾਇਸ ਬੂਦ ਕਿ ਲਸ਼ਕਰੀ ਬ ਗੁਸ਼ਾਇਸ਼ ਆਨ ਨਾਮਜ਼ਦ ਗਰਦਦ

ਅੰਤ : ਮਰੀਅਮ ਮਕਾਨੀ ਕਿ ਸ਼ਹਰ ਨਾ ਆਵੁਰਦਾ...... ਰੂਹਾਨੀ ਗਸ਼ਤਾ ਬੂਦ ਵ ਰਾਜ਼ੀ ਬਾ ਹਰਕਤੇ ਬਾਦਸ਼ਾਹ ਬ ਆਨ ਸੂਬ ਨਬੂਦੰਦ-ਬਾ ਅਰਜ਼ ਰਸੇਦ

ਹੱਥ ਲਿਖਤ ਨੰ : MS 473

ਸ੍ਰੋਤ : ਸਫਲ ਸਿੰਘ ਰੋਪੜ

ਸਿਰਲੇਖ : **ਇਕਤਬਾਸ ਅਜ਼ ਅਕਬਰਨਾਮਾ (ਫ਼ਾਰਸੀ)**

ਲੇਖਕ : ਸ਼ੇਖ਼ ਅਬੁਲ ਫ਼ਜ਼ਲ ਅਲਾਮੀ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) 1867 ਈ.
ਸਮਾਂ : ਪੰਦਰ੍ਹਵੀਂ-ਸੋਲ੍ਹਵੀਂ ਸਦੀ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 22X13 ਸ.ਮ. ਲਿਖਤ : 19X10 ਸ.ਮ. ਨਸਤਾਲੀਕ
ਵੇਰਵਾ : ਸਿਆਹੀ ਵਿਚ ਲਿਖੀ। ਹੈਡਿੰਗ ਸਬ ਹੈਡਿੰਗ ਵੀ ਸਿਆਹੀ ਨਾਲ ਦਰਜ ਹਨ। ਵਿਚ ਵਿਚ ਗੁਰਮੁਖੀ ਲਿਪੀ ਵਿਚ ਅਤੇ ਬਿਕਰਮੀ ਸੰਮਤ ਵੀ ਨਕਲ ਕਰਤਾ ਨੇ ਖ਼ਾਲੀ ਥਾਂ ਹਾਸ਼ੀਏ ਵਿਚ ਦਰਜ ਕੀਤੇ ਹਨ।
ਆਮ ਵੇਰਵਾ : ਅਕਬਰ ਬਾਦਸ਼ਾਹ ਪੰਦਰ੍ਹਵੀਂ ਸਦੀ ਦੇ ਸਮਕਾਲੀ ਅਬੁਲ ਫ਼ਜ਼ਲ ਦੁਆਰਾ ਫ਼ਾਰਸੀ ਵਿਚ ਅਕਬਰ ਦੀ ਇਤਿਹਾਸ ਪੁਸਤਕ ਹੈ। ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਵਾਸਤੇ ਇਸ ਪੁਸਤਕ ਦੀ ਨਕਲ ਤਿਆਰ ਕੀਤੀ ਗਈ। ਇਸਦਾ ਮੂਲ ਮਸੌਦਾ ਨਵਲ ਕਿਸ਼ੋਰ ਪ੍ਰੈਸ ਲਖਨਊ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਪੁਸਤਕ **ਅਕਬਰਨਾਮਾ** ਹੈ। ਇਸ ਦਾ ਇਹ ਤੀਸਰਾ ਦਫ਼ਤਰ ਵਿਚੋਂ ਚੁਣੇ ਹੋਏ ਭਾਗਾਂ ਦੀ ਨਕਲ ਕੀਤੀ ਗਈ ਹੈ। ਜਿਸ ਲਾਇਬਰੇਰੀ ਵਿਚੋਂ ਇਹ ਉਤਾਰਾ ਕੀਤਾ ਹੈ ਉਸ ਪੋਥੀ ਦਾ ਨੰਬਰ 1721 ਹੈ ਅਤੇ ਉਸਦਾ ਵਿਸ਼ਾ ਨਹੀਂ ਹੈ।
ਆਰੰਭ : ਖ਼ਿਆਲੇ ਦਰੀਨ ਨਾਮਾ ਕਰਦਮ ਨਿਗਾਰ। ਕਿ ਮਾਨਦ ਜ਼ਿ ਮਨ ਦਰ ਜਹਾਨ ਯਾਦਗਾਰ। ਮਗਰ ਕਿਅਜ਼ ਤਮਾਸ਼ਾਏ ਈਨ ਬੋਸਤਾਨ॥ ਬਦਰੂਦੇ ਰਸਦ ਬਰ ਮਨ ਅਜ਼ ਦੋਸਤਾਨ॥
ਅੰਤ : ਵ ਇਕਬਾਲੇ ਸ਼ਹਿਨਸ਼ਾਹੀ ਦਰ ਚਿਹਰਾ ਫ਼ਿਰੋਜ਼ੀ ਬ ਆਨ ਕਿ ਫ਼ੀਰੋਜ਼ੀ ਜਨੂਦ ਬੇਸ਼ ਅਜ਼ ਦਹ ਹਜ਼ਾਰ

ਹੱਥ ਲਿਖਤ ਨੰ : MS 474
ਸ੍ਰੋਤ : ਸਫਲ ਸਿੰਘ ਰੋਪੜ
ਸਿਰਲੇਖ : **ਖ਼ਾਲਸਾ ਨਾਮਾ (ਫ਼ਾਰਸੀ) ਫੁਟਕਲ (ਗੁਰਮੁਖੀ)**
ਲੇਖਕ : ਬਖ਼ਤਮਲ/ ਲਿਪੀਕਾਰ ਅਗਿਆਤ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਅਗਿਆਤ
ਸਮਾਂ : 1810 ਈ. ਲਗਪਗ
ਸਥਾਨ : ਅਗਿਆਤ
ਪੱਤਰੇ : 260 ਫ਼ਾਰਸੀ + 26 ਗੁਰਮੁਖੀ + ਕ੍ਰਮਾਂਕ ਰਹਿਤ 2 ਪੱਤਰੇ
ਚਿੱਤਰ : ਕੋਈ ਨਹੀਂ
ਆਕਾਰ : 21X13 ਸ.ਮ. ਲਿਖਤ : 20X12 ਸ.ਮ. **ਨਸਤਾਲੀਕ ਤੇ ਗੁਰਮਖੀ**
ਵੇਰਵਾ : ਹੈਡਿੰਗ ਅਤੇ ਸਬ ਹੈਡਿੰਗ ਲਾਲ ਰੰਗ ਨਾਲ ਦਰਜ ਕੀਤੇ ਹਨ ਬਾਕੀ ਮਿਤਨ ਕਾਲੀ ਸਿਆਹੀ ਨਾਲ ਲਿਖੇ ਹਨ। ਜਿਸ ਪੋਥੀ ਤੋਂ ਨਕਲ ਕੀਤੀ ਹੈ ਉਸਦੇ ਸਫ਼ੇ ਹਾਸ਼ੀਏ ਵਿਚ ਦਰਜ ਹਨ।
ਆਮ ਵੇਰਵਾ : ਮੂਲ ਪੋਥੀ ਫ਼ਾਰਸੀ ਦੇ 136 ਸਫ਼ੇ 260 ਸਫ਼ਿਆਂ ਵਿਚ ਦਰਜ ਹਨ। ਇਸ ਵਿਚ ਸਿਖ ਗੁਰੂ ਸਾਹਿਬਾਨ, ਰਣਜੀਤ ਸਿੰਘ ਅਤੇ ਸਿਖ ਜਥੇਬੰਦੀਆਂ ਦੇ ਹਾਲਾਤ ਦਰਜ ਹਨ। ਗੁਰਮੁਖੀ ਵਾਲੇ ਭਾਗ ਵਿਚ ਦੂਲੋਰਣਜੀਤ ਸਿੰਘ ਰਚਿਤ ਕਵੀ ਪੂਰਨ ਸਿੰਘ, ਅਰਦਾਸ, ਅੰਮ੍ਰਿਤਸਰ ਉਸਤਤ ਸੋਭਾ ਸਧਾਕਰ ਕਵੀ ਬੁਧ ਸਿੰਘ, ਆਸਾ ਦੀ ਵਾਰ, ਮੇਹਰਵਾਨ ਸ੍ਰੀ ਸਮਰਥ ਸ੍ਰੀ ਹਨੁਮੰਨ ਅਤੇ ਸਵਾਮੀ ਰਮਦਾਸ ਹਾਲਾਤ ਦਰਜ ਹਨ। ਮੇਰੇ ਵਿਚਾਰ ਅਨੁਸਾਰ ਇਸ ਵਿਚ **ਖ਼ਾਲਸਾ ਨਾਮਾ** ਦਾ ਭਾਗ ਖ਼ਾਲਸਾ ਕਾਲਜ

ਅੰਮ੍ਰਿਤਸਰ ਵਾਲੀ ਨਕਲ ਹੈ। ਅਸਲ ਪੋਥੀ ਬ੍ਰਿਟਿਸ਼ ਮਿਊਜ਼ੀਅਮ ਪਾਸ ਹੈ ਜਿਸਦੀ ਤਸਵੀਰ ਕਾਪੀ, ਮਿ. ਪ੍ਰਵੀਨ ਪਾਲ ਇਤਿਹਾਸ ਵਿਭਾਗ ਪਾਸ ਮੌਜੂਦ ਹੈ।

ਆਰੰਭ : **ਫਾ**: ਬਾ ਇਸਿਮਿਲਾਹਿ ਅਲਰਹਿਮਾਨ ਅਲਰਹੀਮ ਬਅਦ ਹਮਦੇ ਖ਼ੁਦਾ ਮੀਮੋਰਯਦ ਲਾ ਤਹਮਾਲ ਅਜ਼ਦੇਰ ਬਾਜ਼ ਆਰਜ਼ੂ ਮੀ ਦਾਸ਼ਤਮ ਕਿ ਬਨਾਏ ਤਾਰੀਖ ਸਿਖਾਂ ਰਾ

**ਪੰ**: ੧ਓ ਸਤਿਗੁਰ ਪ੍ਰਸਾਦਿ ਕਬਿਤ ਪ੍ਰਥਮ ਭਗਉਤੀਮੈ ਗਣੇਸ਼ ਕੋ ਮਨਾਂਊ

ਅੰਤ : ਬੀਸਤੋ ਹਫ਼ਤ ਸਾਲ ਉਮਰ ਯਾਫ਼ਤ ਹਫ਼ਤਦਹ ਸਾਲ ਬਾ ਰਿਆਸਤ ਮੁਜ਼ਰਾਜੇ ਦ

**ਪੰ**: ਜਨ ਰਜਬ ਕਿਮ ਹੋਵਈ ਨਰ ਨਿਹਚਲ ਤਿਤ ਸਾਥ॥3॥

ਹੱਥ ਲਿਖਤ ਨੰ : MS 475
ਸ੍ਰੋਤ : ਸਫਲ ਸਿੰਘ
ਸਿਰਲੇਖ : **ਵਕਾਈਏ ਅਹਿਵਾਲ ਮਹਾਰਾਜਾ ਰਣਜੀਤ ਸਿੰਘ /ਦੋ ਭਾਗ (ਫ਼ਾਰਸੀ)**
ਲੇਖਕ : ਮੁਨਸ਼ੀ ਖ਼ੁਸ਼ਵਕਤ ਰਾਏ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਜੂਨ 1811 ਈ. ਹਾੜ 1868 ਬਿ.
ਸਮਾਂ : ਉਨ੍ਹੀਵੀਂ ਸਦੀ ਪਹਿਲਾ ਅੱਧ
ਸਥਾਨ : ਅਗਿਆਤ
ਪੱਤਰੇ : 317
ਚਿੱਤਰ : ਕੋਈ ਨਹੀਂ
ਆਕਾਰ : 22X13 ਸ.ਮ. ਲਿਖਤ : 21X13 ਸ.ਮ. ਨਸਤਾਲੀਕ
ਵੇਰਵਾ : ਸੁਰਖੀਆਂ ਲਾਲ ਰੰਗ ਨਾਲ ਦਰਜ ਹਨ ਮਿਤਨ ਕਾਲੀ ਸਿਆਹੀ ਨਾਲ ਲਿਖਿਆ ਹੈ। ਪ੍ਰਤੀ ਪੰਨਾ 16 ਤੋਂ 17 ਸਤਰਾਂ ਦਰਜ ਹਨ। ਪੁਸਤਕ ੧ਓ ਸਤਿਗੁਰ ਪ੍ਰਸਾਦਿ ਦੇ ਸ਼ਬਦ ਨਾਲ ਸ਼ੁਰੂ ਕੀਤੀ ਗਈ ਹੈ।
ਆਮ ਵੇਰਵਾ : ਮੁਢ ਵਿਚ ਤਤਕਰਾ ਦਰਜ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੀ ਗਦੀ ਨਸ਼ੀਨੀ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ ਤੇ ਫਿਰ ਦਰਜਾਵਾਰ ਹਾਲਾਤ ਦਰਜ ਹਨ। ਜੋਧ ਸਿੰਘ, ਦਲ ਸਿੰਘ ਨਾਲ ਗਠਜੋੜ, ਸਦਾ ਕੌਰ ਦੀ ਧੀ ਨਾਲ ਵਿਆਹ, ਪਠਾਨਕੋਟ ਖੇਤਰ ਦੀ ਜਿੱਤ, ਕੈਪਟਨ ਮੈਟਕਾਫ਼, ਰਾਜਾ ਸੰਸਾਰ ਚੰਦ ਨਾਲ ਸੰਬੰਧ, ਸ਼ੁਜ਼ਾਅ ਅਲਮੁਲਕ ਨਾਲ ਮੇਲ ਤੇ ਘਟਨਾਵਾਂ ਸ਼ਾਹਜ਼ਮਾਨ ਨਾਲ ਮੁਲਾਕਾਤ। ਸ਼ਾਹ ਸੁਜ਼ਾਅ ਦੀ ਮੌਤ ਦੇ ਹਾਲ ਆਦਿ ਵਿਸ਼ਿਆਂ ਦੀ ਤੇ ਤਵਾਰੀਖ਼ੀ ਦ੍ਰਿਸ਼ਟੀਕੋਣ ਤੋਂ ਨਜ਼ਰ ਪਈ ਹੈ।
ਆਰੰਭ : ਵਕਾਈਏ-ਅਹਿਵਾਲ ਸਿਆਦਤੇ ਆਸਮਾਨ ਸਰਦਾਰ ਜ਼ੂਅਲਇਕਤਦਾਰ ਫ਼ਿਆਜ਼ੇ ਅਲਮ ਹਾਤਮੇ ਹਮਮ ਮਹਾਰਾਜਾ ਰਣਜੀਤ ਸਿੰਘ
ਅੰਤ : ਰਾਏ ਪਿਥੌਰਾ ਬੂਦ ਬਾਤਕਲਫ਼ ਕਸਾਂ ਮੁਲਤਾਨ ਦਰ ਆਮਦ

ਹੱਥ ਲਿਖਤ ਨੰ : MS 476
ਸ੍ਰੋਤ : ਸਫਲ ਸਿੰਘ
ਸਿਰਲੇਖ : **ਮੁਆਸਰੇ ਆਲਮਗੀਰੀ (ਫ਼ਾਰਸੀ) (ਭਾਗ ਪਹਿਲਾ)**
ਲੇਖਕ : ਮੁਹੰਮਦ ਸਾਕੀ ਮੁਸਤਿਅਦ ਖ਼ਾਨ
ਲਿਖਾਰੀ : ਸੋਧ ਕਰਤਾ - ਜਨਾਬ ਆਕਾ ਅਹਿਮਦ ਅਲੀ ਦਾਸ ਉਸਤਾਦ ਮਦਰਸਾਏ ਆਲੀਆ ਕਲਕਤਾ
ਲਿਪੀ ਕਾਲ : (ਰਚਨਾ ਕਾਲ) ਛਾਪ 1871 ਈ.
ਸਮਾਂ : 1767 ਬਿਕਰਮੀ 1710 ਈ. ਨਸਤਾਲੀਕ

ਸਥਾਨ : ਛਾਪ ਮਿਸ਼ਨ ਪ੍ਰੈਸ ਕਲਕਤਾ

ਪੱਤਰੇ : 158 ਕੇਵਲ

ਚਿੱਤਰ : ਕੋਈ ਨਹੀਂ, ਸਬਹੈਡਿੰਗ ਲਾਲ ਰੰਗ

ਆਕਾਰ : 13X22 ਸ.ਮ. ਲਿਖਤ : ਨਸਾਖ਼

ਵੇਰਵਾ : ਕਾਗ਼ਜ਼ ਪੁਰਾਣਾ ਪੀਲਾ, ਪ੍ਰਤੀ ਪੰਨਾ 16 ਤੋਂ 19 ਸਤਰਾਂ ਕਾਤਬ ਨੇ ਆਪਣੀ ਸਹੂਲਤ ਵਾਸਤੇ ਵਿਚ ਵਿਚ ਗੁਰਮੁਖੀ ਲਿਪੀ ਵਿਚ ਸੰਕੇਤ ਦਰਜ ਕੀਤੇ ਹਨ ਅਤੇ ਈਸਵੀ ਸੰਨ ਅਤੇ ਬਿਕਰਮੀ ਸੰਨ ਵੀ ਲਿਖੇ ਹਨ।

ਆਮ ਵੇਰਵਾ : ਇਸ ਹਥਲਿਖਤ ਦਾ ਉਤਾਰਾ ਏਸ਼ੀਆਟਿਕ ਸੁਸਾਇਟੀ ਬੰਗਾਲ ਸ਼ਹਿਰ ਕਲਕਤਾ ਤੋਂ ਕੀਤਾ ਗਿਆ ਹੈ। ਕਾਤਬ ਕੋਈ ਗੁਰਮਖ ਸਿੱਖ ਹੈ। ਹਿਜਰੀ 1122 ਪੁਸਤਕ ਦਾ ਲਿਖਣ ਕਾਲ ਹੈ। ਵਿਚ ਵਿਚ ਫੁਟਨੋਟ ਵੀ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਵਿਚ ਦਰਜ ਕੀਤੇ ਹਨ। ਮੂਲ ਗ੍ਰੰਥ ਜੋ 385 ਸਫ਼ਿਆਂ ਉਤੇ ਆਧਾਰਿਤ ਹੈ, ਦਾ ਇਹ ਉਤਾਰਾ ਕੀਤਾ ਗਿਆ ਹੈ ਹਰ ਸਫ਼ੇ ਦੇ ਬਦਲਣ ਉਪਰ ਮੂਲ ਖਰੜੇ ਦਾ ਪੰਨਾ ਵਿਸ਼ੇਸ਼ ਤੌਰ ਉਤੇ ਦਰਜ ਕੀਤਾ ਗਿਆ ਹੈ।

ਵਿਸ਼ਾ : ਮੁੰਹਮਦ ਸਾਕੀ ਸਵੈਕਥਨ ਅਨੁਸਾਰ 40 ਸਾਲ ਤਕ ਮੁਗ਼ਲ ਰਾਜ ਦਾ ਖ਼ਬਰ ਨਵੀਸ ਰਿਹਾ। ਫਿਰ 10 ਸਾਲ ਲਿਖਾਰੀ ਦਾ ਕੰਮ ਕਰਦਾ ਰਿਹਾ। ਹਥਲੀ ਪੁਸਤਕ ਤੋਂ ਇਲਾਵਾ ਉਸਨੇ ਮਿਰਜ਼ਾ ਮੁੰਹਮਦ ਕਾਜ਼ਿਮ ਦਾ ਇਤਿਹਾਸ ਕਲਮਬੰਦ ਕੀਤਾ ਹੈ। ਇਤਿਹਾਸਿਕ ਘਟਨਾਵਾਂ ਸ਼ਾਹਜਹਾਨ ਮੁਗ਼ਲ ਬਾਦਸ਼ਾਹ ਦੀ ਗੱਦੀ ਨਸ਼ੀਨੀ ਤੋਂ ਸ਼ੁਰੂ ਕਰਕੇ ਬਿਆਨੀਆਂ ਹਨ। ਫਿਰ ਦਾਰਾ ਸ਼ਿਕੋਹ, ਸ਼ਾਹਸ਼ੁਜਾਅ, ਮੁਰਾਦ ਬਖ਼ਸ਼, ਸਲਮਾਨ ਸ਼ਿਕੋਹ, ਮੁਗ਼ਲ ਸ਼ਹਿਜ਼ਾਦਿਆਂ ਦੇ ਨਾਲ ਨਾਲ ਰਾਜਾ ਜਸਵੰਤ ਸਿੰਘ, ਕਾਸਿਮ ਖ਼ਾਨ, ਈਸਾ ਬੇਗ, ਰਾਜਾ ਜੈ ਸਿੰਘ ਆਦਿ ਦਰਬਾਰੀਆਂ ਦੇ ਹਾਲਾਤ ਦਰਜ ਹਨ। ਅਕਬਰਾਬਾਦ, ਦੀਪਾਲਪੁਰ, ਤਰਹਾਨਪੁਰ, ਔਰੰਗਾਬਾਦ, ਉਜੈਨ ਦੀਆਂ ਸਾਮਿਅਕ ਘਟਨਾਵਾਂ ਦਰਜ ਹਨ। ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਦੀ ਲੜਾਈ, ਖ਼ਾਨਾਜੰਗੀ ਦਰਜ ਹਨ। ਔਰੰਗਜ਼ੇਬ ਦੇ ਸ਼ਾਸ਼ਨ ਕਾਲ ਦੇ 40 ਵੇਂ ਸਾਲ ਤਕ ਦੀਆਂ ਘਟਨਾਵਾਂ ਇਸ ਹਥਲਿਖਤ ਵਿਚ ਦਰਜ ਹਨ। ਆਖ਼ਰੀ ਸਫ਼ਿਆਂ ਉਤੇ ਨਕਲ ਕਰਤਾ ਇੱਕਾ ਦੁਕਾ ਹਰਫ ਪੜ੍ਹ ਨਹੀਂ ਸਕਿਆ ਤੇ ਉਸਨੇ ਥਾਂ ਖ਼ਾਲੀ ਛਡੀ ਹੈ। ਮਧਕਾਲੀਨ ਭਾਰਤ ਦੇ ਇਤਿਹਾਸ ਉਤੇ ਖੋਜ ਕਰਨ ਵਾਲਿਆ ਲਈ ਇਹ ਲਿਖਤ ਲਾਭਕਾਰੀ ਹੈ।

ਆਰੰਭ : ਇੰਤਖਾਬ ਸਹਾਇਫ਼ ਈਜਾਦ ਉਨਸੋ ਜਾਨ.....................

ਅੰਤ : (ਬੀਜਾਪੁਰ) ਮਾਮੂਰ ਸ਼ੁਦਹ ਪ ਸ਼ਾਨੀਏ ਦੌਲਤ ਬਾ ਮਸਜੂਦੇ ਵਾਲਾ ਮੁਨਵਰਬਾਦ।

ਹੱਥ ਲਿਖਤ ਨੰ : MS 477

ਸ੍ਰੋਤ : ਸਫਲ ਸਿੰਘ ਰੋਪੜ

ਸਿਰਲੇਖ : **ਮੁਆਸਰਿ ਆਲਮਗੀਰੀ (ਭਾਗ ਦੂਜਾ) ਫ਼ਾਰਸੀ**

ਲੇਖਕ : ਮੁਹੰਮਦ ਸਾਕੀ ਮੁਸਤਿਅਦ ਖ਼ਾਨ

ਲਿਖਾਰੀ : ਜਨਾਬ ਆਕਾ ਅਹਮਦ ਅਲੀ ਦਾਸ ਉਸਤਾਦ ਮਦਰਸਾਏ ਆਲੀਆ ਕਲਕਤਾ

ਲਿਪੀ ਕਾਲ : (ਰਚਨਾ ਕਾਲ) ਛਾਪ 1871 ਈ.

ਸਮਾਂ : 1767 ਬਿਕਰਮੀ 1710 ਈ.

ਸਥਾਨ : ਛਾਪ ਮਿਸ਼ਨ ਪ੍ਰੈਸ ਕਲਕਤਾ

ਪੱਤਰੇ : 221+ ਫ਼ੁਰਮਾਨ+ ਗੁਰਮੁਖੀ ਕ੍ਰਮਾਂਕ ਰਹਿਤ

ਚਿੱਤਰ : ਕੋਈ ਨਹੀਂ

ਆਕਾਰ : 14X22 ਸ.ਮ. ਲਿਖਤ : ਨਸਤਾਲੀਕ

ਵੇਰਵਾ : ਫ਼ਾਰਸੀ ਦੇ ਸਫ਼ਿਆਂ ਵਿਚ ਸਬ ਹੈਡਿੰਗ ਲਾਲ ਰੰਗ ਨਾਲ ਲਿਖੇ ਹਨ। ਪ੍ਰਤੀ ਪੰਨਾ 16 ਤੋਂ 17 ਸਤਰਾਂ ਔਸਤ ਵਾਰ ਦਰਜ ਹਨ ਅਤੇ ਨਕਲ ਕਰਤਾ ਨੇ ਖ਼ਾਸ ਖ਼ਾਸ ਵਿਸ਼ਿਆਂ ਨੂੰ ਹੇਠਾਂ ਲਾਈਨਾਂ ਲਗਾਕੇ ਜਾਂ ਡਬੀ ਬਨਾਕੇ ਸੁੰਦਰ ਬਣਾਇਆ ਹੈ।

ਆਮ ਵੇਰਵਾ : ਵਿਸ਼ੇ ਪਖੋਂ ਔਰੰਗਜ਼ੇਬ ਮੁਗ਼ਲ ਬਾਦਸ਼ਾਹ ਦੇ ਜੀਵਨ ਹਾਲਾਤ ਉਸਦੇ ਸ਼ਾਸਨ ਕਾਲ ਦੇ 41 ਵੀਂ ਵਰ੍ਹੇ ਤਕ ਦਰਜ ਕੀਤੇ ਹਨ। ਪੁਸਤਕ ਦਾ ਮਹੱਤਵਪੂਰਨ ਭਾਗ ਸ਼ਾਹੀ ਫ਼ੁਰਮਾਨ ਹਨ ਜੋ ਔਰੰਗਜ਼ਬ ਵਲੋਂ ਰਾਜਾ ਸੁਭਾਗ ਪ੍ਰਕਾਸ਼, ਸਨਦ ਨਾਮਾ ਕੈਲਾਖ, ਰਾਜਾ ਬਿਹਾਰੀ ਸਿੰਘ, ਰਾਜਾ ਬੁਧ ਪ੍ਰਕਾਸ਼ ਆਦਿ ਨੂੰ ਲਿਖੇ ਗਏ ਹਨ। ਇਤਿਹਾਸਕ ਤਥ ਪੰਨਾ 221 ਤਕ ਹਨ ਅਗੇ ਫ਼ੁਰਮਾਨਾਂ ਦੇ ਸਫ਼ਿਆਂ ਉਪਰ ਕ੍ਰਮਾਂਕ ਦਰਜ ਨਹੀਂ। ਸੰਕੇਤ ਦਿਤਾ ਗਿਆ ਹੈ ਕਿ ਇਹ ਫੁਰਮਾਨ HRL ਦੀ ਪੁਸਤਕ Acc. No. 3222 ਤੋਂ ਉਤਾਰੇ ਹੋਏ ਹਨ। ਨਕਲ ਕਰਤਾ ਨੇ ਆਪਣੇ ਅਧਿਅਨ ਸਹੂਲਤ ਵਾਸਤੇ ਵਿਚ ਵਿਚ ਗੁਰਮੁਖੀ ਲਿਪੀ ਅਤੇ ਬਿਕਰਮੀ ਸੰਮਤਾਂ ਦੀ ਵਰਤੋਂ ਵੀ ਕੀਤੀ ਹੈ। ਸਜੇ ਹਥ ਤੋਂ ਖੱਬੇ ਫ਼ਾਰਸੀ ਇਤਿਹਾਸ ਤੋਂ ਇਲਾਵਾ ਨਕਲ ਕਰਤਾ ਨੇ ਰੀਤੀ ਖੱਬੇ ਤੋਂ ਸਜੇ ਹੱਥ- ਗੁਰਮੁਖੀ ਲਿਪੀ ਵਿਚ ਗੁਰਮੁਖੀ ਅੰਕਾਂ ਅਤੇ ਹਿਜਰੀ ਤੇ ਈਸਵੀ ਕੈਲੰਡਰ ਦੀ ਵਰਤੋਂ ਕਰਦੇ ਹੋਏ ਔਰੰਗਜ਼ੇਬ ਆਲਮਗੀਰ ਦੀ ਵੇਰਵੇ ਸਹਿਤ ਜੀਵਨੀ ਦਰਜ ਕੀਤੀ ਹੈ। ਉਸ ਦੀਆਂ ਫ਼ੌਜੀ ਜਿੱਤਾਂ ਦਾ ਵਰਣਨ ਕੀਤਾ ਹੈ। ਗੁਰਮੁਖੀ ਲਿਪੀ ਵਿਚ ਲਿਖੇ ਇਸ ਭਾਗ ਵਿਚ ਵੀ ਨਕਲ ਕਰਤਾ ਨੇ ਔਰੰਗਜ਼ੇਬ ਦੀਆਂ ਚਿੱਠੀਆਂ ਫ਼ੁਰਮਾਨ ਹਵਾਲੇ ਵਜੋਂ ਫ਼ਾਰਸੀ ਲਿਪੀ ਵਿਚ ਵਰਤੇ ਹਨ। ਇਸੇ ਭਾਗ ਵਿਚ ਔਰੰਗਜ਼ੇਬ ਦੀ ਹੀਰਾ ਬਾਈ ਨਾਲ ਵਿਘਟਿਤ ਹੋਈ ਪ੍ਰੇਮ ਘਟਨਾ ਦਾ ਚਰਚਾ ਵਿਲਖਣ ਜਾਣਕਾਰੀ ਹੈ। ਨਕਲ ਕਰਤਾ ਦੀ ਲਿਖਾਈ ਸ੍ਰ: ਰਣਧੀਰ ਸਿੰਘ ਦੀ ਲਿਖਾਈ ਨਾਲ ਮੇਲ ਕਰਦੀ ਹੈ।

ਆਰੰਭ :

ਅੰਤ :

ਹੱਥ ਲਿਖਤ ਨੰ : MS 478

ਸ੍ਰੋਤ : ਦਰਜ ਨਹੀਂ

ਸਿਰਲੇਖ : **ਸ਼ੀਰੀਨ ਖ਼ੁਸਰੋ (ਫ਼ਾਰਸੀ)**

ਲੇਖਕ : ਨਜ਼ਾਮੀ ਗੰਜਵੀ

ਲਿਖਾਰੀ : ਨਕਲ ਮਮਲੂਤ ਹਾਫ਼ਿਜ਼

ਲਿਪੀ ਕਾਲ : (ਰਚਨਾ ਕਾਲ) ਅਗਿਆਤ

ਸਮਾਂ : ਪੰਜਵੀਂ ਸਦੀ ਹਿਜਰੀ

ਸਥਾਨ : ਲਾਹੌਰ

ਪੱਤਰੇ : 18 -ੳ

ਚਿੱਤਰ : ਕੋਈ ਨਹੀਂ

ਆਕਾਰ : 30X17 ਸ.ਮ. ਲਿਖਤ : 26X12.5 ਨਸਤਾਲੀਕ

ਵੇਰਵਾ : ਮੁਖ ਤੌਰ ਉਤੇ ਮਿਤਨ ਸਿਆਹੀ ਨਾਲ ਲਿਖਿਆ ਹੈ। ਪਹਿਲੇ ਪੰਨੇ ਉਤੇ ਨੀਲੇ ਤੇ ਲਾਲ ਰੰਗ ਨਾਲ ਬੂਟੀਦਾਰ ਨਮੂਨਾ ਅਤੇ ਲਾਲ ਰੰਗ ਦੇ ਹੈਡਿੰਗ, ਸਬ ਹੈਡਿੰਗ ਦਿਤੇ ਹਨ। ਚਾਰ ਕਾਲਮਾਂ ਵਿਚ ਟੈਕਸਟ ਨਕਲ ਕੀਤਾ ਹੈ, ਹਰ ਸਫ਼ੇ ਉਤੇ ਗੋਲਡਨ, ਲਾਲ ਤੇ ਕਾਲੀਆਂ ਲਕੀਰਾਂ ਨਾਲ ਡਬੀਆਂ ਬਣਾਈਆਂ ਗਈਆਂ ਹਨ।

ਆਮ ਵੇਰਵਾ : ਹਮਦੋ ਸਨਾ ਤੋਂ ਬਾਦ ਨਾਅਤੇ ਰਸੂਲ, ਫਿਰ ਤੁਗ਼ਰਲ ਸ਼ਾਹ ਅਰਸਲਾਨ ਦੀ ਉਪਮਾ ਵਿਚ ਕਸੀਦਾ, ਸੁਲਤਾਨ ਸ਼ਮਸੁਦੀਨ ਅਬੂ ਜਾਅਫ਼ਰ ਮੁੰਹਮਦ ਦੀ ਉਪਮਾ ਅਬੂ ਜਾਅਫ਼ਰ ਕਜ਼ਲ ਅਰਸਲਾਨ ਦੀ ਉਪਮਾ ਬਿਆਨਣ ਪਿਛੋਂ ਕਥਾ ਵਾਰਤਾ ਸ਼ੁਰੂ ਕੀਤੀ ਹੈ। ਕਥਾਨਕ ਘਟਨਾ ਛੇਵੀਂ ਸਦੀ ਵਿਚ ਸ਼ਾਸਨ

ਕਰਦੇ ਸਾਸਾਨੀ ਬਾਦਸ਼ਾਹ ਖ਼ੁਸਰੋ ਅਤੇ ਸ਼ੀਰੀਂ (ਰੂਸੀ) ਦੀ ਪ੍ਰੇਮ ਕਥਾ ਉਤੇ ਆਧਾਰਿਤ ਹੈ। ਇਸ ਮਸਨਵੀਂ ਵਿਚ ਕਵੀ ਨੇ ਉਪਨਾਮ ਦੀ ਵਰਤੋਂ ਘਟ ਹੀ ਕੀਤੀ ਹੈ।

ਆਰੰਭ : ਖ਼ੁਦਾਵੰਦਾ ਦਰੀਂ ਤੌਫ਼ੀਕ ਬਰ ਮੁਸਹ। ਨਜ਼ਾਮੀ ਰਾ ਰਾਹੇ ਤਹਦੀਕ ਬਨੁਮਾ।

ਅੰਤ : ਸੁਖ਼ਨ ਰਾ ਬਾ ਸਆਦਤ ਖ਼ਤਮ ਕਰਦਮ। ਵਰਕ ਉਨਜਾ ਰਸਾਨਦਮੀ ਜ਼ਰ ਨਵਰਦਮ।

ਹੱਥ ਲਿਖਤ ਨੰ : MS 508

ਸ੍ਰੋਤ : ਅਸ਼ੋਕ ਸ਼ਮਸ਼ੇਰ ਸਿੰਘ

ਸਿਰਲੇਖ : **ਕਿੱਸਾ ਕਾਮਰੂਪ (ਫ਼ਾਰਸੀ)**

ਲੇਖਕ : ਕਾਜ਼ਿਮ ਬੇਗ ਨਕਲ ਬਧਾਵਾ ਮਲ ਖਤਰੀ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ ਈ.

ਸਮਾਂ : 14 ਫੱਗਣ 1893 ਬਿਕਰਮੀ 1836 ਈ.

ਸਥਾਨ : ਪਟਿਆਲਾ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 26.5X15 ਸ.ਮ. ਲਿਖਤ : 21X11.5 ਨਸਤਾਲੀਕ

ਵੇਰਵਾ : ਕਾਗ਼ਜ਼ ਪੁਰਾਣਾ ਜ਼ਰਦ। ਟੈਕਸਟ ਕਾਲੀ ਸਿਆਹੀ। ਕਿੱਸੇ ਦੇ ਪ੍ਰਤੀ ਪੰਨੇ ਉਤੇ ਔਸਤਨ 15 ਲਾਈਨਾਂ ਦਰਜ ਹਨ। ਪੰਨੇ ਹਾਸ਼ੀਆ ਰਹਿਤ। ਹੈਡਿੰਗ ਸਬਹੈਡਿੰਗ ਲਾਲ ਰੰਗ ਨਾਲ ਲਾਏ ਗਏ ਹਨ।

ਆਮ ਵੇਰਵਾ : ਇਸ ਪੁਸਤਕ ਦਾ ਵਿਸ਼ਾ ਲੋਕ ਕਥਾ ਕਹਾਣੀ ਹੈ। ਇਸ ਪੋਥੀ ਨੂੰ ਪਟਿਆਲਾ ਵਾਸੀ ਬਧਾਵਾ ਮੱਲ ਖਤਰੀ ਨੇ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਦੇ ਰਾਜਕਾਲ ਦੌਰਾਨ ਕਲਮਬੰਦ ਕੀਤਾ।

ਆਰੰਭ : ਕਿੱਸਾ ਪਰਦਾਜ਼ਾਂ ਗ਼ਰੀਬ ਆਸਾਰ ਦਾਸਤਾਨ ਤਰਾਜਾਂ ਸ਼ਵਾਨਹਿ

ਅੰਤ : ਬਾਦਸਤਖ਼ਤ ਅਹਿਕਰ ਅਲਇਬਾਦ ਬਧਾਵਾ ਮਲ ਖਤਰੀ ਸਾਕਿਨ ਕਸਬਾ ਪਟਿਆਲਾ ਦਰ ਅਹਿਦੇ ਮਹਾਰਾਜਾ ਪਟਿਆਲਾ ਮਹਾਰਾਜਾ ਕਰਮ ਸਿੰਘ ਮਹੇਂਦਰ ਪਟਿਆਲਾ ਤਹਿਰੀਰ ਯਾਫ਼ਤ।

ਹੱਥ ਲਿਖਤ ਨੰ : MS 527

ਸ੍ਰੋਤ : H.S, H.S

ਸਿਰਲੇਖ : **ਇਨਸ਼ਾਈਆਏ (ਫ਼ਾਰਸੀ)**

ਲੇਖਕ : ਮੋਹਣ ਲਾਲ ਬਕਲਮ ਖ਼ੁਦ

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ

ਸਮਾਂ : ਛੇ ਅਗਸਤ 1869 ਈ.

ਸਥਾਨ : ਅਗਿਆਤ

ਪੱਤਰੇ : 40 ਸਫ਼ੇ

ਚਿੱਤਰ : ਕੋਈ ਨਹੀਂ

ਆਕਾਰ : 24X16 ਸ.ਮ. ਲਿਖਤ : 20X11 ਨਸਤਾਲੀਕ

ਵੇਰਵਾ : ਕਾਗ਼ਜ਼ ਪੁਰਾਣਾ ਜ਼ਰਦ। ਪੂਰੀ ਪੁਸਤਕ ਕਾਲੀ ਸਿਆਹੀ ਨਾਲ ਲਿਖੀ ਗਈ ਹੈ। ਪ੍ਰਤੀ ਪੰਨਾ ਔਸਤਨ 12 ਤੋਂ 13 ਸਤਰਾਂ ਬਗ਼ੈਰ ਹਾਸ਼ੀਆ।

ਆਮ ਵੇਰਵਾ : ਅੰਦਰੂਨੀ ਹਵਾਲੇ ਅਨੁਸਾਰ ਮੋਹਣ ਲਾਲ ਨੇ ਇਸ ਹਥਲਿਖਤ ਵਿਚ ਕਸੂਰ ਕਸਬੇ ਦੇ ਨਿਵਾਸੀਆਂ ਅਬਾਦੁਲਾ, ਸੱਮਦ ਫ਼ਕੀਰ ਵਲਦ ਸ਼ੇਖ਼ ਮੁੰਹਮਦ ਇਬਨ ਸ਼ੇਖ਼ ਮੁੰਹਮਦ ਫ਼ੈਜ਼ੁਲਾ ਦੀ ਸਿਫ਼ਾਰਸ਼ ਉਤੇ ਸਕੂਲੀ ਵਿਦਿਆਰਥੀਆਂ ਨੂੰ ਫ਼ਾਰਸੀ ਵਿਚ ਚਿੱਠੀ ਲਿਖਣ ਦੀ ਕਲਾ ਵਿਚ ਹੁਨਰ ਸਿਖਾਉਣ ਦੇ ਮੰਤਵ ਨਾਲ ਨਮੂਨੇ ਦਿਤੇ ਹਨ। ਪੂਰੀ ਪੁਸਤਕ ਚਿਠੀ ਲਿਖਣ ਦੀ ਸਿਨਫ਼ ਵਿਚ ਲਿਖੀ ਹੋਈ ਹੈ। ਲੇਖਕ ਨੇ ਭਾਸ਼ਾਈ ਤਕਨੀਕਾਂ ਨੂੰ ਪ੍ਰਚਲਿਤ ਤੇ ਪ੍ਰਵਾਨਿਤ ਕਰਨ ਤੇ ਪ੍ਰਚਾਰਣ ਦੀ ਕੋਸ਼ਿਸ਼ ਕੀਤੀ ਹੈ।

ਆਰੰਭ : ਬਾਅਦ ਅਜ਼ ਹਮਦ ਵਾਫ਼ਰਹ ਵਸਿਕਾਏ ਤਕਾਸਰ ਵ ਦਰੂਦ ਮਅਮਦੂਦ............

ਅੰਤ : ਮੁਤਾਬਿਕ 6 ਅਗਸਤ 1869 ਈ. ਫ਼ਕਤ ਖ਼ਤਮ ਸ਼ੁਦ

ਹੱਥ ਲਿਖਤ ਨੰ : MS 528-ੳ

ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ

ਸਿਰਲੇਖ : **ਦੀਵਾਨੇ ਕਾਦਰੀ (ਫ਼ਾਰਸੀ)**

ਲੇਖਕ : ਕਾਦਰੀ (ਗ਼ੁਲਾਮ ਅਹਿਮਦ)

ਲਿਖਾਰੀ : ਨਾਮ ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) ਵੀਹਵੀਂ ਸਦੀ

ਸਮਾਂ : ਅਗਿਆਤ

ਸਥਾਨ : ਦਰਜ ਨਹੀਂ

ਪੱਤਰੇ : ਪੰਨਾ 77 ਤੋਂ 90 ਨਾਲ ਉਰਦੂ ਦੀਵਾਨ

ਚਿੱਤਰ : ਕੋਈ ਨਹੀਂ

ਆਕਾਰ : 19X14 ਸ.ਮ. ਲਿਖਤ : 15X9

ਵੇਰਵਾ : ਕਾਲੀ ਸਿਆਹੀ ਨਾਲ ਲਿਪੀਬੱਧ ਅਤੇ ਇਕਹਿਰੀ ਲਕੀਰੇ ਦੇ ਡਬੀਦਾਰ ਹਾਸ਼ੀਏ। ਫੁਟਨੋਟ ਅਥਵਾ ਹਵਾਲੇ ਤਸ਼ਰੀਹ ਵਜੋਂ ਹਾਸ਼ੀਏ ਤੋਂ ਬਾਹਰ ਲੇਟਵੀਂ ਲਿਖਤ ਵਿਚ ਦਿਤੇ ਹਨ। ਪ੍ਰਤੀ ਪੰਨਾ ਔਸਤਨ ਗਿਆਰਾਂ ਸਤਰਾਂ ਨਕਲ ਹਨ। ਕਾਗ਼ਜ਼ ਸਫ਼ੇਦ ਪੁਰਾਣਾ ਜ਼ਰਦ ।

ਆਮ ਵੇਰਵਾ : ਵਿਸ਼ਾ ਸੂਫ਼ੀ ਵਿਚਾਰਧਾਰਾ ਫ਼ਾਰਸੀ ਕਵਿਤਾ ਵਿਚ ਬਿਆਨ ਕੀਤਾ ਗਿਆ ਹੈ। ਪਰ ਗ਼ਜ਼ਲਾਂ ਰਦੀਫ਼ਵਾਰ ਦਰਜ ਨਹੀਂ। ਗ਼ਜ਼ਲਾਂ ਵਿਚ ਰਸੂਲ ਅਲਹ ਤੇ ਗੌਸੇ ਆਜ਼ਮ ਦੀ ਉਪਮਾ ਕੀਤੀ ਹੈ। ਰੁਮਾਂਟਿਕ ਸ਼ਬਦਾਵਲੀ ਵਿਚ ਹਕੀਕੀ ਇਸ਼ਕ ਦੀ ਤਰਜਮਾਨੀ ਕਰਨ ਵਿਚ ਸ਼ਾਇਰ ਮਾਹਿਰ ਹੈ। ਪੂਰੀ ਦੀ ਪੂਰੀ ਕਵਿਤਾ ਪੁਖ਼ਤਾ ਦਰਜੇ ਦੀ ਹੈ।

ਆਰੰਭ : ਐ ਸਦਰ ਬਜ਼ਮੇ ਮਰਸਲਾਨ ਮੁਸ਼ਤਾਕੇ ਦੀਦਾਰੇ ਤੋ ਅਮ...............

ਅੰਤ : ਅਜ਼ ਈਂ ਅਮਲਨ ਚਿ ਮੀ ਖ਼ਵਾਹੀ ਅਜ਼ ਈਂ ਇਨਸ਼ਾਇ ਚਿ ਮੀ ਜੋਈ।

ਹੱਥ ਲਿਖਤ ਨੰ : MS 528-ਅ

ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ

ਸਿਰਲੇਖ : **ਦੀਵਾਨੇ ਕਾਦਰੀ (ਉਰਦੂ)**

ਲੇਖਕ : ਕਾਦਰੀ (ਗ਼ੁਲਾਮ ਅਹਿਮਦ)

ਲਿਖਾਰੀ : ਦਰਜ ਨਹੀਂ

ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ

ਸਮਾਂ : 1871 ਈ.

ਸਥਾਨ : ਅਗਿਆਤ

ਪੱਤਰੇ : 76 ਪੰਨੇ

ਚਿੱਤਰ : ਕੋਈ ਨਹੀਂ
ਆਕਾਰ : 19X14 ਸ.ਮ. ਲਿਖਤ : 15X9 ਨਸਤਾਲੀਕ
ਵੇਰਵਾ : ਕਾਦਰੀ ਦੀ ਇਸ ਪੋਥੀ ਵਿਚ ਪ੍ਰਤੀ ਪੰਨਾ ਗਿਆਰਾਂ ਸਤਰਾਂ ਔਸਤਨ ਦਰਜ ਹਨ। ਇਕਹਿਰੀ ਲਕੀਰ ਦੀਆਂ ਡਬੀਆਂ ਵਾਲਾ ਹਾਸ਼ੀਆ। ਹਵਾਲੇ ਹਾਸ਼ੀਏ ਤੋਂ ਬਾਹਰ। ਕਾਗ਼ਜ਼ ਸਫ਼ੇਦ ਪੁਰਾਣਾ ਜ਼ਰਦ
ਆਮ ਵੇਰਵਾ : ਇਸ ਸੰਗ੍ਰਹਿ ਵਿਚ ਕਾਦਰੀ ਦੀਆਂ ਉਰਦੂ ਗ਼ਜ਼ਲਾਂ ਤੇ ਅਖ਼ੀਰ ਵਿਚ ਦੋ ਰੁਬਾਈਆਂ ਦਰਜ ਹਨ। ਵਿਸ਼ਾ ਰੁਮਾਂਟਿਕ ਕਵਿਤਾ ਦਾ ਹੈ। ਪਰ ਉਸ ਵਿਚ ਹਕੀਕਤ ਦੀ ਰੰਗਤ ਲੇਸ਼ ਮਾਤਰ ਹੈ।
ਆਰੰਭ : ਸਾਕੀ ਨੇ ਜਾਮ ਜਬ ਮਏ ਵਹਦਤ ਪਿਲਾ ਦੀਆ । ਹਰ ਸ਼ਾਨ ਮੇ ਜਮਾਲੇ ਮੁੰਹਮਦ ਦਿਖਾ ਦੀਆ ।
ਅੰਤ : ਹਸਰਤ ਮੇ ਨ ਸੂਝੀ ਹੈ ਤਕਬੀਰੇ ਕਾਰ ਕੁਝ, ਨ ਦਿਲ ਰਹਾ ਹੈ ਹਾਥ ਮੇ ਨਾ ਦਿਲ ਰੁਬਾ ਮਿਲਾ ।

ਹੱਥ ਲਿਖਤ ਨੰ : MS 528-ੲ
ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ
ਸਿਰਲੇਖ : **ਨਿਸ਼ਾਤੁਲ ਇਸ਼ਕ ਰਿਸਾਲਾ (ਫ਼ਾਰਸੀ)**
ਲੇਖਕ : ਅਮਾਮੁਦੀਨ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) ਉਨ੍ਹੀਵੀਂ ਸਦੀ
ਸਮਾਂ : 1885 ਈ.
ਸਥਾਨ : ਅਗਿਆਤ
ਪੱਤਰੇ : 70 ਪੰਨੇ
ਚਿੱਤਰ : ਕੋਈ ਨਹੀਂ
ਆਕਾਰ : 19X14 ਸ.ਮ. ਲਿਖਤ : 15X9 ਨਸਤਾਲੀਕ
ਵੇਰਵਾ : ਕਾਗਜ਼ ਸਲੇਟੀ ਰੰਗ। ਪ੍ਰਤੀ ਪੰਨਾ ਔਸਤਨ ਪੰਦਰਾਂ ਲਾਈਨਾਂ ਦਰਜ ਹਨ। ਪੂਰੀ ਨਕਲ ਸਿਆਹੀ ਵਿਚ ਉਤਾਰੀ ਗਈ ਹੈ। ਹੈਡਿੰਗ ਤੇ ਸਬਹੈਡਿੰਗ ਕਾਲੇ ਪਰ ਮੋਟੇ ਅਖਰਾਂ ਵਿਚ ਦਰਜ ਹਨ।
ਆਮ ਵੇਰਵਾ : ਕਾਤਬ ਅਮਾਮੁਦੀਨ ਨੇ ਇਹ ਪੋਥੀ ਹਜ਼ਰਤ ਖ਼ੈਰੂਦੀਨ ਸ਼ਾਹ ਦੇ ਗਦੀ ਨਸ਼ੀਨ ਜਾਂ ਮਜਾਵਰ ਭਾਈ ਉਮਰ ਬਖ਼ਸ਼ ਵਾਸਤੇ ਨਕਲ ਕੀਤੀ। ਇਸਨੂੰ ਸ਼ਰਅ ਰਿਸਾਲਾ ਗ਼ੌਸੀਆ ਦਾ ਨਾਮ ਵੀ ਦਿਤਾ ਹੈ। ਪੋਥੀ ਦਾ ਵਿਸ਼ਾ ਸੂਫ਼ੀ ਇਸਤਿਲਾਹਾਂ ਤੇ ਮੁਹਾਵਰਿਆਂ ਦੀ ਫ਼ਾਰਸੀ ਵਿਚ ਤਰਜਮਾਨੀ ਕਰਨਾ ਹੈ। ਸੂਫ਼ੀ ਸ਼ਬਦਾਵਲੀ ਅਬਜਦ ਵਾਰ ਤਰਤੀਬ ਕੀਤੀ ਗਈ ਹੈ।
ਆਰੰਭ : ਨਿਸ਼ਾਤੁਲ ਇਸ਼ਕ ਸ਼ਰਅ ਰਿਸਾਲਾ ਗ਼ੌਸ਼ੀਆ ਬਾ ਇਜ਼ਾਜ਼ਤ ਜਨਾਬ ਹਾਦੀ ਬਮੌਲਾਨਾ
ਅੰਤ : ਹਕ ਮੁਕਦਮਾ ਹੱਕ ਤੁਮਤ ਬਾ ਕਲਮੇ ਹਕੀਰ ਬੰਦਾ ਅਮਾਮੁਦੀਨ।

ਹੱਥ ਲਿਖਤ ਨੰ : MS 528-ਸ
ਸ੍ਰੋਤ : ਅਸ਼ੋਕ, ਸ਼ਮਸ਼ੇਰ ਸਿੰਘ
ਸਿਰਲੇਖ : **ਰਿਸਾਲਾ ਰਮਜ਼ੁਲ ਇਸ਼ਕ**
ਲੇਖਕ : ਕਾਦਰੀ ਗ਼ੁਲਾਮ ਅਹਿਮਦ / ਦਾਊਦ ਬੁਖ਼ਾਰੀ
ਲਿਖਾਰੀ : ਦਰਜ ਨਹੀਂ
ਲਿਪੀ ਕਾਲ : (ਰਚਨਾ ਕਾਲ) 1871
ਸਮਾਂ : 1871
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਨਹੀਂ ਲਗੇ

ਚਿੱਤਰ : ਕੋਈ ਨਹੀਂ

ਆਕਾਰ : 19X14 ਸ.ਮ. ਲਿਖਤ : 15X9 ਨਸਤਾਲੀਕ

ਵੇਰਵਾ : ਮੂਲ ਮਿਤਨ ਲਾਲ ਰੰਗ ਨਾਲ ਅਰਬੀ ਵਿਚ ਇਜ਼ਾਫ਼ਤਾਂ ਅਤੇ ਲਗਾਮਾਤਰਾਂ ਪੂਰੀ ਤਰਾਂ ਲਗਾਕੇ ਹੈਡਿੰਗ ਦੇ ਦਿਤੇ ਹਨ ਜੋ ਲਾਲ ਰੰਗ ਵਿਚ ਹਨ। ਕਾਗ਼ਜ਼ ਸਫ਼ੇਦ ਪੁਰਾਣਾ ਤੇ ਜ਼ਰਦ ਹੈ। ਇਕਹਿਰੀ ਲਾਈਨ ਦੇ ਡਬੀਦਾਰ ਹਾਸ਼ੀਏ ਦੇ ਵਿਚ ਨਕਲ ਕੀਤੀ ਗਈ ਹੈ।

ਆਮ ਵੇਰਵਾ : ਲੇਖਕ ਦਾ ਮੰਤਵ ਸੂਫ਼ੀਆਨਾ ਵਿਚਾਰਧਾਰਾ ਦੀ ਤਰਜਮਾਨੀ ਕਰਨਾ ਹੈ। ਹਕੀਕਤੁਲਜਮਾਲ, ਮਰਾਤਿਬ ਵਜੂਬ ਔਲੀਆ, ਵਹਿਦਤ, ਵਹਿਦੀਅਤ, ਮਰਾਤਬ ਜ਼ਹੂਰ ਮਰਾਤਿਬੁਲ ਹਦੂਦ ਅੰਬੀਆ, ਐਮਾ ਅਲੈ ਰੂਹ। ਆਲਮ ਅਲਜਿਸਾਮ, ਜਮਾਅ ਮਰਾਤਿਬ ਜਿਸਮ ਮੁਤਲਿਕ ਆਦਿ ਸੂਖਮ ਵਿਚਾਰਾਂ ਨੂੰ ਅਭਿਵਿਅਕਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਕਲ ਦੇ ਕਥਨ ਅਨੁਸਾਰ ਇਹ ਮਿਸ਼ਕਾਤੁਲ ਸ਼ਰੀਫ਼ ਜੋ ਹਦੀਸਾਂ ਦੀ ਮਹਤਵਪੂਰਨ ਪੁਸਤਕ ਹੈ। ਇਹ ਹਥਲਿਖਤ ਸੂਫ਼ੀ ਵਿਚਾਰਧਾਰਾ ਦੇ ਅਧਿਐਨ ਲਈ ਗੁਣਕਾਰੀ ਹੈ।

ਆਰੰਭ : ਵਹੀ ਵਹੀ ਨਾ ਦੂਜਾ ਕੋਏ ਪ੍ਰਭ ਭਗਤ ਹੋਏ ਯਾ ਮੁਹੰਮਦ ਹੋਏ

ਅੰਤ : ਹਾਜ਼ਾ ਨਕਲ ਅਜ਼ ਕਿਤਾਬ ਮਿਸ਼ਕਾਤੁਲ ਸ਼ਰੀਫ਼ ਅਜ਼ ਕਿਤਾਬੇ ਇਲਮ ਸਫ਼ਾ 29 ਸਤਰ 26 ਦਾਊਦ ਬੁਖ਼ਾਰੀ।

ਹੱਥ ਲਿਖਤ ਨੰ : MS 529

ਸ੍ਰੋਤ : ਅਸ਼ੋਕ ਸ਼ਮਸ਼ੇਰ ਸਿੰਘ

ਸਿਰਲੇਖ : **ਮਸਨਵੀ ਹੀਰ ਰਾਂਝਾ ਕਿੱਸਾ (ਫ਼ਾਰਸੀ)**

ਲਿਖਾਰੀ : ਫ਼ਕੀਰ ਅਲਹ ਸ਼ਾਹ ਆਫ਼ਰੀਨ

ਸਮਾਂ : 1143 ਹਿਜਰੀ

ਰਚਨਾ ਕਾਲ : ਦਰਜ ਨਹੀਂ

ਸਥਾਨ : ਅਗਿਆਤ

ਪੱਤਰੇ : 86 – ਅ

ਚਿੱਤਰ : ਕੋਈ ਨਹੀਂ

ਆਕਾਰ : 21 X 14.5 ਸ.ਮ. ਲਿਖਤ : 17.5 X 10 ਸ.ਮ. ਨਸਤਾਲੀਕ

ਵੇਰਵਾ : ਮਿਤਨ ਸਿਆਹੀ ਨਾਲ ਨਕਲ ਕੀਤਾ ਗਿਆ ਹੈ। ਹੈਡਿੰਗ ਤੇ ਸਬ ਹੈਡਿੰਗ ਲਾਲ ਰੰਗ ਵਿਚ। ਦੋ ਕਾਲਮੀ ਡਬੀਆਂ ਬਾਹਰੀ ਹਾਸ਼ੀਆ ਲਾਈਨਦਾਰ ਕਾਲਾ ਅਤੇ ਅੰਦਰਲਾ ਦੋਹਰੀ ਲਾਈਨ ਦਾ ਹਾਸ਼ੀਆ ਲਾਲ। ਪ੍ਰਤੀ ਪੰਨਾ ਔਸਤਨ 13 ਲਾਈਨਾਂ।

ਆਮ ਵੇਰਵਾ : ਹਮਦੋ ਸਨਾ, ਮਨਾਜਾਤ, ਨਅਤੇ ਰਸੂਲ, ਜ਼ਿਕਰ ਮਿਅਰਾਜ, ਸਬਬੇ ਤਾਲੀਫ਼ ਕਿਤਾਬ ਆਦਿ ਰਿਵਾਇਤੀ ਰਸਮਾਂ ਪਿਛੋਂ ਕਿੱਸਾ ਕਥਾ ਸ਼ੁਰੂ ਕੀਤੀ ਹੈ। ਸ਼ੁਰੂ ਵਿਚ ਹੀ ਪੰਨਾ 18 ਅਤੋਂ ਹੀਰ ਦੀ ਸੁੰਦਰਤਾ ਦਾ ਵਰਣਨ ਕਰਨ ਪਿਛੋਂ ਹੀਰ ਰਾਂਝੇ ਦੀ ਕਹਾਣੀ ਵਰਣਨ ਆਰੰਭਿਆ ਹੈ। ਰਾਂਝਾ ਹੀਰ ਦੇ ਮਿਲਣ ਦੀ ਕਥਾਨਕ ਵਿਚ ਆਮਦ ਦਰਿਆ ਕਿਨਾਰੇ ਬੇੜੀ ਵਿਚ ਬੈਠਣ ਤੋਂ ਹੁੰਦੀ ਹੈ।

ਆਰੰਭ : ਬਨਾਮੇ ਚਮਨ ਸਾਜ਼ ਨਾਜ਼ੋ ਨਿਆਜ਼ ਲਾਚਾਰ ਨਯਾਜ਼ਸ਼ ਬਵਦ ਬਰਗ ਨਾਜ਼

ਅੰਤ : ਗੁਲਿਸਤਾਨ ਕੁਨ ਸੁਬਹ ਵ ਸ਼ਾਮ ਮਸ਼ਵੀ ਚਮਨ ਸਾਜ਼ੀ ਐਸ਼ ਮਦਾਮਮ ਸ਼ਵੀ

ਹੱਥ ਲਿਖਤ ਨੰ : MS 530
ਸ੍ਰੋਤ : ਅਸ਼ੋਕ ਸ਼ਮਸ਼ੇਰ ਸਿੰਘ
ਸਿਰਲੇਖ : **ਨੈਰੰਗੇ ਇਸ਼ਕ (ਫ਼ਾਰਸੀ)**
ਲਿਖਾਰੀ : ਮੁੰਹਮਦ ਅਕਰਮ ਕੁੰਜਾਹੀ ਗ਼ਨੀਮਤ
ਸਮਾਂ : ਅਗਿਆਤ
ਰਚਨਾ ਕਾਲ : ਅਗਿਆਤ
ਸਥਾਨ : ਨਕਲ ਕਰਤਾ ਕਾਲਿਆਂਵਾਲਾ (ਅੰਮ੍ਰਿਤਸਰ)
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 21X14.5 ਸ.ਮ. ਲਿਖਤ : 15X7.5 ਸ.ਮ. ਨਸਤਾਲੀਕ
ਵੇਰਵਾ : ਲਾਲ ਰੰਗ ਦਾ ਹਾਸ਼ੀਆ ਦੋ ਕਾਲਮਾਂ ਅਤੇ ਕਾਲੀ ਸਿਆਹੀ ਵਿਚ ਲਿਖਤ। ਔਸਤਨ ਹਰ ਪੱਤਰੇ ਉਤੇ 15 ਸਤਰਾਂ ਦਰਜ ਹਨ ਬਾਹਰੀ ਹਾਸ਼ੀਆ ਦੋ ਲਾਈਨਾਂ ਤੋਂ ਬਾਹਰ ਕਾਲੀ ਲਾਈਨਾਂ ਦਾ ਹਾਸ਼ੀਆ ਵੀ ਲਗਾਇਆ ਹੋਇਆ ਹੈ।
ਆਮ ਵੇਰਵਾ : ਬਾਹਰੀ ਹਵਾਲਿਆਂ ਅਨੁਸਾਰ ਇਸ ਕਿੱਸੇ ਦੇ ਰਚਨਾ, ਔਰੰਗਜ਼ੇਬ ਦੇ ਰਾਜਕਾਲ ਦੌਰਾਨ ਹੋਈ। ਇਹ ਕਿੱਸਾ ਵੀ ਦੋ ਸਤਰਾਂ ਦੇ ਰਦੀਫਮੇਲ ਅਥਵਾ ਮਸਨਵੀ ਰੂਪ ਵਿਚ ਲਿਖਿਆ ਹੈ। Indo-Persian ਸਬਕ ਦੀ ਮਹਤਵਪੂਰਨ ਵੰਨਗੀ ਹੈ। ਕਿਸੇ ਦਾ ਕਥਾਨਕ ਪ੍ਰੇਮ ਕਥਾ ਹੈ।
ਆਰੰਭ : ਬਾਇਸਮੇ ਦੇ ਕਲਮੇ ਬਾਦ ਆਗਾਜ਼ ਪਰਦਾਜ਼ੀ ਏ ਸ਼ਾਹਿਦੇ ਕਿਤਾਬ ਅਜ਼ ਰੇਖ਼ਤਨ ਰੰਗੇ ਸੁਖ਼ਨ ਦਰ ਮਕਾਮੇ ਤੌਹੀਦ............
ਅੰਤ : ਬਾ ਤਮਾਮ ਰਸੇਦ ਵ ਬਾ ਅੰਜਾਮ ਅੰਜਾਮੇਦ ਅਨਾਇਤੇ ਇਲਾਹੀ

ਹੱਥ ਲਿਖਤ ਨੰ : MS 546
ਸ੍ਰੋਤ : ਅਸ਼ੋਕ ਸ਼ਮਸ਼ੇਰ ਸਿੰਘ
ਸਿਰਲੇਖ : **ਤਵਾਰੀਖ਼ ਹਜ਼ਰਤ ਖ਼ਵਾਜਾ ਮਹਮੂਦ/ ਪੀਰ ਬਨੂੰਵੀ (ਫ਼ਾਰਸੀ)**
ਲਿਖਾਰੀ : ਫ਼ਜ਼ਲ ਰਹਿਮਾਨ ਮੁਨਸ਼ੀ
ਸਮਾਂ : 1873 ਈ. 1920
ਰਚਨਾ ਕਾਲ : ਵੀਹਵੀਂ ਸਦੀ ਈਸਵੀਂ
ਸਥਾਨ : ਸੁਨਾਮ
ਪੱਤਰੇ : ਪੂਰੇ ਕ੍ਰਮਾਂਕ ਦਰਜ ਨਹੀਂ 116 ਤੋਂ ਅਗੇ ਕ੍ਰਮਾਂਕ ਰਹਿਤ
ਚਿੱਤਰ : ਕੋਈ ਨਹੀਂ
ਆਕਾਰ : 25X17 ਸ.ਮ. ਲਿਖਤ : 18X12 ਸ.ਮ. ਨਸਤਾਲੀਕ
ਵੇਰਵਾ : ਸਿਆਹੀ ਨਾਲ ਸਾਰਾ ਮਿਤਨ ਲਿਖਿਆ ਹੈ। ਹੈਡਿੰਗ ਅਤੇ ਸਬਹੈਡਿੰਗ ਵੀ ਦਿਤੇ ਹਨ ਅਤੇ ਹਰਫ਼ਾਂ ਦਾ ਆਕਾਰ ਵਧਾ ਕੇ ਵਖਰਤਾ ਦਿਖਾਈ ਹੈ। ਪ੍ਰਤੀ ਪੰਨਾ ਔਸਤਨ 13 ਸਤਰਾਂ ਦਰਜ ਹਨ। ਹਾਸ਼ੀਏ ਵਿਚ ਗੁਰਮੁਖੀ ਅਖਰਾਂ ਵਿਚ ਸੰਕੇਤ ਦਿਤੇ ਹਨ।
ਆਮ ਵੇਰਵਾ : ਖ਼ਵਾਜਾ ਦਾ ਪਿਛੋਕੜ ਖ਼ਵਾਜਾ ਮੁਈਨੁਦੀਨ ਚਿਸ਼ਤੀ ਨਾਲ ਜੋੜਿਆ ਗਿਆ ਹੈ। ਪੰਨੇ 20-22, ਮੁਢ ਵਿਚ ਸ਼ਮਸ ਤਬਰੇਜ਼ੀ ਦਾ ਮੁਲਤਾਨ ਵਿਚ ਆਉਣਾ ਤੇ ਚਮਤਕਾਰ ਦਿਖਾਉਣੇ ਵੀ ਬਿਆਨ ਕੀਤੇ ਹਨ। ਖ਼ਵਾਜਾ ਦਾ ਜਨਮ (447 ਹਿਜਰੀ ਦਰਜ ਹੈ) ਖ਼ਵਾਜਾ ਦਾ ਸੂਫ਼ੀਆਨਾ ਜੀਵਨ ਇਸ ਪੋਥੀ ਵਿਚ ਉਪਲਬਧ ਹੈ। ਭਾਰਤ ਦੀ ਤਸਵੁਫ਼ ਸ਼ਾਖ਼ਾ ਉਤੇ ਖੋਜ ਕਰਨ ਵਾਲਿਆਂ ਲਈ ਲਾਭਕਾਰੀ ਪੁਸਤਕ ਹੈ।

ਆਰੰਭ : ਸ਼ੇਖ਼ ਹਜ਼ਰਤ ਖ਼ਵਾਜਾ ਮਹਮੂਦ ਉਰਫ਼ ਪੀਰ ਬਨੋਈ ਵ ਕਾਜ਼ੀ ਮੁਅਜ਼ਦੀਨ ਵ ਖ਼ਵਾਜਾ ਗੌਹਰ ਬੀਆਬਾਨੀ ਵ ਪਿਆਰੇ ਪੰਥੀਆਂ ਮਸਤ

ਅੰਤ : ਦਰ ਮਰਦਮਾਨੇ ਮੱਕਾ ਮੁਅਜ਼ਮਾ ਵ ਯਸਰਬ ਸ਼ੋਰੇ ਕਿਆਮਤ ਬਰਖ਼ਾਸਤ ਵ ਗੁਲਗੁਲੇ ਨਦਾਮਤ ਵ ਗੁੰਬਦੇ ਨੀਲਗੂੰਨ ਬੁਲੰਦ ਗਰਦੀਦ

ਹੱਥ ਲਿਖਤ ਨੰ : MS 578
ਸ੍ਰੋਤ : ਸ਼ਮਸ਼ੇਰ ਸਿੰਘ ਅਸ਼ੋਕ
ਸਿਰਲੇਖ : **ਕਿਤਾਬ ਫ਼ਿਕਾ ਵਾ ਅਸੂਲ (ਅਰਬੀ)**
ਲਿਖਾਰੀ : ਅਗਿਆਤ
ਸਮਾਂ : 1296 AH
ਰਚਨਾ ਕਾਲ : ਦਰਜ ਨਹੀਂ
ਸਥਾਨ : ਪਟਿਆਲਾ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 22X12 ਸ.ਮ. ਲਿਖਤ : 15X6 ਸ.ਮ. ਕੂਫ਼ੀ
ਵੇਰਵਾ : ਕਿਰਮ ਖਾਧਾ ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਮਜ਼ਬੂਤ ਪੱਕਾ ਬੰਨ੍ਹਿਆਂ ਸਜਿਲਦ ਸੁਰਖ਼ੀਆ ਸੁਰਖ਼। ਮੂਲਪਾਠ ਸਿਆਹੀ। ਪ੍ਰਤੀ ਪੰਨਾ ਔਸਤਨ 15 ਸਤਰਾਂ ਦਰਜ ਹਨ। ਸੋਧਾਂ ਹਾਸ਼ੀਏ ਤੋਂ ਬਾਹਰ ਹਨ। ਹਾਸ਼ੀਆ ਲਕੀਰ ਰਹਿਤ ਛਡਿਆ ਗਿਆ। ਲਗਾਮਾਤਰਾਂ ਦੀ ਅਰਬੀ ਵਿਚ ਵਰਤੋਂ ਕੇਵਲ ਆਇਤਾਂ ਨੂੰ ਮੂਲ ਪਾਠ ਤੋਂ ਵਖਰਾ ਦਿਖਾਉਣ ਲਈ ਵਰਤਿਆ ਗਿਆ ਹੈ।
ਆਮ ਵੇਰਵਾ : ਇਹ ਹਥਲਿਖਤ ਮੁੰਹਮਦ ਹਸਨ ਵਜ਼ੀਰੇ ਆਜ਼ਮ ਰਿਆਸਤ ਪਟਿਆਲਾ ਦੀ ਘਰੇਲੂ ਲਾਇਬਰੇਰੀ ਦੀ ਮੁਹਰ ਨਾਲ ਸੁਸਜਿਤ ਹੈ। ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਨੇ 1951 ਈ. ਵਿਚ ਇਹ ਹਥਲਿਖਤ ਅਠ ਆਨੇ ਵਿਚ ਸਰਹੰਦ ਬਾਜ਼ਾਰ ਪਟਿਆਲਾ ਤੋਂ ਖ਼ਰੀਦੀ ਸੀ ਜੋ ਉਸ ਸਮੇਂ ਭਾਸ਼ਾ ਵਿਭਾਗ ਪਟਿਆਲਾ ਵਿਚ ਕਾਰਜ ਕਰਦੇ ਸਨ।ਲੇਖਕ ਦਾ ਨਾਮ ਦਰਜ ਨਹੀਂ। ਵਿਸ਼ੇ ਪਖੋਂ ਇਹ ਹਥਲਿਖਤ ਇਸਲਾਮੀ ਜੀਵਨ ਮੁਲਾਂ ਦੀ ਅਕਾਸੀ ਕਰਦੀ ਹੈ। ਇਸ ਨੂੰ ਲੇਖਕ ਨੇ ਵਖ ਵਖ ਅਧਿਆਇਆਂ ਅਤੇ ਉਪਆਧਿਅਇਆਂ ਵਿਚ ਵੰਡਿਆ ਹੈ। ਮੁਸ਼ਕਲ ਇਬਾਰਤਾਂ ਨੂੰ ਹਾਸ਼ੀਏ ਵਿਚ ਵਿਆਖਿਆ ਨਾਲ ਬਿਆਨ ਕੀਤਾ ਹੈ। ਇਹ ਪੁਸਤਕ ਕੁਰਾਨੀ ਹਦੀਸਾਂ ਤੇ ਬਿਆਨਾਂ ਤੋਂ ਬਾਹਰ ਨਹੀਂ ਜਾਂਦੀ। ਲੇਖਕ ਨੇ ਵਿਸ਼ੇ ਨੂੰ ਵਧੇਰੇ ਸ਼ਪਸ਼ੱਟ ਕਰਨ ਹਿਤ ਰਸੂਲ ਦੇ ਕਥਨ ਹਦੀਸਾਂ ਤੇ ਰਵਾਇਤਾਂ ਦੀ ਵਰਤੋਂ ਕੀਤੀ ਹੈ। ਧਰਮਅਧਿਅਨ ਦੇ ਖੋਜਾਰਥੀਆਂ ਲਈ ਇਹ ਪੁਸਤਕ ਲਾਭਕਾਰੀ ਹੈ।
ਆਰੰਭ : ਅਲਹਮਦ ਲਿਲਾਹਿ ਅਲਰੱਬ......ਵ ਅਲਅਹਿਆਮ ਤੁਫ਼ਜ਼ਲ ਬਵਾਬਿਹਅਲਇਸ਼ਾਤ ਅ ਵ ਅਲਸ਼ੁਕਰ
ਅੰਤ : ਲਾਹੌਲ ਵਲਾ ਕੁਵਤ ਵ ਇੱਲਾ ਅਲਤਾਲਿਆ ਅਲਅਜ਼ਾਮਾ ਮਿਨ ਅਮਰਅਲਹਾਲ ਕੁਨਦ ਦਰਾਂ ਜਾ ਮੁਰਹਮਤ ਸ਼ੁਦ ਜੁਦਾਏ ਹਉਲਾ

ਹੱਥ ਲਿਖਤ ਨੰ : MS 602
ਸ੍ਰੋਤ : ਅਸ਼ੋਕ ਸ਼ਮਸ਼ੇਰ ਸਿੰਘ
ਸਿਰਲੇਖ : **ਖ਼ੁਲਾਸਾਉਤ-ਤਵਾਰੀਖ਼ (ਫ਼ਾਰਸੀ)**
ਲਿਖਾਰੀ : ਨਕਲ ਕਰਤਾ ਕਾਦਰ ਜੀਵਨ
ਸਮਾਂ : 1807 ਬਿਕਰਮੀ

ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 30X18 ਸ.ਮ. ਲਿਖਤ : 23X11 ਸ.ਮ. ਨਸਾਖ਼, ਕੂਫ਼ੀ ਤੇ ਸ਼ਿਕਸਤਾ ਮਿਸ਼ਰਿਤ
ਵੇਰਵਾ : ਸੁਰਖ਼ੀਆਂ ਸੁਰਖ਼। ਕਾਗ਼ਜ਼ ਕਦੀਮ ਕਿਰਮ ਖਾਧਾ। ਪ੍ਰਤੀ ਪੰਨਾ ਸਤਰਾਂ ਦੀ ਗਿਣਤੀ ਵਧ ਘਟ ਤੇ ਅਖਰਾਂ ਦਾ ਆਕਾਰ ਵੀ ਵਧ ਘਟ ਮੂਲ ਪਾਠ ਸਿਆਹੀਦਾਰ। ਕਈ ਥਾਵਾਂ ਉਤੇ ਥਾਂ ਛਡੀ ਗਈ ਕਿਉਂਕਿ ਨੱਕਾਲ ਮੂਲ ਪਾਠ ਉਠਾ ਨਹੀਂ ਸਕਿਆ। ਸੋਧਾਂ ਤੇ ਵਾਧੇ ਹਾਸ਼ੀਏ ਤੋਂ ਬਾਹਰ ਲਿਖੇ ਅਤੇ ਪੁਸ਼ਤਾ ਸੁਰਖਿਅਤ ਕੀਤਾ ਗਿਆ।

ਆਮ ਵੇਰਵਾ : ਇਸ ਹਥਲਿਖਤ ਦੇ ਦੀਬਾਚੇ (ਮੁਖਬੰਦ) ਵਿਚ ਭਾਰਤੀ ਵਿਦਵਾਨਾਂ ਵਲੋਂ ਫ਼ਾਰਸੀ ਵਿਚ ਹੋਏ ਬਹੁਤ ਸਾਰੇ ਕਾਰਜਾਂ ਦੇ ਪ੍ਰਮਾਣ ਪ੍ਰਾਪਤ ਹੁੰਦੇ ਹਨ। ਫ਼ਾਰਸੀ ਵਿਚ ਰਜਮਨਾਮਾ (ਮਹਾਂਭਾਰਤ) ਅਕਬਰ ਬਾਦਸ਼ਾਹ ਦੇ ਹੁਕਮ ਅਧੀਨ ਮੁਲਾਂ ਅਬਦੁਲ ਕਾਦਰ ਮਜਾਵਤੀ ਨੇ ਲਿਖਿਆ। ਸ਼ੇਖ਼ ਮੁੰਹਮਦ ਸੁਲਤਾਨ ਥਾਨੇਸਰੀ ਤੇ ਨਸੀਬ ਖ਼ਾਨ ਇਤਿਹਾਸਕਾਰ ਨੇ ਉਸਨੂੰ ਫ਼ਾਰਸੀ ਵਿਚ ਅਨੁਵਾਦ ਕੀਤਾ। ਸ਼ੇਖ਼ ਅਬੁਲ ਫ਼ਜ਼ਲ ਨੇ ਰਾਮਾਇਣ ਗ੍ਰੰਥ ਨੂੰ ਫ਼ਾਰਸੀ ਵਿਚ ਅਨੁਵਾਦ ਕੀਤਾ। ਕ੍ਰਿਸ਼ਨ ਜੀ ਬਾਰੇ ਹਰਿਵੰਸ਼ ਨਾਮੀ ਗ੍ਰੰਥ ਲਿਖਿਆ ਗਿਆ। ਅਕਬਰ ਦੇ ਫ਼ੁਰਮਾਨ ਤਹਿਤ ਮੁਲਾਂ ਸੀਰੀ ਨੇ ਭਾਗਵਤ ਪੁਰਾਣ ਅਤੇ ਯੋਗ ਵਸ਼ਿਸ਼ਟ ਹਿੰਦੀ ਤੋਂ ਫ਼ਾਰਸੀ ਵਿਚ ਅਨੁਵਾਦ ਕੀਤੇ। ਸਿੰਘਾਸਨ ਬਤੀਸੀ ਦਾ ਨਾਮ ਗੁਲਅਫਸ਼ਾਂ ਰਖਕੇ ਫ਼ਾਰਸੀ ਵਿਚ ਅਨੁਵਾਦ ਕੀਤਾ ਗਿਆ। ਰਾਜਾ ਭੋਜ ਦੇ ਵਜ਼ੀਰ ਪੰਡਿਤ ਬਰਿਜ ਨੇ ਰਾਜਾ ਬਿਕਰਮਾਜੀਤ ਦੇ ਹਾਲਾਤ ਕਲਮਬੰਦ ਕੀਤੇ ਤੇ ਮੁਸਾਈ ਵੇਣੀ ਰਾਮ ਨੇ ਫ਼ਾਰਸੀ ਅਨੁਵਾਦ ਕੀਤੇ ਮਹਮੂਦ ਗਜ਼ਨਵੀ ਨੇ ਬੁਹਤ ਸਾਰੀਆਂ ਸੰਸਕ੍ਰਿਤ ਤੇ ਹਿੰਦੀ ਪੁਸਤਕਾਂ ਨੂੰ ਫ਼ਾਰਸੀ ਵਿਚ ਅਨੁਵਾਦ ਕਰਵਾਇਆ, ਮੌਲਾਨਾ ਸ਼ਰਫੁਦੀਨ ਨੇ ਤੈਮੂਰਨਾਮਾ ਪੁਸਤਕ ਲਿਖੀ। ਅਬਦੁਰ ਰਹਮਾਨ ਜਾਮੀ ਦੇ ਭਤੀਜੇ ਮੌਲਾਨਾ ਹਾਤਿਫੀ ਨੇ ਬਾਬਰੀ ਤਾਰੀਖ਼ ਲਿਖੀ। ਅਤਾਬੇਗ ਕੁਜ਼ਵੈਨੀ ਨੇ ਅਕਬਰ ਨਾਮਾ ਲਿਖਿਆ, ਇਕਬਾਲ ਨਾਮਾ ਜਹਾਂਗੀਰੀ ਮੁਅਤਮਿਦ ਖ਼ਾਨ ਨੇ ਲਿਖਿਆ। ਇਸੇ ਪ੍ਰਵਿਰਤੀ ਦੇ ਅੰਤਰਗਤ ਲੇਖਕ ਨੇ ਇਹ ਇਤਿਹਾਸ ਪੁਸਤਕ ਲਿਖੀ ਤੇ ਔਰੰਗਜ਼ੇਬ ਬਾਦਸ਼ਾਹ ਨੂੰ ਭੇਟ ਕੀਤੀ ਜਿਸ ਨੇ ਇਸਦਾ ਮੌਜੂਦਾ ਨਾਮ ਤਜਵੀਜ਼ ਕੀਤਾ। ਅੰਦਰੂਨੀ ਹਵਾਲੇ ਅਨੁਸਾਰ ਉਕਤ ਬਾਦਸ਼ਾਹ ਦੇ ਚਾਲੀਵੇਂ ਰਾਜਕਾਲ ਦੌਰਾਨ ਇਹ ਪੋਥੀ ਲਿਖੀ ਗਈ 1108 ਹਿਜਰੀ ਵਿਚ ਮੁੰਕਮਲ ਹੋਈ। ਲੇਖਕ ਤੇ ਕਾਤਬ ਹਿੰਦੂ ਧਰਮ ਨਾਲ ਸੰਬੰਧ ਰਖਦੇ ਹਨ।

ਹਥਲੇ ਨੁਸਖੇ ਵਿਚ ਲੇਖਕ ਨੇ ਇਤਿਹਾਸਕਾਰੀ ਦੇ ਉਦੇਸ਼ ਨੂੰ ਪੂਰਾ ਰਖਿਆ ਹੈ। ਬਿਆਨ ਨੂੰ ਆਕ੍ਰਸ਼ਿਕ ਬਨਾਉਣ ਵਾਸਤੇ ਉਸਨੇ ਨਸਰ ਦੇ ਨਾਲ ਨਾਲ ਨਜ਼ਮ ਤੋਂ ਕੰਮ ਵੀ ਲਿਆ ਹੈ। ਇਸ ਨੁਸਖੇ ਦਾ ਮਹਤਵ ਇਸ ਪਖੋਂ ਵਧੇਰੇ ਹੈ ਕਿ ਲੇਖਕ ਨੇ ਇਤਿਹਾਸਿਕ ਤਥਾਂ ਦੇ ਵਰਨਣ ਦੇ ਨਾਲ ਨਾਲ ਕਈ ਥਾਵਾਂ ਦੇ ਭੂਗੋਲਿਕ ਸਥਿਤੀਆਂ ਦਾ ਵਰਣਨ ਤੇ ਬ੍ਰਿਤਾਂਤ ਸਰਲ ਭਾਸ਼ਾ ਵਿਚ ਦਿਤਾ ਹੈ। ਰਵਾਇਤ ਅਤੇ ਕੁਝ ਅੰਦਰੂਨੀ ਪ੍ਰਮਾਣਾਂ ਦੀ ਰੌਸ਼ਨੀ ਵਿਚ ਤਥ ਇਸ ਲੇਖਣੀ ਨੂੰ ਸੁਜਾਨ ਰਾਏ ਭੰਡਾਰੀ ਸਿਧ ਕਰਦੇ ਹਨ। ਹਥਲੀ ਨਕਲ ਕਿਸੇ ਮਹੰਤ ਕਾਦਰ ਜੀਵਨ ਨਾਮੀ ਵਿਅਕਤੀ ਨੇ 1801 ਬਿਕਰਮੀ ਵਿਚ ਪੂਰੀ ਕੀਤੀ। ਮਧਕਾਲੀਨ ਪੰਜਾਬ ਤੇ ਭਾਰਤ ਦੇ ਵਿਸ਼ੇ ਉਤੇ ਖੋਜ ਕਰਦੇ ਇਤਿਹਾਸਕਾਰਾਂ ਲਈ ਗੁਣਕਾਰੀ ਪੁਸਤਕ ਹੈ।

ਆਰੰਭ : ਨਕਾਸ਼ ਨਿਗਾਰ ਖ਼ਾਮਾਏ ਕਾਇਨਾਤ ਵ ਮੁਸਵਰੇ ਕਾਰਗਾਹ ਮੁਮਕਨਾਤ ਚੂੰ ਇਕਤਜ਼ਾਏ ਆਨ ਕਰਦ............

ਅੰਤ : ਬਾ ਸਲਤਨਤੇ ਪੰਜਾਹ ਵ ਦੋ ਸਾਲ ਵ ਦੋ ਮਾਹ ਵ ਬੀਸਤੋ ਹਸਤ ਰੋਜ਼ ਬਾ ਮੁਲਕੇ ਦਖਨ ਦਰ ਸ਼ਹਿਰੇ ਅਹਮਦ ਮਾਅਨੇ ਬਾ ਫ਼ੌਜ। ਤਮਾਮ ਸੁਦ ਬਾਖ਼ੈਰੋ ਬਰਕਤ– ਮਹੰਤ ਕਾਦਰ ਜੀਵਨ ਦਰ 1801

ਹੱਥ ਲਿਖਤ ਨੰ : MS 656
ਸ੍ਰੋਤ : ਅਗਿਆਤ
ਸਿਰਲੇਖ : **ਨਿਗਾਰਨਾਮਾ (ਫ਼ਾਰਸੀ) ਦੋ ਭਾਗ**
ਲਿਖਾਰੀ : ਮੁਨਸ਼ੀ ਲਾਲ ਚੰਦ
ਸਮਾਂ : ਦਰਜ ਨਹੀਂ
ਰਚਨਾ ਕਾਲ : ਅਗਿਆਤ
ਸਥਾਨ : ਲਾਹੌਰ
ਪੱਤਰੇ : 241
ਚਿੱਤਰ : ਕੋਈ ਨਹੀਂ
ਆਕਾਰ : 16X22 ਸ.ਮ. ਲਿਖਤ : ਸ਼ਿਕਸਤਾ
ਵੇਰਵਾ : ਦੋਹਰੀ ਲਾਲ ਰੰਗੀ ਲਾਈਨ ਤੇ ਬਾਹਰ ਨੀਲੀ ਲਾਈਨ ਹਾਸ਼ੀਆ ਲਗਾਕੇ ਸ਼ਿਕਸਤਾ ਲਿਪੀ ਰੂਪ ਵਿਚ ਲਿਖੀ ਕਾਵਿ ਰਚਨਾ ਹੈ ਨਿਰੰਤਰ ਲਿਖਤ ਹੈ ਬਿਨਾਂ ਕਿਸੇ ਹੈਡਿੰਗ ਦੇ ਲਿਖੀ ਹੋਈ ਹੈ।
ਆਮ ਵੇਰਵਾ : ਦੋ ਭਾਗਾਂ ਵਿਚ ਲਿਖੀ ਇਸ ਪੁਸਤਕ ਦਾ ਵਿਸ਼ਾ ਰੁਮਾਂਟਿਕ ਗਾਥਾ ਹੈ ਜੋ ਔਰੰਗਜ਼ੇਬ ਦੇ ਰਾਜਕਾਲ ਦੌਰਾਨ ਵਿਘਟਿਤ ਹੋਈ। ਮੂਲ ਖਰੜੇ ਦੀ ਇਹ ਨਕਲ ਚਰਨਦਾਸ ਪੁਤਰ ਸ੍ਰ. ਅਮਰ ਸਿੰਘ ਸਾਕਿਨ ਲਾਹੌਰ ਨੇ ਤਿਆਰ ਕੀਤੀ ਹੈ ਪਰ ਸੰਨ ਜੋ ਅਖ਼ੀਰਲੇ ਪੰਨੇ ਉਤੇ ਦਿਤਾ ਪੜ੍ਹਿਆ ਨਹੀਂ ਜਾਂਦਾ।
ਆਰੰਭ : ਬਾਇਸਮ ਅਲਹਿ ਅਲਰਹਮਾਨਿ ਰਹੀਮ। ਮੰਬਰੇ ਹਿਕਮਤ ਕਾਮਿਲਨ ਜ਼ੋਰੇ ਖ਼ੁਦ ਬਾਇਰਾਦਤੇ ਅਜ਼ਲੀ.........
ਅੰਤ : ਨਿਗਾਰਨਾਮਾ ਚਰਨਦਾਸ ਵਲਦ ਅਮਰ ਸਿੰਘ ਸਾਕਿਨ ਲਾਹੌਰ........ਅਗਰ ਕਸੇ.........ਵਾਵਾਗੁੰਦ......

ਹੱਥ ਲਿਖਤ ਨੰ : MS 827
ਸ੍ਰੋਤ : H.S, H.S
ਸਿਰਲੇਖ : **ਕਿਤਾਬੇ ਸਮਾਅ (ਫ਼ਾਰਸੀ-ਅਰਬੀ)**
ਲਿਖਾਰੀ : ਸ਼ੇਖ਼ ਅਬਦੁਲ ਮੋਹਾਨੀ/ ਸਈਦ ਅਲੀ ਅਹਮਦ
ਸਮਾਂ : ਦਰਜ ਨਹੀਂ
ਰਚਨਾ ਕਾਲ : ਅਗਿਆਤ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 23X14 ਸ.ਮ. ਲਿਖਤ : 18X9 ਸ.ਮ. ਨਸਤਾਲੀਕ ਤੇ ਕੂਫ਼ੀ ਮਿਸ਼ਰਿਤ
ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਸੁਰਖ਼ੀਆਂ ਸੁਰਖ਼। ਪ੍ਰਤੀ ਪੰਨਾ ਔਸਤਨ 15 ਸਤਰਾਂ ਦਰਜ ਹਨ। ਲਾਲ ਰੰਗਦਾਰ ਹਾਸ਼ੀਆ ਜੋ ਦੋ ਲਾਈਨਾਂ ਨਾਲ ਡਬੀਦਾਰ ਬਣਾਇਆ ਹੈ। ਪੋਥੀ ਵਿਚ ਅਲੀ ਅਹਮਦ ਦੇ ਨਾਮ ਦੀਆਂ ਮੋਹਰਾਂ ਲਗੀਆਂ ਹਨ। ਨਾਵਾਂ ਨੂੰ ਲਾਲ ਰੰਗ ਨਾਲ ਲਕੀਰ ਲਗਾਕੇ ਵਖ ਦਰਸਾਇਆ ਗਿਆ ਹੈ।
ਆਮ ਵੇਰਵਾ : ਪੁਸਤਕ ਦਾ ਵਿਸ਼ਾ ਸਮਾਅ ਤੇ ਤਸਵ੍ਵਫ਼ ਹੈ। ਇਸ ਵਿਚ ਸਮਾਵੀ ਗ਼ਜ਼ਲਾਂ ਤੇ ਕਿਤਏ ਦਰਜ ਹਨ। ਹਦੀਸਾਂ ਅਤੇ ਤਵਾਰੀਖ਼ੀ ਹਵਾਲਿਆਂ ਨਾਲ ਸਮਾਅ ਨੂੰ ਜਾਇਜ਼ ਸਿਧ ਕਰਨ ਦਾ ਜਤਨ ਕੀਤਾ ਗਿਆ

ਹੈ। ਨਜਮੁਦੀਨ ਕੁਬਰਾ, ਮੌਲਾਨਾ ਸਅਦੁਦੀਨ ਆਦਿ ਦੀਆਂ ਪੁਸਤਕਾਂ ਵਿਚੋਂ ਵੀ ਹਵਾਲੇ ਲਏ ਤੇ ਬਿਆਨ ਕੀਤੇ ਗਏ ਹਨ। ਦੂਸਰਾ ਭਾਗ ਸੈਫ ਅਲਸੁਸਲੂਲ ਨਾਮੀ ਪੋਥੀ ਵਿਚੋਂ ਉਧਰਿਤ ਹੈ। ਵਿਸ਼ਾ ਉਪੋਰਕਤ ਅਨੁਸਾਰ ਅਤੇ ਇਸ ਵਿਚ ਸਵਾਲ ਜਵਾਬ ਅੰਕਿਤ ਹਨ ਇਹ ਕਿਸੇ ਫ਼ਕੀਰ ਸੈਫ਼ੁਦੀਨ ਵਲਦ ਖ਼ਵਾਜਾ ਨਜਾਮੁਦੀਨ ਵਲਦ ਖ਼ਵਾਜਾ ਮੁੰਹਮਦ ਮਕੀਮ ਹਿਰਵੀ ਦੀ ਰਚਨਾ ਹੈ। ਤਸਵੁਫ਼ ਦੇ ਵਿਸ਼ੇ ਬਾਰੇ ਅਧਿਅਨ ਲਈ ਇਹ ਮਹਤਵਪੂਰਨ ਪੁਸਤਕ ਹੈ। ਉਪਰੰਤ ਅਰਬੀ ਭਾਸ਼ਾ ਵਿਚ ਸ਼ੇਖ਼ ਮੁੰਹਮਦ ਇਬਨ ਸ਼ੇਖ਼ ਫ਼ਜ਼ਲ ਅੱਲਾ ਦਾ ਲਿਖਿਆ ਸ਼ਜਰਾ ਨਿਸਬ ਨਕਲ ਕੀਤਾ ਹੋਇਆ ਹੈ। ਅਖ਼ੀਰ ਵਿਚ ਨੂਰੀਆ ਖ਼ਾਨਦਾਨ ਦਾ ਸ਼ਜਰਾ ਨਿਸਬ ਦਰਜ ਕੀਤਾ ਗਿਆ ਹੈ।

ਆਰੰਭ : ਕਲਮਾਤੇ ਇਫ਼ਤਤਾਹ ਅਲਮਕਤੂਬ ਅਲਤਾਸਿਅ ਵ ਅਲਅਸ਼ਰੂਨ ਫ਼ੀ ਅਲਵਜਦ ਵ ਹਾਲਾਤ ਅਲਅੰਬੀਆ, ਵ ਔਲੀਆ ਮਹਿਬੂਬੇਮ

ਅੰਤ : ਵਫ਼ਾਤੇ ਸ਼ਾਹ ਮਦਾਰ ਦਰ ਹਫ਼ਤਦਹਮ ਜਮਾਦੀਉਲ ਅਵਲ ਸੰਨ ਹਸ਼ਤਸਦ ਵਾ ਚਹਲ ਚਹਾਰ ਸ਼ਫ਼ੀਤੁਲ ਔਲੀਆ

ਹੱਥ ਲਿਖਤ ਨੰ : MS 876

ਸ੍ਰੋਤ : ਅਗਿਆਤ

ਸਿਰਲੇਖ : **ਤਾਰੀਖ਼ ਗ਼ੋਸ਼ਾਏ ਪੰਜਾਬ (ਉਰਦੂ)**

ਲਿਖਾਰੀ : ਪੰਡਤ ਰਾਧਾ ਕ੍ਰਿਸ਼ਨ ਕਸ਼ਮੀਰੀ

ਸਮਾਂ : 1861 ਈ.

ਰਚਨਾ ਕਾਲ : ਦਰਜ ਨਹੀਂ

ਸਥਾਨ : ਅਗਿਆਤ

ਪੱਤਰੇ : 56

ਚਿੱਤਰ : ਕੋਈ ਨਹੀਂ

ਆਕਾਰ : 27X24 ਸ.ਮ. ਲਿਖਤ : 19X16 ਸ.ਮ. ਸ਼ਿਕਸਤਾ

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਸੁਰਖਿਅਤ। ਪ੍ਰਤੀ ਪੰਨਾ ਔਸਤਨ 14 ਸਤਰਾਂ ਦਰਜ ਹਨ। ਮੂਲ਼ ਪਾਠ ਅਤੇ ਹੈਡਿੰਗ ਅਤੇ ਸਬਹੈਡਿੰਗ ਸਿਆਹੀ ਨਾਲ ਨਕਲ ਕੀਤੇ ਹਨ।

ਆਮ ਵੇਰਵਾ : ਲੇਖਕ ਮਲੇਰਕੋਟਲੇ ਦੇ ਹਾਕਮ ਨਵਾਬ ਮਹਬੂਬ ਅਲੀਖ਼ਾਨ ਦਾ ਮੁਲਾਜ਼ਮ ਸੀ –1854 ਸੰਮਤ ਤਕ ਉਥੇ ਹੀ ਰਿਹਾ ਉਸਨੇ ਫੂਲ ਖ਼ਾਨਦਾਨ-ਪਟਿਆਲਾ ਨਾਭਾ ਤੇ ਜੀਂਦ ਦੇ ਹਾਕਮਾਂ ਦਾ ਵਰਣਨ ਵੀ ਕੀਤਾ ਹੈ। ਮੂਲ ਰੂਪ ਵਿਚ ਪੁਸਤਕ ਰਚਣ ਦਾ ਮੁਢ ਦਸ ਗੁਰੂ ਸਾਹਿਬਾਨ ਦੇ ਜੀਵਨ ਵਰਣਨ ਤੋਂ ਸ਼ੁਰੂ ਕੀਤਾ ਹੈ। ਇਸ ਪੁਸਤਕ ਵਿਚ ਮਹਤਵਪੂਰਨ ਟੇਬਲ ਵੀ ਉਪਲਬਧ ਹਨ। ਪਹਿਲਾਂ ਗੁਰੂ ਸਾਹਿਬਾਨ ਬਾਰੇ, ਚੈਨਾ ਸਿੰਘ, ਗੁਰਬਖ਼ਸ਼ ਸਿੰਘ, ਫੂਲ ਬੰਸ ਦਾ ਸ਼ਜਰਾ ਨਿਸਬ, ਰਾਮੇ ਦਾ ਸ਼ਜਰਾ ਨਿਸਬ ਮਹਤਵਪੂਰਨ ਜਾਣਕਾਰੀ ਹੈ। ਬੈਰਾੜ ਬੰਸ ਬਾਰੇ ਵੀ ਜਾਣਕਾਰੀ ਕਾਫ਼ੀ ਉਪਲਬਧ ਹੁੰਦੀ ਹੈ। ਪੁਸਤਕ ਵਿਚ 1818 ਬਿਕਰਮੀ–1762 ਤੱਕ ਦੇ ਪੰਜਾਬ ਦੇ ਹਾਲਾਤ ਵਰਣਿਤ ਹਨ। ਇਹ ਪੁਸਤਕ ਮਾਲਵੇ ਦੇ ਇਤਿਹਾਸ ਬਾਰੇ ਵਿਖਲਣ ਸੂਚਨਾਵਾਂ ਦੇਂਦੀ ਹੈ।

ਆਰੰਭ : ਖ਼ਾਲਿਕ ਬੇਨਿਆਜ਼ ਕੀ ਦਰਗਾਹ ਮੇ ਖ਼ਾਕ ਰਾਧਾ ਕ੍ਰਿਸ਼ਨ ਪੰਡਤ ਕਸ਼ਮੀਰੀ ਸਾਕਿਨੇ ਕਦੀਮ ਬੁਰੇ ਹਾਲ ਲਾਹੌਰ

ਅੰਤ : ਰਿਆਸਤ ਰਈਸ ਕੋਟਲਾ ਨੇ ਕੁਛ ਰੁਪਯਾ ਨਜ਼ਰਾਨਾ ਕਾ ਅਹਮਦ ਸ਼ਾਹ ਦੁਰਾਨੀ ਕੋ ਦੇਕਰ ਸਿੱਕਾ ਜਾਰੀ ਕਰਾਇਆ ਚੁਨਾਚਿਕਿ ਅਹਮਦ ਸ਼ਾਹ ਕਾ ਸਿੱਕਾ ਅਭੀ ਤਕ ਰੁਪਯਾ ਵ ਅਸ਼ਰਫ਼ੀ

ਹੱਥ ਲਿਖਤ ਨੰ : MS 1031
ਸ੍ਰੋਤ : H.S, H.S ASR
ਸਿਰਲੇਖ : **ਇਨਸ਼ਾਈਆਏ ਫ਼ਾਰਸੀ**
ਲਿਖਾਰੀ : ਬਿਸ਼ਨ ਸਿੰਘ ਵਲਦ ਟੇਕ ਸਿੰਘ
ਸਮਾਂ : ਭਾਦੋਂ 1899 ਬਿਕਰਮੀ
ਰਚਨਾ ਕਾਲ : ਦਰਜ ਨਹੀਂ
ਸਥਾਨ : ਡੰਡਾ ਨਕੀਬਾਂ ਨਾਮੀ ਪਿੰਡ
ਪੱਤਰੇ : 52
ਚਿੱਤਰ : ਕੋਈ ਨਹੀਂ
ਆਕਾਰ : 25X17 ਸ.ਮ. ਲਿਖਤ : 17X10 ਸ.ਮ. ਨਸਤਾਲੀਕ
ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪ੍ਰਤੀ ਪੰਨਾ 12 ਸਤਰਾਂ-ਸੁਰਖ਼ੀਆਂ ਸੁਰਖ਼। ਮੂਲ ਪਾਠ ਸਿਆਹੀ ਨਾਲ ਲਿਖਿਆ। ਪੁਸ਼ਤਾ ਸੁਰਖਿਅਤ।
ਆਮ ਵੇਰਵਾ : ਵਿਸ਼ੇ ਪਖੋਂ ਇਹ ਪੁਸਤਕ ਫ਼ਾਰਸੀ ਦੇ ਵਿਦਿਆਰਥੀਆਂ ਵਾਸਤੇ ਸਹਾਇਕ ਪੁਸਤਕ ਹੈ ਇਸ ਵਿਚ ਫ਼ਾਰਸੀ ਜ਼ਬਾਨ ਵਿਚ ਚਿਠੀਆਂ, ਸ਼ਾਹੀ ਫ਼ੁਰਮਾਨ ਪਰਵਾਨੇ, ਅਰਜ਼ੀਆਂ ਅਤੇ ਰੁੱਕੇ ਲਿਖਣ ਦਾ ਢੰਗ ਵਰਣਿਤ ਹੈ। ਦੋਸਤਾਂ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਚਿਠੀ ਲਿਖਣ ਅਤੇ ਉਹਨਾਂ ਦੀਆਂ ਚਿੱਠੀਆਂ ਦੇ ਜਵਾਬ ਦੇਣ ਦੀ ਵਿਧੀ ਦਰਜ ਹੈ। ਲੇਖਕ ਨੇ ਉਕਤ ਮੰਤਵ ਹਿਤ ਵਰਤੀ ਜਾ ਸਕਣ ਵਾਲੀ ਢੁਕਵੀਂ ਸ਼ਬਦਾਵਲੀ ਵਰਣਨ ਕੀਤੀ ਹੈ।
ਆਰੰਭ : ਬਇਸਮਿ ਅਲਾਹ ਅਲਰਹਮਾਨਿ ਰਹੀਮ ਬਅਦ ਅਜ਼ ਹਮਦੋ ਸਨਾਏ ਮੁਰ ਹਜ਼ਰਤ ਈਜ਼ਦ ਮੁਤਆਲ ਵ ਕਾਦਰ ਅਲਜ਼ਲਾਲ ਵ ਅਲਫ਼ਜ਼ਾਲ
ਅੰਤ : ਨਵਿਸਤਾ ਬਮਾਨਦ ਸਿਆਹ ਬਰਸਫੇਦ। ਨਵੀਸੰਦਾ ਰਾ ਨੀਸਤ ਫ਼ਰਦਾ ਉਮੀਦ ਹਰ ਕਿ ਖਵਾਨਦ ਅਜ਼ ਊ ਤਮਹ ਦਾਰਮ॥ ਜ਼ਾਨਕਿ ਮਨ ਬੰਦਾਏ ਗੁਨਾਹਗਾਰਮ ਮਰਕੂਮ ਪਾਨਜ਼ਦਹਮੀ ਮਾਹ ਭਾਦੋਂ 1899 ਬਿ.

ਹੱਥ ਲਿਖਤ ਨੰ : MS 1032
ਸ੍ਰੋਤ : ਦਰਜ ਨਹੀਂ
ਸਿਰਲੇਖ : ਫ਼ਾਰਸੀਨਾਮਾ ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਤੇ ਦੀਵਾਨ ਭਾਈ ਨੰਦ ਲਾਲ (ਫ਼ਾਰਸੀ)
ਲਿਖਾਰੀ : ਬਿਸ਼ਨ ਸਿੰਘ ਸਪੁਤਰ ਭਾਈ ਤੇਗ਼ ਸਿੰਘ
ਸਮਾਂ : 1894 ਬਿਕਰਮੀ 1842 ਈ.
ਰਚਨਾ ਕਾਲ : ਸਤਾਹਰਵੀਂ ਸਦੀ
ਸਥਾਨ : ਅਗਿਆਤ
ਪੱਤਰੇ : 45
ਚਿੱਤਰ : ਕੋਈ ਨਹੀਂ
ਆਕਾਰ : 25X17 ਸ.ਮ. ਲਿਖਤ : 17X8 ਸ.ਮ. ਨਸਤਾਲੀਕ
ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਬਿਖਰਿਆ, ਸੁਰਖ਼ੀਆਂ ਸੁਰਖ਼। ਮੂਲ ਪਾਠ ਸਿਆਹੀ ਨਾਲ ਦਰਜ ਹੈ। ਦੋ ਕਾਲਮੀ ਵਿਧੀ ਅਪਨਾਈ। ਪ੍ਰਤੀ ਪੰਨਾ ਔਸਤਨ 12 ਸਤਰਾਂ ਦਰਜ ਹਨ। ਨੰਦ ਲਾਲ ਜੀ ਦੇ ਦੀਵਾਨ ਵਿਚ ਵੀ ਦੋ ਕਾਲਮੀ ਵਿਧੀ ਅਪਨਾਈ ਹੈ। ਗ਼ਜ਼ਲਾਂ ਦੇ ਆਖ਼ਰੀ ਬੰਦ (ਮਕਤੇ) ਕੇਂਦਰ ਵਿਚ ਦਰਜ ਕੀਤੇ ਹਨ।

ਆਮ ਵੇਰਵਾ : ਵਿਸ਼ੇ ਪਖੋਂ ਅਕਾਲ ਦੀ ਉਸਤਤ ਦੇ ਬੰਦ ਤੋਂ ਪਿਛੋਂ ਦਾਸਤਾਨ ਅਵਲ ਪੰਨਾ 57 ਅ ਤੋਂ 61 ਅ ਤੱਕ ਦਰਜ ਹੈ ਅਗੋਂ ਦੂਸਰੀ ਦਾਸਤਾਨ ਸ਼ੁਰੂ ਹੁੰਦੀ ਹੈ। ਜੋ ਭਾਖਾ ਦੀਆਂ ਚਾਰ ਤੁਕਾਂ ਬਾਅਦ ਸ਼ੁਰੂ ਹੋਕੇ 64 ੳ ਤੋਂ 66 ਅ ਤਕ ਅਤੇ ਤੀਸਰੀ ਅਤੇ ਇਵੇਂ ਹੀ ਕੁਲ 12 ਦਾਸਤਾਨਾਂ ਦਰਜ ਹਨ। ਇਹ ਪੁਸਤਕ ਨਕਲ ਕਰਤਾ ਨੇ ਅਸੂ ਮਹੀਨੇ 1899 ਸੰਮਤ ਵਿਚ ਮੁਕਾਈ ਅਤੇ ਫਿਰ ਦੀਵਾਨ ਗੋਇਆ ਭਾਈ ਨੰਦ ਲਾਲ ਨਕਲ ਕੀਤਾ ਹੈ ਜਿਸ ਵਿਚ ਉਸ ਦੀਆਂ ਗ਼ਜ਼ਲਾਂ ਤੇ ਰੁਬਾਈਆਂ ਇਕਤਰ ਕੀਤੀਆਂ। ਆਖ਼ਰ ਵਿਚ ਰਵਾਇਤੀ ਤੌਰ ਉਤੇ ਲੇਖਕ ਨੇ ਸ੍ਰੀ ਗਣੇਸ਼ ਨਮਹ ਅਤੇ ਮੀਰ ਮੁਹਈਉਦੀਨ ਦੀ ਉਪਮਾ ਕੀਤੀ ਹੈ। ਕਿਤਾਬ ਦੇ ਆਖ਼ਰੀ ਪੰਨਿਆਂ ਉਤੇ ਲੇਖਕ ਨੇ ਪੁਸਤਕ ਰਚਨ ਦਾ ਕਾਰਨ ਦਸਕੇ ਇਸਦਾ ਨਾਮ ਫ਼ਾਰਸੀ ਨਾਮਾ ਲਿਖਿਆ ਹੈ।

ਆਰੰਭ : ਇਕ ਓਂਕਾਰ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ। ਜ਼ਫ਼ਰਨਾਮਾ ਹੁਕਮਨਾਮਾ ਪਾਤਸ਼ਾਹੀ ਦਹਮ ਸ੍ਰੀ ਮੁਖਵਾਕ ਕਮਾਲੇ ਕਿਰਾਮਾਤ ਕਾਇਮ ਕਰੀਮ॥ ਰਜ਼ਾ ਬਖ਼ਸ਼ ਰਾਜ਼ਕ ਰਹਾਕੋ ਰਹੀਮ॥

ਅੰਤ : ਨਵਿਸਤਾ ਬਮਾਨਦ ਸਿਆਹ ਬਰ ਸਫ਼ੇਦ॥ ਨਵੀਸੰਦਹ ਨੀਸਤ ਫ਼ਰਦਾ ਉਮੀਦ॥

ਹੱਥ ਲਿਖਤ ਨੰ : MS 1043

ਸ੍ਰੋਤ : ਦਰਜ ਨਹੀਂ

ਸਿਰਲੇਖ : **ਖ਼ੁਤਬਾਤ ਬੋਸਤਾਨ ਹਿਕਮਤ (ਫ਼ਾਰਸੀ) ਅਧੂਰੀ**

ਲਿਖਾਰੀ : ਅਗਿਆਤ

ਸਮਾਂ : ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 25X21 ਸ.ਮ. ਲਿਖਤ : 25X10 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪ੍ਰਤੀ ਪੰਨਾ ਸਤਰਾਂ ਦਾ ਕੋਈ ਵਿਸ਼ੇਸ਼ ਫਾਰਮੂਲਾ ਨਹੀਂ ਬਹੁਤਾ ਅੰਤਰ ਹੈ। ਮਿਤਨ ਸਿਆਹ ਸੁਰਖ਼ੀਆਂ ਸਿਆਹ। ਕਾਵਿ ਬੰਦ ਹਰ ਪਾਸੇ ਵਿੰਗੇ ਟੇਢੇ ਕਰਨ ਉਪਰੰਤ ਦੋ ਦੋ ਸਤਰਾਂ ਵਿਚ ਲਿਖੇ ਹਨ।

ਆਮ ਵੇਰਵਾ : ਇਹ ਹਥਲਿਖਤ ਕਿਸੇ ਮੁੱਲਾਂ ਦੇ ਖ਼ੁਤਬੇ ਦਾ ਬਿਆਨ ਕਲਮ ਬੱਧ ਰੂਪ ਹੈ। ਲੇਖਕ ਨੇ ਇਸਲਾਮੀ ਦਰਸ਼ਨ ਨੂੰ ਪ੍ਰਚਾਰਣ ਹਿਤ ਮੂਲ ਰੂਪ ਵਿਚ ਅਸੂਲਾਂ ਤੇ ਨਿਅਮਾਂ ਨੂੰ ਬਿਆਨ ਕੀਤਾ ਹੈ। ਲਿਖਤ ਨੂੰ ਕਵਿਤਾ ਤੇ ਵਾਰਤਕ ਢੁਕਵੇਂ ਵਿਸ਼ਿਆਂ ਅਨੁਸਾਰ ਦਿਲਚਸਪ ਬਣਾਉਣ ਲਈ ਇਕ ਪ੍ਰਭਾਵਕਾਰੀ ਲਿਖਤ ਬਣਾਈ ਹੈ। ਲੇਖਕ ਦੇ ਖ਼ੁਤਬੇ ਤਾਂ ਹਨ ਹੀ ਨਾਲ ਹੀ ਉਰਦੂ ਤੇ ਫ਼ਾਰਸੀ ਦੋਹਾਂ ਭਾਸ਼ਾਵਾਂ ਵਿਚ ਇਸ ਪੁਸਤਕ ਦੇ ਵਿਸ਼ੇ ਉਪਲਬਧ ਹਨ। ਲੇਖਕ ਨੇ ਫ਼ਾਰਸੀ ਦੇ ਨਾਲ ਨਾਲ ਉਰਦੂ ਦੀ ਸ਼ਾਇਰੀ ਵੀ ਬਿਆਨ ਕੀਤੀ ਹੈ। ਪੁਸਤਕ ਨੂੰ ਲੇਖਕ ਨੇ ਪ੍ਰਭਾਵਕਾਰੀ ਬਣਾਉਣ ਹਿਤ ਉਰਦੂ ਫ਼ਾਰਸੀ ਦੇ ਸ਼ਿਅਰਾਂ ਤੇ ਬੈਤਾਂ ਨੂੰ ਉਪਰਲੀ, ਟੇਢੀ ਪਧਰੀ ਹਰ ਤਰ੍ਹਾਂ ਨਾਲ ਲਿਖਕੇ ਪ੍ਰਭਾਵਕਾਰੀ ਬਣਾ ਦਿਤਾ ਹੈ। ਉਰਦੂ ਸ਼ਿਅਰ ਵੀ ਬਹੁਤ ਪ੍ਰਭਾਵਕਾਰੀ ਬਣਾਏ ਹਨ। ਪੂਰਾ ਖਰੜਾ ਨਾ ਹੋਣ ਕਾਰਨ ਇਸਦੇ ਲੇਖਕ ਦੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਬਾਹਰੀ ਹਵਾਲੇ ਦੇ ਅੰਤਰਗਤ ਇਸ ਦਾ ਨਾਮ ਮਾਲੂਮ ਨਹੀਂ ਅਤੇ ਲੇਖਕ ਬਾਰੇ ਵੀ ਜਾਣਕਾਰੀ ਦੀ ਅਣਹੋਂਦ ਹੈ। ਇਹਨਾਂ ਖ਼ੁਤਬਿਆਂ ਦਾ ਵਿਸ਼ਾ ਇਸਲਾਮੀ ਦਰਸ਼ਨ ਹੈ ਅਤੇ ਇਸ ਵਿਚ ਦਰਜ ਕਸੀਦੇ ਅਤੇ ਸ਼ਿਅਰ ਇਸਲਾਮ ਦੇ ਮਹਤਵ ਨੂੰ ਵਰਣਨ ਕਰਦੇ ਹਨ। ਇਸਨੂੰ ਪੜ੍ਹਨ ਤੇ ਘੋਖਣ ਉਪਰੰਤ ਨਾਮ ਉਪਰੋਕਤ ਅਨੁਸਾਰ ਸ਼ਪਸ਼ਟ ਹੋਇਆ ਹੈ।

ਆਰੰਭ : ਤਾ ਮਕਬੂਲ ਆਬਾਇ ਦਾਈਆਨੇ ਉ ਕਲਮਾਏ ਹਿੰਦ ਦਰ ਹੀਲਾ ਵਾ ਕੰਦੇ ਅਨ ਨਾ ਦਰਦਮੰਦ ਜ਼ੂਦ ਗੁਜ਼ੇਦ

ਅੰਤ : ਦਰੀਂ ਹਯਾਤ ਮੁਨਕਾਦ ਰਜ਼ਾ ਅਲਹ ਅਨਹੁ ਇਤਸਾਲ ਕਿ ਅਲਆਨ ਮੁਰਾ ਅਤੇ ਅਲਰਹਮਾਨ ਵਾਕਿਆ ਅਸਤ। ਹਾਸਿਲ ਬਾਇਦ ਕਰਦ ਵ ਇਲਾ ਰੋਜ਼ਦਾਰ ਦੀਗਰ ਦਰ ਪੇਸ਼ ਅਸਤ ਜ਼ਿ ਮਾਯਾਏ ਅਯਾਮੇ ਮੁਫ਼ਾਕਤ ਕੋਤਾਹ ਅਸਤ

ਹੱਥ ਲਿਖਤ ਨੰ : MS 1044

ਸ੍ਰੋਤ : ਸਫਲ ਸਿੰਘ

ਸਿਰਲੇਖ : **ਤਾਰੀਖ਼ ਦਿਲਗੁਸ਼ਾ ਸ਼ਮਸ਼ੀਰ ਖ਼ਾਨੀ (ਸ਼ਾਹਨਾਮਾ ਫ਼ਿਰਦੌਸੀ ਫ਼ਾਰਸੀ)**

ਲਿਖਾਰੀ : ਫ਼ਿਰਦੌਸੀ ਅਬੂ ਕਾਸਿਮ ਨਕਾਲ ਸ਼ਮਸ਼ੇਰ ਖਾਨ

ਸਮਾਂ : 1063 ਹਿਜਰੀ ਨਕਲ 1887 ਬਿਕਰਮੀ

ਰਚਨਾ ਕਾਲ : ਗਿਆਰ੍ਹਵੀਂ ਸਦੀ ਈਸਵੀ

ਸਥਾਨ : ਅਗਿਆਤ

ਪੱਤਰੇ : ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 35X23 ਸ.ਮ. ਲਿਖਤ : 18X10.5 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਸੁਰਖ਼ੀਆ ਸੁਰਖ਼। ਪੁਸ਼ਤਾ ਬਿਖਰਿਆ ਹੋਇਆ। ਪ੍ਰਤੀ ਪੰਨਾ 17 ਸਤਰਾਂ। ਮੂਲ ਮਿਤਨ ਸਿਆਹੀ ਨਾਲ ਦਰਜ। ਨਜ਼ਮ ਦੋ ਬੈਤੀ ਮਸਨਵੀ ।

ਆਮ ਵੇਰਵਾ : ਇਸ ਹਥਲਿਖਤ ਵਿਚ ਫ਼ਿਰਦੌਸੀ ਤੂਸੀ ਅਬੂ ਕਾਸਿਮ ਰਚਿਤ ਸ਼ਾਹਨਾਮੇ ਨੂੰ ਨਕਲ ਕੀਤਾ ਗਿਆ ਹੈ ਤੇ ਇਹ ਨਕਲ 1850 ਈ. ਦੇ ਲਗਪਗ ਨਕਲ ਕੀਤੀ ਗਈ। ਨਸਰ (ਵਾਰਤਕ) ਦਾ ਪੰਨਾ ਪੂਰਾ ਅਤੇ ਕਵਿਤਾ ਦਾ ਵੱਡਾ ਭਾਗ ਦੋ ਕਾਲਮੀ ਹੈ। ਇਸ ਪੁਸਤਕ ਵਿਚ ਈਰਾਨ ਦੀ ਰਾਜਨੀਤਕ ਦਸ਼ਾ ਵਰਣਨ ਕਰਦਿਆਂ ਲੇਖਕ ਨੇ ਸਾਸਾਨੀ ਦੌਰ ਦੇ ਹਾਕਮਾਂ ਦਾ ਵਰਨਣ ਕੀਤਾ ਹੈ। ਕਿਊਮਰਸ ਬਾਦਸ਼ਾਹ ਤੋਂ ਇਤਿਹਾਸਕ ਕਥਨ ਸ਼ੁਰੂ ਹੋ ਜਾਂਦੇ ਹਨ। ਜੋ ਅਰਦਸ਼ੇਰ ਬਾਬਕ ਸਾਸਾਨੀ ਦੇ ਹਾਲਤ ਤਕ ਮੁੰਕਮਲ ਹੁੰਦੇ ਹਨ। ਕਾਤਬ ਨੇ ਬਹੁਤ ਖ਼ੁਸ਼ਖ਼ਤ ਲਿਖਿਆ ਹੈ।

ਆਰੰਭ : ਕਲਮਾਏ ਇਫ਼ਤਤਾਹ। ਹਮਦ ਬਗ਼ਾਯਤ ਵ ਸਨਾਏ ਬੇਨਿਹਾਯਤ ਵ ਹਜ਼ਰਤ ਕਿਬਰਿਆਈ ਵਾਜਿਬੁਉਲ ਵਜੂਦ

ਅੰਤ : ਇਲਾਹਿ ਬਯਾਮੁਰਜ ਖਵਾਨਿਦਹ ਰਾਂ ਅਫੂ ਕੁਨ ਗੁਨਾਹਿ ਨਵੀਸੰਦਹ ਰਾ

ਹੱਥ ਲਿਖਤ ਨੰ : MS 1045

ਸ੍ਰੋਤ : ਸਫਲ ਸਿੰਘ

ਸਿਰਲੇਖ : **ਸਫ਼ਾ ਤਾਰੀਖੇ ਕਸ਼ਮੀਰ-ਫ਼ਾਰਸੀ**

ਲਿਖਾਰੀ : ਪੰਡਤ ਬੀਰਬਲ ਕਚਰੂ

ਸਮਾਂ : ਲਗਪਗ 1166 ਹਿਜਰੀ

ਰਚਨਾ ਕਾਲ : ਦਰਜ ਨਹੀਂ

ਸਥਾਨ : ਕਸ਼ਮੀਰ

ਪੱਤਰੇ : ਇਕ ਕੇਵਲ

ਚਿੱਤਰ : ਖ਼ੁਦ ਚਿਤਰ ਹੈ

ਆਕਾਰ : 15X7 ਸ.ਮ. ਲਿਖਤ: 14X6.2 ਸ.ਮ. ਨਸਾਖ਼

| | |
|---|---|
| ਵੇਰਵਾ | : ਤਸਵੀਰ ਕਾਲੇ ਰੰਗ ਵਿਚ ਹੈ। ਕਾਗ਼ਜ਼ ਗਲੇਜ਼ਡ ਚਮਕਦਾਰ ਕੈਮਰਾ ਫੋਟੋ ਵਾਲਾ। ਹਾਸ਼ੀਆ ਕਾਲਾ ਲਾਈਨਦਾਰ ਦੋ ਪੰਨੇ ਪ੍ਰਤੀ ਪੰਨਾ 15 ਸਤਰਾਂ। ਸ਼ਹਿਰਾਂ ਅਤੇ ਕਿਰਦਾਰਾਂ ਦੇ ਨਾਮਾਂ ਹੇਠ ਲਕੀਰ ਲਗਾਕੇ ਵਖਰੇ ਦਿਖਾਇਆ ਗਿਆ। ਹਥਲਿਖਤ ਦੇ ਇਹ ਪੰਨੇ ਖ਼ਾਲਿਸ ਫ਼ਾਰਸੀ ਭਾਸ਼ਾ ਵਿਚ ਹਨ ਤੇ ਸਥਾਨਕ ਭਾਸ਼ਾ ਦਾ ਪ੍ਰਭਾਵ ਨਹੀਂ। |
| ਆਮ ਵੇਰਵਾ | : ਹਥਲਿਖਤ ਦੇ ਇਹਨਾਂ ਪੰਨਿਆਂ ਵਿਚ ਪਿਛਲੇ ਮੁਗ਼ਲ ਹਾਕਮਾਂ ਖ਼ਾਸ ਤੌਰ ਉਤੇ ਅਲੀ ਗੌਹਰ 1180 ਹਿਜਰੀ ਸ਼ਾਹ ਆਲਮ ਤੇ ਅਹਿਮਦਸ਼ਾਹ ਆਦਿ ਦਾ ਨਾਮ ਵਰਣਨ ਹੈ ਅਤੇ ਸਾਮਿਅਕ ਰਾਜਸੀ ਹਾਲਾਤ ਦਾ ਵਰਣਨ ਕੀਤਾ ਹੈ। ਇਸ ਤੋਂ ਇਲਾਵਾ ਗ਼ੁਲਾਮ ਕਾਦਰ ਜੋ ਜ਼ਾਬਤਾ ਖਾਨ ਅਤੇ ਨਜੀਬ ਦੌਲਾ ਦੀ ਲੜੀ ਵਿਚੋਂ ਸੀ ਉਸਦਾ ਵਰਣਨ ਵੀ ਮਿਲਦਾ ਹੈ। ਅਹਿਮਦਸ਼ਾਹ ਦੁਰਾਨੀ ਦੇ 1166 ਹਿਜਰੀ ਵਿਚ ਲਾਹੌਰ ਉਤੇ ਕੀਤੇ ਹਮਲੇ ਦਾ ਪ੍ਰਮਾਣ ਵੀ ਪ੍ਰਾਪਤ ਹੁੰਦਾ ਹੈ। ਪੰਨਿਆਂ ਦੀ ਅੰਦਰੂਨੀ ਗਵਾਹੀ ਅਹਿਮਦ ਅਬਦਾਲੀ ਦੇ ਕਸ਼ਮੀਰ ਉਤੇ ਕੀਤੇ ਕਬਜ਼ੇ ਦਾ ਪ੍ਰਮਾਣ ਪ੍ਰਸਤੁਤ ਕਰਦੀ ਹੈ। ਇਸ ਹਥਲਿਖਤ ਦਾ ਮਹਤਵ ਇਸ ਪਖੋਂ ਹੈ ਕਿ ਇਹ ਅਫ਼ਗਾਨੀ ਰਾਜ, ਮੁਗ਼ਲ ਹਕੂਮਤ ਅਤੇ ਕਸ਼ਮੀਰ ਦੇ ਸਿਆਸੀ ਪਿਛੋਕੜ ਦੇ ਅੰਤਰ ਸੰਬੰਧ ਵਿਅਕਤ ਕਰਦੀ ਹੈ। |
| ਆਰੰਭ | :ਸਾਖ਼ਤ ਚਿ ਬਾ ਇਸਤਲਾਹੇ ਹਿੰਦ ਖਲਚਰਮ ਵਕਤ ਬਰੀਦਨ ਰਾ ਮੀ ਗੋਯੰਦ ਵ ਖਾਲ ਬਾ...... |
| ਅੰਤ | : ਤਸਰਫ਼ੇ ਅਫ਼ਾਗਨਾ ਕਰਾਰ ਗ੍ਰਿਫ਼ਤ ਵ ਤਾਜ ਵ ਇਫ਼ਰਾਖ਼ਤਾ ਦਰ ਹਕੂਮਤੇ ਸ਼ਾਨ |

| | |
|---|---|
| ਹੱਥ ਲਿਖਤ ਨੰ | : MS 1046 |
| ਸ੍ਰੋਤ | : ਸਫਲ ਸਿੰਘ |
| ਸਿਰਲੇਖ | : **ਅਕਬਰਨਾਮਾ (ਅਧੂਰਾ) ਫ਼ਾਰਸੀ** |
| ਲਿਖਾਰੀ | : ਅਲਾਮਾ ਅਬੁਲਫ਼ਜ਼ਲ |
| ਸਮਾਂ | : ਪੰਦਰ੍ਹਵੀਂ ਸਦੀ ਈ. |
| ਰਚਨਾ ਕਾਲ | : ਦਰਜ ਨਹੀਂ |
| ਸਥਾਨ | : ਦਰਜ ਨਹੀਂ |
| ਪੱਤਰੇ | : ਕ੍ਰਮਾਂਕ ਦਰਜ ਨਹੀਂ |
| ਚਿੱਤਰ | : ਕੋਈ ਨਹੀਂ |
| ਆਕਾਰ | : 29.2X16 ਸ.ਮ. ਲਿਖਤ : 22X10 ਸ.ਮ. ਨਸਤਾਲੀਕ |
| ਵੇਰਵਾ | : ਕਾਗ਼ਜ਼ ਕਦੀਮ ਜ਼ਰਦ ਕਿਰਮ ਖਾਧਾ। ਪੁਸ਼ਤਾ ਬਿਖਰਿਆ ਸੁਰਖ਼ੀਆਂ ਸੁਰਖ਼। ਮੂਲ ਪਾਠ ਸਿਆਹ। ਸੋਧਾਂ ਤੇ ਵਾਧੇ ਖ਼ਾਲੀ ਹਾਸ਼ੀਏ ਵਿਚ ਦਰਜ ਹਨ। ਪ੍ਰਤੀ ਪੰਨਾ ਔਸਤਨ ਸਤਰਾਂ 26। |
| ਆਮ ਵੇਰਵਾ | : ਪੁਸਤਕ ਦੇ ਮੁਢ ਵਿਚ "**ਮਕਾਤਿਬੇ ਅਲਾਮਾ**" ਦੀ ਸੁਰਖ਼ੀ ਲਗੀ ਹੈ ਪਰ ਵਿਚਲੇ ਹਵਾਲੇ ਸ਼ਪਸ਼ਟ ਕਰਦੇ ਹਨ ਕਿ ਇਹ ਨਕਲ ਅਕਬਰਨਾਮਾ ਦੇ ਦੂਸਰੇ ਤੇ ਤੀਸਰੇ ਦਫ਼ਤਰ ਦਾ ਉਤਾਰਾ ਹੈ। ਲਗਪਗ ਦੂਸਰੇ ਅਧ ਵਿਚ ਲੇਖਕ ਨੂੰ ਇਸ ਤਥ ਦਾ ਹਵਾਲਾ ਦਿਤਾ ਹੈ ਕਿ ਇਹ ਲਿਖਤ ਅਕਬਰਨਾਮਾ ਦੇ ਦੂਸਰੇ ਦਫ਼ਤਰ ਦਾ ਪਿਛਲਾ ਭਾਗ ਹੈ। ਪੁਸਤਕ ਦਾ ਵਿਸ਼ਾ ਨੈਤਿਕਤਾ ਹੈ। ਜਿਵੇਂ ਕੋਈ ਵਡੇਰਾ ਛੋਟੀ ਉਮਰ ਦੇ ਬਾਲਕਾਂ ਨੂੰ ਨੈਤਿਕਤਾ ਦੀਆਂ ਨਸੀਹਤਾਂ ਦੇਂਦਾ ਹੈ। ਆਖ਼ਰੀ ਸਫਿਆਂ ਉਤੇ ਐਡਰੈਸ ਕੀਤੇ ਗਏ ਵਿਅਕਤੀ ਲਈ ਦੁਆਵਾਂ ਪ੍ਰਾਰਥਨਾ ਸ਼ੁਭ ਕਾਮਨਾਵਾਂ ਬਿਆਨ ਕੀਤੀਆਂ ਗਈਆਂ ਹਨ। ਜੋ ਨਿਰਸੰਦੇਹ ਹਾਕਮ ਹੈ। ਨਜ਼ਮ, ਕਾਵਿ ਟੋਟਕਿਆਂ ਛੋਟੀਆਂ ਛੋਟੀਆਂ ਸਿਖਿਆਦਾਇਕ ਮਸਨਵੀਆਂ ਦੋ ਦੋ ਚਾਰ ਚਾਰ ਸਤਰਾਂ ਦੇ ਮਿਸਰੇ ਭਾਸ਼ਾ ਨੂੰ ਅਲੰਕ੍ਰਿਤ ਕਰਨ, ਵਿਸ਼ੇ ਨੂੰ ਸਪਸ਼ਟ ਕਰਨ ਅਤੇ ਪੁਸਤਕ ਨੂੰ ਦਿਲਚਸਪ ਬਣਾਉਣ ਵਾਸਤੇ ਦਰਜ ਕੀਤੇ ਗਏ ਹਨ। ਮਧਕਾਲੀਨ ਭਾਰਤੀ ਇਤਿਹਾਸ ਦੇ ਖੋਜੀਆਂ ਵਾਸਤੇ ਇਹ ਪੁਸਤਕ ਲਾਹੇਵੰਦ ਹੈ। ਮਸਨਵੀਏ ਮਾਅਨਵੀ ਮੌਲਾਨਾ ਰੂਮੀ ਅਤੇ ਅਯੱਾਰੇ ਦਾਨਸ਼ ਦਾ ਨਾਮ ਭੀ ਪੁਸਤਕ ਵਿਚ ਵਰਣਿਨ ਹੋਇਆ ਹੈ। |

ਆਰੰਭ : ਬਰ ਆਮਦਹ ਬਾ ਦਰਗਾਹੇ ਹਮਾਯੂੰ ਰਸੇਦ ਵਾ ਸਿਤਾਰਾ ਬਾਜੁਹਤਮੰਦੀ ਬਰ ਉਫ਼ਕੇ ਮੁਰਾਦ ਤਾਬਸ਼ ਦਾਦ ਅਜ਼ਵਫ਼ੂਰ ਤਵਜਾ.........

ਅੰਤ : ਹਿਮਤ ਖ਼ੈਰ ਸ਼ਗਾਲ ਸਆਦਤ ਪੁਰ ਵਹੀ ਅਮੂਮ ਮਰਦਮ ਵਾ ਦੌਲਤ ਇਫ਼ਜ਼ਾਈਏ ਜਮਹੂਰ ਆਲਮ ਅਸਤ ਨਖ਼ੁਸਤੀਨ ਨ ਅਜ਼ ਈਨ

ਹੱਥ ਲਿਖਤ ਨੰ : MS 1047

ਸ੍ਰੋਤ : ਸਫਲ ਸਿੰਘ

ਸਿਰਲੇਖ : **ਕਿੱਸਾ ਲੈਲਾ ਮਜਨੂੰ ਫ਼ਾਰਸੀ (ਅਧੂਰਾ)**

ਲਿਖਾਰੀ : ਅਬਦੁਰਹਮਾਨ ਜਾਮੀ

ਸਮਾਂ : ਨੌਵੀਂ ਸਦੀ ਹਿਜਰੀ– ਨਕਲ ਨਾ ਮਾਲੂਮ

ਰਚਨਾ ਕਾਲ : ਦਰਜ ਨਹੀਂ

ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 35X21 ਸ.ਮ. ਲਿਖਤ : 24X12 ਸ.ਮ. ਨਸਾਖ਼

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਡਬੀਦਾਰ ਦੋਹਰਾ ਹਾਸ਼ੀਆ ਬਾਹਰੀ ਹਾਸ਼ੀਏ ਨੀਲੇ॥ ਅੰਦਰੂਨੀ ਹਾਸ਼ੀਏ ਦੋਹਰੀ ਲਾਈਨ ਲਾਲ ਰੰਗ ਦੇ। ਸੁਰਖ਼ੀਆਂ ਸੁਰਖ਼। ਦੋ ਕਾਲਮੀ ਲਿਖਣ ਸ਼ੈਲੀ। ਹਰਫ਼ ਵੱਡੇ। ਪ੍ਰਤੀ ਪੰਨਾ ਔਸਤਨ 11 ਸਤਰਾਂ ਲਿਖਤ ਸੁੰਦਰ

ਆਮ ਵੇਰਵਾ : ਇਸ ਅਧੂਰੇ ਨੁਸਖ਼ੇ ਦਾ ਕਥਾਨਕ ਲੈਲਾ ਦੀ ਸੁੰਦਰਤਾ ਦੇ ਵਰਨਣ ਤੋਂ ਸ਼ੁਰੂ ਹੁੰਦਾ ਹੈ ਤੇ ਮਜਨੂੰ ਦੇ ਵਿਛੋੜੇ ਦੇ ਵਰਣਨ ਤਕ ਖ਼ਤਮ ਹੋ ਜਾਂਦਾ ਹੈ। ਲਿਖਤ ਅਤਿ ਸੰਦੁਰ। ਇਹ ਪ੍ਰੇਮ ਕਥਾ ਅਰਬ ਦੇਸ਼ ਦੇ ਕਬਾਇਲੀਆਂ ਦੀ ਰਹਿਤਲ ਤੇ ਉਹਨਾਂ ਦੀ ਸਭਿਆਚਾਰਕ ਦੇਣ ਨੂੰ ਅਭਿਵਿਅਕਤ ਕਰਦੀ ਹੈ। ਇਹ ਘਟਨਾ 65 ਸੰਨ ਹਿਜਰੀ ਦੀ ਮੰਨੀ ਜਾਂਦੀ ਹੈ। ਕਥਾਨਕ ਪੰਰਪਾਈ ਹੈ ਜੋ ਅਰਬਾਂ ਦੇ ਕਬਾਇਲੀ ਜੀਵਨ ਨੂੰ ਬਿਆਨਦੀ ਹੈ।

ਆਰੰਭ : ਗੁਲਸਤਾਨ ਜ਼ਾਦਹਹਏ ਅੰਬਰੀਨ ਫ਼ਾਮ। ਬਹਾਰੇ ਸੁੰਬਲ ਵ ਰੀਹਾਨ। ਔਬਾਮ ਕਨੀਜ਼ੇ ਕਾਫ਼ਰ ਆਮਾਦਾਏ ਮੁਸਲਮਾਨ ਜ਼ਾਦਹਾਰਾ ਖ਼ਾਤਿਰ ਆਜ਼ਾਰ..................

ਅੰਤ : ਜਿ ਜੁਸਤਜੂਈਏ ਉ ਗਰਦੇਦ ਨਵਉਮੀਦ ਬਬਾਦਮ ਈਨ ਚੁਨੀ ਕਿ ਕਾਰੇ ਖ਼ੂਬ ਰੂਆਨ ਬੇਵਫ਼ਾਈ ਅਸਤ

ਹੱਥ ਲਿਖਤ ਨੰ : MS 1083

ਸ੍ਰੋਤ : ਕੁਲਦੀਪ ਕੌਰ

ਸਿਰਲੇਖ : **ਭਾਗਵਤ ਗੀਤਾ (ਮੱਧਕਾਲੀਨ ਹਿੰਦੀ)**

ਲਿਖਾਰੀ : ਰਾਮਚੰਦ

ਸਮਾਂ : 1861 A.D ਈ.

ਰਚਨਾ ਕਾਲ : ਉਨ੍ਹੀਵੀਂ ਸਦੀ

ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 26X16 ਸ.ਮ. ਲਿਖਤ : 22X11.5 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਸੁਰਖਿਅਤ। ਜੁਜ਼ਬੰਦੀ ਸਿਲਾਈ। ਮੂਲਪਾਠ ਸਿਆਹੀ ਨਾਲ ਅਤੇ ਇਕਾ ਦੁਕਾ ਥਾਵਾਂ ਉਤੇ ਛੁਟ ਗਈਆਂ ਸਤਰਾਂ ਵਾਧੇ ਹਾਸ਼ੀਏ ਵਿਚ ਦਰਜ ਹਨ। ਪ੍ਰਤੀ ਪੰਨਾ ਔਸਤਨ 14 ਸਤਰਾਂ ਦਰਜ ਹਨ। ਨਸਤਾਲੀਕ ਲਿਪੀ ਵੀ Free Hand ਲਿਖੀ ਗਈ ਹੈ। ਸ਼ੁਰੂ ਤੋਂ ਅਖ਼ੀਰ ਤਕ ਮੂਲ ਪਾਠ ਇਕਸਾਰ।

ਆਮ ਵੇਰਵਾ : ਲਾਲਾ ਗੁਰੂ ਦਤ ਤਲਵਾਰ ਨਾਮੀ ਵਿਅਕਤੀ ਵਾਸਤੇ ਇਹ ਪੁਸਤਕ ਰਾਮਚੰਦ ਨਾਮੀ ਵਿਅਕਤੀ ਨੇ ਲਿਪੀਅੰਕਨ ਕੀਤੀ। ਇਸ ਹਥ ਲਿਖਤ ਵਿਚ ਰਿਚਾ ਦੇ ਸਲੋਕ ਤੋਂ ਸ਼ੁਰੂ ਕਰਕੇ ਕਰਮਵਾਰ ਗੀਤਾ ਨੂੰ ਲਿਪੀ ਅੰਤਰ ਕੀਤਾ ਗਿਆ ਹੈ। ਹੂ ਬਹੂ ਲਿਪੀ ਅੰਤਰ ਕੀਤਾ ਹੋਇਆ ਹੈ। ਹਰ ਸਲੋਕ ਦੇ ਬਿਆਨ ਦੇ ਮੁਢ ਵਿਚ ਉਸਦਾ ਕ੍ਰਮਾਂਕ ਦਰਜ ਹੈ। ਲੇਖਕ ਨੇ ਸ਼ਬਦਾਵਲੀ ਵੀ ਸਰਾਸਰ ਹਿੰਦਵੀ ਵਰਤੀ ਹੈ। ਕ੍ਰਿਸ਼ਨ ਭਗਵਾਨ ਵਾਚ, ਅਰਜਨ ਵਾਚ ਆਦਿ ਸੰਵਾਦ ਰੂਪ ਦੀ ਵਰਤੋਂ ਕੀਤੀ ਹੋਈ ਹੈ। ਲੇਖਕ ਨੇ ਅਧਿਆਇਆਂ ਦੇ ਮੁਖਵਾਕ ਪੰਨੇ ਤੇ ਸਤਰਾਂ ਦੇ ਕੇਂਦਰ ਵਿਚ ਦਿਤੇ ਹਨ।

ਆਰੰਭ : ਸ੍ਰੀ ਓਮ ਨਮਹ ਸ੍ਰੀ ਗਣੇਸ਼ਯ ਨਮਹ ਸਲੋਕ ਅਵਾਕ ਏਹ ਜੋੜੀ ਗੀਤਾ ਮਾਲਾ ਸਰੂਪਨੇ ਮੰਤਰ ਤਿਸਕਾ ਭਗਵਾਨ ਵੇਦ ਵਿਆਸ ਅਗਰਸੈਨ..................

ਅੰਤ : ਬਤਾਰੀਖ਼ 20 ਮਾਹ ਜੂਨ ਕਾ ਬਹਿਰ ਲਾਲਾ ਗੁਰੂਦਤ ਤਲਵਾਰ ਦਸਤਖ਼ਤ ਰਾਮ ਚੰਦ

ਹੱਥ ਲਿਖਤ ਨੰ : MS 1119

ਸ੍ਰੋਤ : H.S, H.S

ਸਿਰਲੇਖ : **ਜਹਾਂਗੀਰਨਾਮਾ (ਫ਼ਾਰਸੀ)**

ਲਿਖਾਰੀ : ਮੁਅਤਮਿਦ ਖ਼ਾਨ

ਸਮਾਂ : 1037 ਹਿਜਰੀ

ਰਚਨਾ ਕਾਲ : ਅਗਿਆਤ

ਸਥਾਨ : ਦਿੱਲੀ

ਪੱਤਰੇ : 114

ਚਿੱਤਰ : ਕੋਈ ਨਹੀਂ

ਆਕਾਰ : 25X15 ਸ.ਮ. ਲਿਖਤ : 21X12 ਸ.ਮ. ਨਸਤਾਲੀਕ

ਵੇਰਵਾ : ਮੂਲ ਪਾਠ ਸਿਆਹੀ ਨਾਲ ਲਿਖਿਆ। ਦੋਹਰਾ ਲਾਈਨਦਾਰ ਲਾਲ ਰੰਗ ਦੇ ਹਾਸ਼ੀਏ ਦੇ ਬਾਹਰ ਵਾਰ ਕਾਲੀ ਲਾਈਨ ਦਾ ਹਾਸ਼ੀਆ। ਪ੍ਰਤੀ ਪੰਨਾ ਔਸਤਨ 18 ਸਤਰਾਂ। ਸੁਰਖ਼ੀਆਂ ਸੁਰਖ਼ ਰੰਗ। ਕਾਗ਼ਜ਼ ਪੁਰਾਣਾ ਜ਼ਰਦ ਅਤੇ ਕਾਫ਼ੀ ਪੰਨੇ ਕਿਰਮ ਖ਼ੁਰਦਾ।

ਆਮ ਵੇਰਵਾ : ਇਸ ਹਥਲਿਖਤ ਵਿਚ ਨੂਰਦੀਨ ਅਬੂਜ਼ਫ਼ਰ ਜਹਾਂਗੀਰ ਦੇ ਰਾਜਕਾਲ ਦੇ ਹਾਲਾਤ ਦਰਜ ਹਨ। ਘਟਨਾ ਕ੍ਰਮ 1014 ਤੋਂ 1037 ਹਿਜਰੀ ਤਕ ਦਰਜ ਹਨ। ਲੇਖਕ ਨੇ ਘਟਨਾਵਾਂ ਬੜੇ ਵੇਰਵੇ ਨਾਲ ਦਰਜ ਕੀਤੀਆਂ ਹਨ। ਲਿਖਣ ਦੀ ਸ਼ੈਲੀ ਰੋਜ਼ਨਾਮਚੇ ਵਾਲੀ ਹੈ ਜੋ ਸਪਸ਼ਟ ਕਰਦੀ ਹੈ ਇਹ ਉਸ ਸਮੇਂ ਦਾ ਰਿਵਾਜ ਸੀ। ਤਵਾਰੀਖ਼ ਜੀਵਨੀ ਸਵੈ ਜੀਵਨੀ ਸਾਹਿਤ ਨੂੰ ਕਲਿਆਣਕਾਰੀ ਹੋਣ ਨਾਲੋਂ ਨਿਜੀ ਵਿਚਾਰਾਂ ਨੂੰ ਦੂਜਿਆਂ ਉਤੇ ਠੋਸਣ ਦਾ ਰਿਵਾਜ ਹੈ। ਪੁਸਤਕ ਦੇ ਅਖ਼ੀਰ ਵਿਚ ਅਰਬੀ ਜ਼ਬਾਨ ਵਿਚ ਰਸਾਲਤ ਦੇ ਕਲਮੇਂ ਦਰਜ ਕੀਤੇ ਹੋਏ ਹਨ।

ਆਰੰਭ : ਸ਼ਾਇਸ਼ਤਾ ਸਰੀਰੇ ਸਲਤਨਤ ਵ ਫ਼ੁਰਮਾਨ ਰਿਵਾਏ ਜ਼ੈਬੰਦਹ ਅਫ਼ਸਰੇ ਖ਼ਿਲਾਫ਼ਤ ਵ ਕਿਸ਼ਵਰ ਗੁਸ਼ਾ

ਅੰਤ : ਅਜ਼ ਹਿਸਾਬ ਵ ਸ਼ੁਮਾਰ ਤਮਾਸ਼ਾਈ ਸ਼ਾਹੀ ਬੂਦੰਦ ਵ ਅਲਹ ਅਇਲਮ ਯਾ ਸੂਰ

ਹੱਥ ਲਿਖਤ ਨੰ : MS 1120
ਸ੍ਰੋਤ : H.S, H.S
ਸਿਰਲੇਖ : **ਕਿਤਾਬੁਲ ਤਿਹਾਰਤ (ਫ਼ਾਰਸੀ)**
ਲਿਖਾਰੀ : ਅਗਿਆਤ
ਸਮਾਂ : ਅਗਿਆਤ
ਰਚਨਾ ਕਾਲ : ਦਰਜ ਨਹੀਂ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 25.5X15 ਸ.ਮ. ਲਿਖਤ : 20X10 ਸ.ਮ.
ਵੇਰਵਾ : ਇਸ ਹਥਲਿਖਤ ਦਾ ਮੂਲ ਪਾਠ ਸਿਆਹੀ ਨਾਲ ਨਕਲ ਕੀਤਾ ਹੈ। ਸੁਰਖੀਆਂ ਘਟ ਅਤੇ ਸੁਰਖ਼ ਹਨ। ਨਕਲ ਕਰਤਾ ਨੇ ਖ਼ਾਸ ਖ਼ਾਸ ਤੱਥਾਂ ਨੂੰ ਲਾਲ ਸਿਆਹੀ ਨਾਲ ਲਾਈਨ ਲਗਾਕੇ ਵਖਰੇ ਦਿਖਾਇਆ ਹੈ। ਪ੍ਰਤੀ ਪੰਨਾ ਔਸਤਨ 25 ਸਤਰਾਂ ਦਰਜ ਹਨ। ਅਰਬੀ ਵਿਚ ਦਿਤੇ ਹਵਾਲਿਆਂ ਨੂੰ ਲਿਪੀ ਰਾਹੀਂ ਵਖਰੇ ਨਹੀਂ ਦਰਸਾਇਆ। ਲਿਪੀ ਇਕਸਾਰ ਹੈ। ਕਾਗ਼ਜ਼ ਜ਼ਰਦ ਪੁਰਾਣਾ।
ਆਮ ਵੇਰਵਾ : ਇਹ ਹਥਲਿਖਤ ਕਿਸੇ ਪਹਿਲੋਂ ਲਿਖੀ ਗਈ ਪੁਸਤਕ ਦਾ ਉਤਾਰਾ ਹੈ ਨਕਲ ਕਰਤਾ ਨੇ ਮੂਲ ਪੁਸਤਕ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਸਮਝੀ ਪਰ ਮੂਲ ਪੁਸਤਕ ਦੇ ਪੰਨਾ 137 ਤੋਂ 368 ਤਕ ਨਕਲ ਕੀਤੀ ਹੈ। ਹਥਲਿਖਤ ਦਾ ਵਿਸ਼ਾ ਨਮਾਜ਼ ਅਤੇ ਇਸ ਤੋਂ ਪਹਿਲੋਂ ਕੀਤੇ ਜਾਣ ਵਾਲੇ ਜ਼ਰੂਰੀ ਫ਼ਰਜ਼ ਵਜ਼ੂ (ਹਰਕਾਤ) ਦੇ ਵਿਸ਼ੇ ਬਾਰੇ ਵਿਚ ਹੈ। ਅਰਬੀ ਦੇ ਹਰਫ਼ਾਂ ਨੂੰ ਲੇਖਕ ਨੇ ਬੜੀ ਸੂਖਮਤਾ ਨਾਲ ਉਚਾਰਣ ਵਿਧੀ ਸਮੇਤ ਅਭਿਵਿਅਕਤ ਕੀਤਾ ਹੈ। ਵਿਸ਼ੇ ਨੂੰ ਸਾਰਥਿਕ ਤੇ ਪ੍ਰਭਾਵਕਾਰੀ ਬਣਾਉਣ ਹਿਤ ਕੁਰਾਨ ਦੀਆਂ ਆਇਤਾਂ ਅਤੇ ਹਦੀਸਾਂ ਦੇ ਹਵਾਲੇ ਦਿਤੇ ਹਨ। ਨਮਾਜ਼ ਅਤੇ ਵਜ਼ੂ ਦੇ ਮਹਤਵ ਨੂੰ ਵਖ ਵਖ ਅਧਿਆਇਆਂ (ਬਾਬਾਂ) ਵਿਚ ਵਖੋ ਵਖੋ ਦ੍ਰਿਸ਼ਟੀਕੋਣ ਤੋਂ ਉਭਾਰਿਆ ਹੈ। ਹਦੀਸਾਂ ਅਤੇ ਅਰਬੀ ਦੇ ਹਵਾਲਿਆਂ ਨੂੰ ਨਕਲ ਕਰਤਾ ਨੇ ਅਭਿਵਿਅਕਤ ਕਰਨ ਲਈ ਸਤਰ ਹੇਠ ਲਾਲ ਲਕੀਰ ਲਾਈ ਹੈ। ਇਸਲਾਮੀ ਧਾਰਮਿਕ ਨੀਤੀ ਸ਼ਾਸਤਰ ਤੇ ਨੈਤਿਕਤਾ ਨੂੰ ਸਪਸ਼ੱਟ ਬਿਆਨ ਕਰਨਾ ਲੇਖਕ ਦਾ ਮੰਤਵ ਹੈ। ਤੁਲਨਾਤਮਕ ਧਰਮ ਅਧਿਐਨ ਦੇ ਵਿਸ਼ੇ ਉਤੇ ਖੋਜ ਕਰਨ ਲਈ ਇਹ ਮਹਤਵਪੂਰਨ ਪੁਸਤਕ ਹੈ।
ਆਰੰਭ : ਕਿਤਾਬੁਲ ਤਿਹਾਰਤ:- ਤਿਹਾਰਤ ਦਰ ਲੁਗ਼ਤ ਨਜ਼ਾਫ਼ਤ ਵਾ ਪਾਕੀ ਜ਼ਿਦ ਨ ਜ਼ਾਤ ਵਾ ਤਤਹਵਰ ਬਾਜ਼ਿਸ ਜ਼ੋਏ ਮਸਦਾਰ ਅਸਤ..................
ਅੰਤ : ਗ਼ਜ਼ਵਾਏ ਤਬੂਕ- ਬਿਨ ਅਜ਼ਹਰ ਵ ਅਲਮੁਜ਼ਫ਼ਰ (ਸਤਰ ਫਟੀ ਹੋਈ ਹੈ)

ਹੱਥ ਲਿਖਤ ਨੰ : MS 1121
ਸ੍ਰੋਤ : H.S, H.S, Amritsar
ਸਿਰਲੇਖ : **ਕਿਤਾਬ ਅਲਈਮਾਨ (ਫ਼ਾਰਸੀ)**
ਲਿਖਾਰੀ : ਅਗਿਆਤ
ਸਮਾਂ : ਦਰਜ ਨਹੀਂ
ਰਚਨਾ ਕਾਲ : ਅਗਿਆਤ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਰਹਿਤ
ਚਿੱਤਰ : ਕੋਈ ਨਹੀਂ

ਆਕਾਰ : 26X16 ਸ.ਮ. ਲਿਖਤ : 20X9.5 ਸ.ਮ.

ਵੇਰਵਾ : ਕਾਗ਼ਜ਼ ਪੁਰਾਣਾ ਜ਼ਰਦ ਕਿਰਮ ਖ਼ੁਰਦਾ। ਲਾਲ ਰੰਗ ਤੇ ਸਿਆਹੀ ਨਾਲ ਲਿਖਿਆ ਨੁਸਖ਼ਾ। ਪ੍ਰਤੀ ਪੰਨਾ ਔਸਤਨ 25 ਸਤਰਾਂ। ਸਥਾਨਾਂ ਤੇ ਵਿਅਕਤੀਆਂ ਦੇ ਨਾਮ ਲਾਲ ਰੰਗ ਨਾਲ ਲਕੀਰ ਕੀਤੇ ਹੋਏ ਹਨ- ਸਬਹੈਡਿੰਗ ਅਤੇ ਹੈਡਿੰਗ ਲਾਲ ਰੰਗ ਵਿਚ ਦਰਜ ਹਨ।

ਆਮ ਵੇਰਵਾ : ਮਾਰਫ਼ਤ, ਈਮਾਨ ਇਸਲਾਮ, ਇਕਤਸਾਰ, ਤੌਹੀਦ ਬਾਰੇ ਦਲੀਲਾਂ, ਇਸਲਾਮ ਵਿਦਿਆ ਅਨੁਸਾਰ ਨੇਕ ਅਮਲ। ਈਮਾਨ ਇਸਲਾਮ ਦੀ ਸ੍ਰੇਸ਼ਟਤਾ ਬਾਰੇ ਦਲੀਲਾਂ। ਮੁੰਹਮਦ ਸਾਹਿਬ ਦੇ ਬਿਆਨਾਂ ਕੁਰਾਨ ਬਾਰੇ ਉਤਮ ਦਲੀਲਾਂ ਬਿਆਨਣਾ ਗ੍ਰੰਥ ਕਰਤਾ ਦਾ ਉਦੇਸ਼ ਹੈ। ਇਸ ਪੋਥੀ ਵਿਚ ਰਾਸ਼ਦੀ ਖ਼ਲੀਫ਼ਿਆਂ ਬਾਰੇ ਕੌਲ ਅਤੇ ਮੁੰਹਮਦ ਸਾਹਿਬ ਦੇ ਜੀਵਨ ਤੇ ਫ਼ਲਸਫ਼ੇ ਨਾਲ ਸੰਬੰਧਿਤ ਹਦੀਸਾਂ ਦੀ ਖੁਲ੍ਹੀ ਵਰਤੋਂ ਕੀਤੀ ਹੈ। ਅਰਬੀ ਭਾਸ਼ਾ ਦਾ ਲਿਖਤ ਦੀ ਭਾਸ਼ਾ ਉਤੇ ਬੜਾ ਪ੍ਰਭਾਵ ਹੈ। ਰਸਾਲਤ ਦੇ ਪਹਿਲੂ ਉਤੇ ਜ਼ੋਰ ਦੇਂਦਿਆ ਮੁੰਹਮਦ ਸਾਹਿਬ ਨੂੰ ਰਸੂਲ ਮੰਨਣ ਦੇ ਹਕ ਵਿਚ ਵੀ ਦਲੀਲਾਂ ਵਰਣਨ ਹਨ। ਇਸਲਾਮ ਦੇ ਇਤਿਹਾਸ ਵਿਚੋਂ ਮਿਸਾਲਾਂ ਦੇ ਦੇ ਕੇ ਇਸਦੀ ਉਤਮਤਾ ਸਿਧ ਕੀਤੀ ਗਈ ਹੈ।

ਆਰੰਭ : ਬਿਸਮਿਲਾਹਿ ਅਲਰਹਮਾਨਿ ਅਲਰਹੀਮ ਅਲਹਮਦ ਲਿਲਾਹਿ ਰਸੂਲ ਆਲਮੀਨ ਵ ਸਲਾਤੂ ਵ ਅਸਲਾਮ ਅਲੈਸਈਦੁਲ ਅੰਬੀਆ।

ਅੰਤ : ਵ ਲਮ ਯੁਜ਼ਿਕਰਵਾ ਅਲਰਕਮ ਫ਼ੀ ਜ਼ਰਾਆ ਹਿਮਾਰ ਵ ਜ਼ਿਕਰ ਨ ਕਰਦ ਇਜ਼ ਰਫ਼ੀਮਾਂ ਫ਼ੀ ਜਰਅ ਅਲਹਿਮਾਰ ਤਮਾਮ ਸ਼ੁਦ ਕਿਤਾਬੁਲ ਈਮਾਨ ਕਿ ਆਖ਼ਰ ਜੁਜ਼ ਰਾ ਅਵਲਈਨ ਅਸਤ ਅਲਹਮਦ ਲਿਲਾਹਿ ਅਲਰਬਿ ਆਲਮੀਨ

ਹੱਥ ਲਿਖਤ ਨੰ : MS 1122

ਸ੍ਰੋਤ : ਦਰਜ ਨਹੀਂ

ਸਿਰਲੇਖ : **ਸ੍ਰੀ ਮਦ ਭਾਗਵਤ ਗੀਤਾ (ਫ਼ਾਰਸੀ)**

ਲਿਖਾਰੀ : ਖ਼ਾਨ ਚੰਦ

ਸਮਾਂ : 1847 ਈ.

ਰਚਨਾ ਕਾਲ : ਉਨ੍ਹੀਵੀਂ ਸਦੀ

ਸਥਾਨ : ਮੁਲਤਾਨ

ਪੱਤਰੇ : 173

ਚਿੱਤਰ : ਕੋਈ ਨਹੀਂ

ਆਕਾਰ : 26.5X16.5 ਸ.ਮ. ਲਿਖਤ : 20X14 ਸ.ਮ. ਸ਼ਿਕਸਤਾ

ਵੇਰਵਾ : ਹੈਡਿੰਗ ਅਤੇ ਸਬਹੈਡਿੰਗ ਲਾਲ ਰੰਗ। ਮਿਤਨ ਸਿਆਹੀ ਨਾਲ। ਕੁਝ ਕੁ ਪੰਨਿਆਂ ਉਤੇ ਲਾਲ ਹਾਸ਼ੀਆ ਲਕੀਰਦਾਰ ਲਗਾ ਹੈ ਅਤੇ ਸਤਰਾਂ ਵਖ ਵਖ ਢੰਗਾਂ ਵੀ ਹਨ ਤੇ ਕਈ ਸਫ਼ਿਆਂ ਉਤੇ ਸਿਧੀਆਂ ਵੀ ਹਨ। ਇਸੇ ਪ੍ਰਕਾਰ ਕਈ ਪੰਨਿਆਂ ਉਤੇ ਹੈਡਿੰਗ ਅਤੇ ਸਬਹੈਡਿੰਗ ਵੀ ਲਾਲ ਰੰਗ ਨਾਲ ਹਨ।

ਆਮ ਵੇਰਵਾ : ਖ਼ਾਨ ਚੰਦ ਨੇ ਇਹ ਹਥਲਿਖਤ ਦੀਵਾਨ ਮੂਲ ਰਾਜ ਮੁਲਤਾਨ ਵਾਲੇ ਹਾਕਮ ਦੀ ਸਿਫ਼ਾਰਸ਼ ਉਤੇ ਕਲਮਬੰਦ ਕੀਤੀ। ਸੰਸਾਰ ਸ੍ਰਿਸ਼ਟੀ ਉਤਪਤੀ ਵੇਦਾਂਤ ਅਨੁਸਾਰ ਵਰਣਨ ਕਰਨ ਉਪਰੰਤ ਤ੍ਰੈ ਦੇਵਾਂ ਦੀ ਵਿਉਤਪਤੀ ਦਾ ਵਰਣਨ ਹੈ। ਉਸ ਪਿਛੋਂ ਸ੍ਰੀ ਭਾਗਵਤ ਦੇ ਸਲੋਕਾਂ ਦੀ ਟੈਕਸਟ ਰਹਿਤ ਵਿਆਖਿਆ ਕੀਤੀ ਹੋਈ ਹੈ। ਗੀਤਾ ਅਧਿਆਇਆਂ ਨੂੰ ਫ਼ਸਲਾਂ ਦੇ ਸਿਰਲੇਖ ਹੇਠ ਵੰਡਿਆ ਹੈ।

ਆਰੰਭ : ਓਮ ਸ੍ਰੀ ਗਨੇਸ਼ਾਇ ਨਮਹ ਜ਼ਬਾਨੇ ਸਿਦਕੀਆਨੇ ਬੇਦ ਵ ਪੁਰਾਨ ਬਿਦਾਨ ਨਹ ਤਬਕ ਅਸਤ ਕਿ ਪੇਸ਼ ਅਜ਼ ਆਫ਼ਰੀਨ ਹਮਾ ਆਬ ਬੂਦ...............

ਅੰਤ : ਬਖ਼ਵਾਨਦ ਵ ਬਿਸ਼ੁਨਵਦ ਜ਼ਿੰਦਾ ਜਾਵੇਦ ਮੀਸ਼ਦ ਵ ਅਜ਼ ਆਮਦੋ ਸ਼ੁਦੇ ਆਲਮ ਵਾ ਮੀ ਰਹਦ ਵ ਮੁਕਤ ਮੀ ਸ਼ਵਦ ਸੰਪੂਰਨ ਸ਼ੁਦ

ਹੱਥ ਲਿਖਤ ਨੰ : MS 1123
ਸ੍ਰੋਤ : ਅਗਿਆਤ
ਸਿਰਲੇਖ : **ਤਜ਼ਕਿਰਾਏ ਇਸਲਾਮੀ ਔਲੀਆ (ਅਧੂਰੀ) ਫ਼ਾਰਸੀ**
ਲਿਖਾਰੀ : ਅਗਿਆਤ
ਸਮਾਂ : 1734 ਈ. (1154 ਹਿਜਰੀ)
ਰਚਨਾ ਕਾਲ : ਅਠਾਹਰਵੀਂ ਸਦੀ
ਸਥਾਨ : ਅਗਿਆਤ
ਪੱਤਰੇ : 254
ਚਿੱਤਰ : ਕੋਈ ਨਹੀਂ
ਆਕਾਰ : 25.5X15 ਸ.ਮ. ਲਿਖਤ : 19X9 ਸ.ਮ. ਸ਼ਿਕਸਤਾ
ਵੇਰਵਾ : ਕਾਗ਼ਜ਼ ਪੁਰਾਣਾ ਜ਼ਰਦ। ਕਾਲੀ ਸਿਆਹੀ ਨਾਲ ਮਿਤਨ ਵਿਚ ਵਿਚ ਸੰਕੇਤਾਂ ਵਾਸਤੇ ਲਾਲ ਰੰਗ ਦੀ ਵਰਤੋਂ ਕੀਤੀ ਹੋਈ। ਪ੍ਰਤੀ ਪੰਨਾ ਔਸਤਨ 17 ਸਤਰਾਂ।
ਆਮ ਵੇਰਵਾ : ਪੁਸਤਕ ਦਾ ਰਚਨਾ ਕਾਲ ਵਾਲਾ ਪੰਨਾ ਸ਼ੱਕੀ ਚਸਪਾਂ ਕਾਗ਼ਜ਼ ਦੀ ਕਿਸਮ ਵਖਰੀ ਅਤੇ ਭੁਲੇਖਾ ਪਾਊ ਹੈ। ਤਬਸਰੇ ਤੋਂ ਪਿਛੋਂ ਹਜ਼ਰਤ ਨੂਹ ਦੀ ਘਟਨਾ ਦਰਜ ਹੈ। ਮਿਥਿਹਾਸਿਕ ਕਥਾਵਾਂ ਦਾ ਵਰਣਨ ਮਿਲਦਾ ਹੈ ਅਕਸਰ ਉਹ ਜੋ ਕੁਰਾਨੇ ਪਾਕ ਦੀ ਸੂਰਇ ਅਲਕਸਿਸ ਅਲਅੰਬੀਆਂ ਵਿਚ ਦਰਜ ਹਨ। ਲੇਖਕ ਦਾ ਪ੍ਰੇਰਨਾ ਸ੍ਰੋਤ ਵੀ ਕੁਰਾਨ ਦੀ ਉਕਤ ਸੂਰਤ ਹੈ।
ਆਰੰਭ : (ਇਕ ਨੰਬਰ ਸਫ਼ਾ ਫਟਿਆ ਹੈ) ਅੰਦ: ਖ਼ੁਸ਼ਹਾਲ ਵ ਬਦਹਾਲ ਖ਼ੁਸ਼ਹਾਲ ਆਨ ਕਿ ਅਜ਼ ਬਾਲਾਈ ਏ ਜਾਨ ਨਾ ਬਾਸ਼ਦ
ਅੰਤ : ਦੋਬਾਰਾ ਸਵਾਲ ਮੀ ਕੁਨਦ ਹਮਾ ਮਸਾਇਲ ਕਿ ਬਾ ਜਵਾਬੇ ਅਵਲ ਕਾਨਇ ਨ ਗਸ਼ਤਾ ਵ ਹਾਸਿਲੇ ਈਨ ਜਵਾਬ ਜ਼ਾਹਿਰ ਅਸਤ ਅਲਹਮਦਿ ਲਿਲਾਹਿ ਅਲੈ ਅਤਮਾਮੀ ਅਲਕਿਤਾਬੂ

ਹੱਥ ਲਿਖਤ ਨੰ : MS 1124
ਸ੍ਰੋਤ : H.S, H.S
ਸਿਰਲੇਖ : **ਕਵਾਨੀਨੇ ਫ਼ਾਰਸੀ (ਫ਼ਾਰਸੀ)**
ਲਿਖਾਰੀ : ਆਗ਼ਾ ਹਸਨ ਲੱਦੁਨੀ
ਸਮਾਂ : ਦਰਜ ਨਹੀਂ
ਰਚਨਾ ਕਾਲ : ਅਗਿਆਤ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 28X14 ਸ.ਮ. ਲਿਖਤ : 18.5X8 ਸ.ਮ. ਨਸਤਾਲੀਕ
ਵੇਰਵਾ : ਸੁਰਖ਼ੀਆਂ ਸੁਰਖ਼ ਮੂਲਪਾਠ ਸਿਆਹ। ਪ੍ਰਤੀ ਪੰਨਾ ਔਸਤਨ 15 ਸਤਰਾਂ। ਹਾਸ਼ੀਆ ਰਹਿਤ। ਕਾਗ਼ਜ਼ ਪੁਰਾਣਾ ਜ਼ਰਦ।
ਆਮ ਵੇਰਵਾ : ਫ਼ਾਰਸੀ ਵਿਆਕਰਣ ਉਪਰ ਲਿਖੀ ਗਈ ਇਹ ਇਕ ਮਹਤਵਪੂਰਨ ਕਿਤਾਬ ਹੈ। ਲੇਖਕ ਨੇ ਪ੍ਰਮੁਖ ਤੌਰ ਉਤੇ ਭਾਰਤ ਵਿਚ ਰਹਿੰਦੇ ਅੰਗਰੇਜ਼ਾਂ ਨੂੰ ਫ਼ਾਰਸੀ ਸਿਖਾਉਣ ਦੇ ਉਦੇਸ਼ ਨਾਲ ਇਸ ਪੁਸਤਕ ਦੀ

ਤਿਆਰੀ ਕੀਤੀ। ਅੰਗਰੇਜ਼ੀ ਵਿਆਕਰਣ ਦੇ ਆਧਾਰ ਉਤੇ ਹੀ ਉਸਨੇ ਨਾਂਵ, ਪੜਨਾਂਵ, ਕਿਰਿਆਵਾਂ ਕਾਲ ਆਦਿ ਦਾ ਵੇਰਵਾ ਵੀ ਅੰਗਰੇਜ਼ੀ ਪੈਟਰਨ ਉਪਰ ਹੀ ਵਰਣਨ ਕੀਤਾ ਹੈ। ਸੰਬੰਧਕਾਂ ਯੋਜਕਾਂ ਨੂੰ ਅੰਗਰੇਜ਼ੀ ਪੈਟਰਨ ਉਤੇ ਬਿਆਨ ਕਰਨ ਤੋਂ ਪਿਛੋਂ ਉਸਨੇ ਅਰਬੀ ਸ਼ਬਦਾਂ ਦੀ ਸਾਖ਼ਤ ਜਿਵੇ ਤਿੰਨ ਹਰਫ਼ੀ ਚਾਰ ਹਰਫ਼ੀ ਦੀ ਵੇਰਵੇ ਸਹਿਤ ਵਿਆਖਿਆ ਦਿਤੀ ਹੈ ਅਰਬੀ ਅਬਜਦ ਨੂੰ ਫ਼ਾਰਸੀ ਅਬਜਦ ਨਾਲੋਂ ਵਖਰਿਆਇਆ ਹੈ। ਹਸ਼ਤਗਾਨਾ ਅਦਵੀ ਸ਼ਬਦਾਂ ਦੀ ਤਰਤੀਬ ਤੇ ਸ਼ੁਮਾਰ ਬੜੀ ਵਿਆਖਿਆ ਨਾਲ ਵਰਣਨ ਕੀਤਾ ਹੈ

ਆਰੰਭ : ਬਅਦ ਹਮਦੋ ਸਪਾਸ ਹਕੀਮ ਸੁਖ਼ਨ ਆਫ਼ਰੀਨ ਦੌਰ ਬਰ ਬੰਦਹਾਏ ਗੁਜ਼ੀਨ ਉ......

ਅੰਤ : ਤੁਮਤ ਤਮਾਮ ਸ਼ੁਦ ਨੁਸਖ਼ਾ ਕਵਾਨੀਨੇ ਫ਼ਾਰਸੀ ਮਿਨ ਤਸਨੀਫ਼ ਆਗ਼ਾ ਹਸਨ ਲਦੁਨੀ ਕਿ ਦਰ ਜਮੀਅ ਕਵਾਨੀਨੇ ਫ਼ਾਰਸੀ ਬਾਕਦਰ ਤਾਕਤ ਜ਼ੁਹਦ ਬੁਰਦ

ਅਕਸਰ ਫ਼ਾਰਸੀ ਤੇ ਉਰਦੂ ਦੇ ਕਵੀਆਂ ਨੇ ਇਤਿਹਾਸਿਕ ਘਟਨਾਵਾਂ ਦੇ ਕਾਲ ਦਰਜ ਕਰਨ ਲਈ ਸ਼ਿਅਰਾਂ ਵਿਚ ਅਬਜਦ ਦੇ ਅਖਰਾਂ ਨੂੰ ਵਰਤਿਆ ਹੈ। ਇਹਨਾਂ ਸ਼ਬਦ ਮੁੱਲਾਂ ਦੇ ਪ੍ਰਮਾਣ ਬਹੁਤ ਘਟ ਲਭਦੇ ਹਨ । ਇਸ ਕਾਰਨ ਇਸੇ ਨੁਸਖ਼ੇ ਵਿਚੋਂ ਲਭਕੇ ਦਰਜ ਕੀਤੇ ਜਾਂਦੇ ਹਨ।

| | | | | | |
|---|---|---|---|---|---|
| ਅਲਫ਼ | 1 | 10 | ਰੇ | 200 | ਛੋਟੀ ਯੇ |
| ਬੇ | 2 | 20 | ਸੀਨ | 300 | ਕਾਫ |
| ਜੀਮ | 3 | 30 | ਤੇ | 400 | ਲਾਮ |
| ਦਾਲ | 4 | 40 | ਯੇ | 500 | ਮੀਮ |
| ਹੇ | 5 | 50 | ਖ਼ੇ | 600 | ਨੂਨ |
| ਵਾਉ | 6 | 60 | ਵਾ | 700 | ਸੀਨ |
| ਜ਼ੇ | 7 | 70 | ਜ਼ਾਦ | 800 | ਐਨ |
| ਹੇ(ਜੀਮ) | 8 | 90 | ਤੋਏ | 900 | ਫੇ |
| ਤੋਏ | 9 | 100 | ਐਨ | 1000 | ਸਵਾਦ |
| ਯੇ ਛੋਟੀ | 10 | | | | ਕਯਾਫ਼ |

ਹੱਥ ਲਿਖਤ ਨੰ : MS 1125

ਸ੍ਰੋਤ : H.S, H.S, Amritsar

ਸਿਰਲੇਖ : **ਇਨਸ਼ਾਈਆ- ਏ - ਰੁਕਾਜਾਤ (ਫ਼ਾਰਸੀ)**

ਲਿਖਾਰੀ : ਮੀਰ ਮੁਹੰਮਦ ਹੁਸੈਨ

ਸਮਾਂ : ਅਗਿਆਤ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 28X14 ਸ.ਮ. ਲਿਖਤ : 19.5X8.5 ਸ.ਮ. ਨਸਤਾਲੀਕ

ਵੇਰਵਾ : ਲਾਲ ਰੰਗ ਨਾਲ ਹਾਸ਼ੀਏ ਅਤੇ ਮੂਲ ਪਾਠ ਸਿਆਹੀ ਨਾਲ ਲਿਖੇ ਇਸ ਨੁਸਖ਼ੇ ਵਿਚ ਪ੍ਰਤੀ ਪੰਨਾ ਔਸਤ 15 ਸਤਰਾਂ ਦਰਜ ਹਨ। ਹਾਸ਼ੀਆ ਬਾਹਰ ਲਾਈਨਦਾਰ ਨੀਲਾ ਅਤੇ ਅੰਦਰ ਲਾਲ ਹੈ। ਸਬਹੈਡਿੰਗ ਲਾਲ ਰੰਗ ਨਾਲ ਦਰਜ ਕੀਤੇ ਹਨ।

ਆਮ ਵੇਰਵਾ : ਮਜ਼ਹਬ ਅਲਇਖ਼ਲਾਕ ਵਿਚੋਂ ਹਵਾਲੇ ਦੇ ਕੇ ਇਸ ਨੁਸਖ਼ੇ ਵਿਚ ਚਿਠੀ ਲਿਖਣ ਤੇ ਰੁੱਕੇ ਲਿਖਣ ਲਿਖਾਉਣ ਦੀ ਕਲਾ ਦਾ ਪ੍ਰਦਰਸ਼ਨ ਤੇ ਸਿਖਿਆ ਦੇਣਾ ਲੇਖਕ ਦਾ ਮੂਲ ਮੁੱਦਾ ਹੈ। ਉਕਤ ਲਿਖਤ ਵਿਚ

ਜਿਸ ਪ੍ਰਕਾਰ ਦੀ ਲਿਖਤ ਲਿਖੀ ਜਾਣੀ ਚਾਹੀਏ ਉਹ ਤਥ ਮਿਸਾਲਾਂ ਸਮੇਤ ਦਿਤੇ ਗਏ ਹਨ। ਸ਼ਬਦਾਵਲੀ ਦੀ ਭਰਮਾਰ ਹੈ। ਬੈਂਤ ਤੇ ਮਿਸਰਿਆਂ ਦੇ ਹਵਾਲੇ ਲਿਖਤ ਨੂੰ ਪ੍ਰਭਾਵਕਾਰੀ ਬਣਾਇਆ ਗਿਆ ਹੈ। ਕਿਉਂਜੁ ਲੇਖਕ ਦਾ ਮੰਤਵ ਹੀ ਲਿਖਣ ਕਲਾ ਅਭਿਵਿਅਕਤ ਕਰਨਾ ਹੈ।

ਆਰੰਭ : ਤਰਾਨਾ ਸੰਜੀ ਅੰਦਲੀਬੇ ਕਲਮ ਦਰ ਬਹਾਰਿਸਤਾਨ ਸਫ਼ਹਾ ਬਰ ਸ਼ਾਖ਼ਾਏ ਮੁਸਤਮਲ ਬਰਈਨ ਮਆਨੀ ਗੁਲ ਮੁਮੀਜ਼ ਬਹਾਰੇ ਹਮਦ ਮਹਮੂਦੀ ਅਸਤ.....

ਅੰਤੱ : ਚੂਨ ਮੌਲਵੀ ਗੁਫ਼ਤਨ ਤਾਲਬੇ ਇਲਮੋ ਦਰਸ ਖ਼ਵਾਨ ਲਾਜ਼ਮ ਫ਼ਜ਼ੀਲਤ ਅਸਤ ਵਾ ਫ਼ਜ਼ੀਲਤ ਮਲਜ਼ੂਮ ਦਰੀਨਜਾ ਜ਼ਿਕਰ ਲਾਜ਼ਿਮ ਬੇ ਇਰਾਦਾ ਮਲਜ਼ੂਮ ਅਸਤ

ਹੱਥ ਲਿਖਤ ਨੰ : MS 1126

ਸ੍ਰੋਤ : H.S, H.S

ਸਿਰਲੇਖ : **ਹਸ਼ਤ ਬਹਿਸ਼ਤ (ਫ਼ਾਰਸੀ)**

ਲਿਖਾਰੀ : ਤੋਤਾ ਰਾਮ ਪੰਡਿਤ ਲਾਹੌਰੀ

ਸਮਾਂ : 1263 ਹਿਜਰੀ, 1903 ਬਿਕਰਮੀ 1846 ਈ.

ਰਚਨਾ ਕਾਲ : ਅਗਿਆਤ

ਸਥਾਨ : ਲਾਹੌਰ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 27X15 ਸ.ਮ. ਲਿਖਤ : 19X9 ਸ.ਮ. ਨਸਤਾਲੀਕ

ਵੇਰਵਾ : ਹੈਡਿੰਗ ਅਤੇ ਸਬਹੈਡਿੰਗ ਲਾਲ ਰੰਗ ਅਤੇ ਮੂਲਪਾਠ ਸਿਆਹੀ ਨਾਲ ਲਿਖਿਆ ਹੋਇਆ। ਦੋ ਕਾਲਮੀ ਡਬੀਦਾਰ ਹਾਸ਼ੀਆ ਲਾਲ ਤੇ ਕਾਲਾ। ਅੰਦਰ ਲਾਲ ਅਤੇ ਕਾਲਾ ਹਾਸ਼ੀਆ ਬਾਹਰ ਲਗਾ ਹੋਇਆ ਹੈ। ਸਬਹੈਡਿੰਗ ਦੋਹਾਂ ਕਾਲਮਾਂ ਵਿਚ ਸਾਂਝਾ। ਲਿਖਾਈ ਸੁੰਦਰ ਸਾਫ਼ ਤੇ ਸਪਸ਼ੱਟ ਹੈ। ਪ੍ਰਤੀ ਪੰਨਾ ਔਸਤਨ 12 ਸਤਰਾਂ।

ਆਮ ਵੇਰਵਾ : ਲਾਲਾ ਸੁਖਰਾਮ ਦੀ ਸਿਫ਼ਾਰਸ਼ ਉਤੇ ਤੋਤਾ ਰਾਮ ਪੰਡਿਤ ਨੇ ਇਹ ਪੁਸਤਕ ਲਿਖੀ। ਕਸ਼ਮੀਰੀ ਪੰਡਿਤ ਹੋਣ ਦੇ ਬਾਵਜੂਦ ਕਵੀ ਨੇ ਸਾਮਿਅਕ ਰਿਵਾਜ ਅਨੁਸਾਰ ਹਮਦੇ ਬਾਰੀ ਤਆਲਾ ਅਤੇ ਨਾਅਤੇ ਰਸੂਲ ਮੁੰਹਮਦ ਤੋਂ ਪੋਥੀ ਸ਼ੁਰੂ ਕੀਤੀ ਹੈ। ਉਸ ਪਿਛੋਂ ਹਜ਼ਰਤ ਮੁੰਹਮਦ ਸਾਹਿਬ ਨਾਲ ਸੰਬੰਧਿਤ ਮਿਅਰਾਜ ਦੀ ਘਟਨਾ ਵਰਣਨ ਕੀਤੀ ਹੈ। ਨਜ਼ਾਮੁਲ ਹਕ ਅਤੇ ਸੁਲਤਾਨ ਅਲਾਉਦੀਨ ਦੀ ਸਿਫ਼ਤ ਵਿਚ ਕਸੀਦੇ ਲਿਖੇ ਹਨ। ਬਹਿਰ ਰਮਲ ਵਿਚ ਇਸ ਮਸਨਵੀ ਵਿਚ ਕਵੀ ਨੇ ਸ਼ਾਹ ਬਹਿਰਾਮ ਦੀ ਪ੍ਰਚਲਿਤ ਲੋਕ ਕਹਾਣੀ ਨੂੰ ਵਰਣਿਤ ਕੀਤਾ ਹੈ। ਈਰਾਨੀ ਮੂਲ ਦੀ ਇਹ ਲੋਕ ਗਾਥਾ ਪੰਜਾਬ ਵਿਚ ਉਧਰਿਤ ਕੀਤਾ ਕਿਸਾ ਹੈ। ਸ਼ਾਹ ਬਹਿਰਾਮ ਸਤ ਮੰਜ਼ਲਾਂ ਵਾਰੀ ਵਾਰੀ ਲੰਘਦਾ ਆਪਣੀ ਪ੍ਰੇਮਕਾ ਪਾਸ ਪੁਜਦਾ ਹੈ। ਇਸੇ ਮਸਨਵੀ ਵਿਚ ਕਵੀ ਨੇ ਆਪਣੇ ਪੁਤਰ ਨੂੰ ਨਸੀਹਤਾਂ ਦੇ ਬੰਦ ਵੀ ਲਿਖੇ ਹਨ। ਆਪਣੇ ਪੁਤਰ ਨੂੰ ਨਸੀਹਤ ਵਾਲੇ ਭਾਗ ਵਿਚ ਹੀ ਪੰਡਤ ਤੋਤਾ ਰਾਮ ਨੇ ਔਰਤ ਦੀ ਮਹਾਨਤਾ ਨੂੰ ਅਭਿਵਿਅਕਤ ਕੀਤਾ ਹੈ।

ਔਰਤ ਉਹੋ ਭਲੀ ਹੈ ਜੋ ਮਰਦ ਦੀ ਤਾਬਿਆਦਾਰ ਹੋਵੇ ਨਖਰੇ ਚਲਿਤਰਾਂ ਵਾਲੀ ਔਰਤ ਬੇਪਰਦਾ ਹੋ ਜਾਂਦੀ ਹੈ।

ਔਰਤ ਮਰਦ ਦੀ ਤਦਬੀਰ ਅਨੁਸਾਰ ਚਲੇ ਤਾਂ ਚਰਖੇ ਤੇ ਸੂਈ ਦੀ ਮਦਦ ਨਾਲ ਜੁਧ ਲੜਦੀ ਹੈ ਚਰਖਾ ਅਤੇ ਸੂਈ ਘਰ ਦਾ ਸੁਭਾਗ ਹਨ ਕਿਉਂਜੋ ਦੋਨੋਂ ਵਸਤਾਂ ਬਦਨ ਢਕਦੀਆਂ ਹਨ।

ਜੋ ਔਰਤ ਹਯਾ ਸ਼ਰਮ ਨਾਲ ਘਰ ਵਿਚ ਰਹਿੰਦੀ ਹੈ। ਉਸਦਾ ਰੁਤਬਾ ਸਿਤਾਰਿਆਂ ਤੋਂ ਵੀ ਬੁਲੰਦ ਹੈ।

ਆਰੰਭ : ਐ ਕੁਸ਼ਾਯੰਦਾਏ ਖ਼ਜ਼ਾਈਨੇ ਜੂਦ। ਨਕਸ਼ ਪੈਵੰਦ ਕਾਰੇ ਕਾਰਾਹ ਵਜੂਦ।

ਕੌਕਬ ਆਰਾਏ ਆਸਮਾਨ ਬੁਲੰਦ। ਹਮ ਜ਼ਮੀਨ ਸਾਜ਼ੋ ਹਮ ਫਲ ਸੋਵੰਦ।

ਅੰਤ : ਚੂੰ ਬਦੋ ਨੇਕ ਰਾ ਜੁਜ਼ਾਈਏ ਹਸਤ। ਗੁਫ਼ਤੋ ਨਾ ਗੁਫ਼ਤਾ ਰਾ ਸਜ਼ਾਈਏ ਹਸਤ।
ਖ਼ੁਰਮਾ ਬਾ ਆਂਕਸ ਕਿ ਤੁਖ਼ਮੇ ਨੇਕੀ ਕਾਸ਼ਤ॥ ਤਾ ਚੂ ਬਰਖ਼ਵੀਸ਼ਤ ਅਜ਼ਆਨ ਬਰਦਾਸ਼ਤ

ਹੱਥ ਲਿਖਤ ਨੰ : MS 1127
ਸ੍ਰੋਤ : H.S, H.S
ਸਿਰਲੇਖ : **ਸ਼ਮ੍ਹਾਏ ਹੈਦਰੀ (ਫ਼ਾਰਸੀ) ਅਧੂਰੀ**
ਲਿਖਾਰੀ : ਮੁੰਹਮਦ ਹੈਦਰ
ਸਮਾਂ : 1785 ਈ.
ਰਚਨਾ ਕਾਲ : ਉਨ੍ਹੀਵੀਂ ਸਦੀ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 24.5X14 ਸ.ਮ. ਲਿਖਤ : 16X10 ਸ.ਮ. ਸ਼ਿਕਸਤਾ
ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਮੂਲ ਪਾਠ ਸਿਆਹੀ ਨਾਲ ਲਿਖਿਆ। ਪ੍ਰਤੀ ਪੰਨਾ 15 ਤੋਂ 16 ਸਤਰਾਂ ਵਧ ਤੋਂ ਵਧ ਦਰਜ ਹਨ। ਅਕਸਰ ਸਫ਼ਿਆਂ ਉਪਰ ਖ਼ਾਲੀ ਥਾਂ ਛਡੀ। ਹਾਸ਼ੀਆ ਰਹਿਤ।
ਆਮ ਵੇਰਵਾ : ਵਿਸ਼ੇ ਪਖੋਂ ਲੇਖਕ ਨੇ ਕਿਸੇ ਬਰਫ਼ਾਨੀ ਦੇਸ਼ ਦੇ ਹਾਲਾਤ ਕਲਮਬੰਦ ਕੀਤੇ ਹਨ। ਉਥੋਂ ਦੇ ਪਰਿੰਦਿਆਂ, ਜਾਨਵਰਾਂ, ਲੋਕਾਂ, ਰਾਜਨੀਤੀ, ਭੂਗੋਲਿਕ ਵਾਤਾਵਰਣ, ਰਾਜਸੀ ਪ੍ਰਣਾਲੀ, ਪਹਿਰਾਵਾ, ਖਾਣ ਪੀਣ, ਐਸ਼ ਪ੍ਰਸਤੀ ਤੇ ਹੋਰ ਜੀਵਨ ਮੁੱਲਾਂ ਨੂੰ ਅਭਿਵਿਅਕਤ ਕੀਤਾ ਹੈ। ਪਰ ਉਸ ਖਿਤੇ ਦਾ ਨਾਮ ਦਰਜ ਨਹੀਂ। ਅੰਦਰੂਨੀ ਗਵਾਹੀ ਵਜੋਂ ਉਸ ਦੇਸ਼ ਵਿਚ 75 ਵਡੇ ਸ਼ਹਿਰ, ਪੱਕੇ ਕਿਲ੍ਹਿਆਂ ਵਾਲੇ ਹਨ। ਲੋਕ ਕਾਲਾ ਨਮਦੇ ਦਾ ਕਤਿਆ ਕਪੜਾ ਅਕਸਰ ਪਹਿਨਦੇ ਹਨ ਤੇ ਬਰਫ਼ਾਨੀ ਮੌਸਮ ਹੈ। ਸੰਭਵ ਹੈ ਕਿ ਇਹ ਰਚਨਾ ਕਿਸੇ ਅਰਬੀ ਯਾਤਰੀ ਸੁਲੇਮਾਨ ਤਾਜਰ ਜਾਂ ਇਦਰੀਸੀ ਆਦਿ ਦਾ ਅਨੁਵਾਦ ਕੀਤਾ ਗਿਆ ਹੋਵੇ।
ਆਰੰਭ : ਦਰੀਂ ਵਿਲਾਇਤ ਮੁਰਗ਼ੇ ਪੈਦਾ ਮੀ ਸ਼ਵਦ ਚੂੰ ਕਾਮਤ ਵ ਬਜ਼ੁਰਗੇ ਵ ਤਿਫ਼ਾਵਤੇ ਫ਼ੀਲ ਚਹਾਰ ਦਹ ਸਾਲਾ ਦਾਰਦ ਵ ਹਜ਼ਾਰ ਪਾ ਆਨ ਮੁਰਗ ਰਾ ਦਰਦਾਮ ਗਿਰਫ਼ਤਾਰ ਕਰਦਾ ਦਰ ਖ਼ਾਨਾ ਵ ਸ਼ਹਰਹਾ............
ਅੰਤ : ਨੁਸਖ਼ਾਏ ਸ਼ਮ੍ਹਾਏ ਹੈਦਰ ਤਸਨੀਫ਼ ਤਹਰੀਰ ਵ ਨਸਾਖ਼ 13 ਬਰ ਮਾਹ ਸਾਊਨ 1249 ਫ਼ਸਲੀ

ਹੱਥ ਲਿਖਤ ਨੰ : MS 1128
ਸ੍ਰੋਤ : H.S, H.S
ਸਿਰਲੇਖ : **ਕਿੱਸਾ ਯੂਸਫ਼ ਜ਼ੁਲੈਖ਼ਾ (ਫ਼ਾਰਸੀ)**
ਲਿਖਾਰੀ : ਬਰਖ਼ੁਰਦਾਰ ਦਲੀਪ ਰਾਏ ਕਾਨੂੰਨਗੋ ਬਟਾਲਾ ਨਕਲ ਕਰਤਾ ਖ਼ਿਜ਼ਰ ਹਮਦਾਨੀ
ਸਮਾਂ : 1804 ਈ.
ਰਚਨਾ ਕਾਲ : 1804 ਈ.
ਸਥਾਨ : ਅੰਮ੍ਰਿਤਸਰ
ਪੱਤਰੇ : ਕ੍ਰਮਾਂਕ ਅੰਕਿਤ ਨਹੀਂ
ਚਿੱਤਰ : ਕੋਈ ਨਹੀਂ

ਆਕਾਰ : 24X14 ਸ.ਮ. ਲਿਖਤ : 21.5X11 ਸ.ਮ. ਨਸਤਾਲੀਕ

ਵੇਰਵਾ : ਸਿਆਹੀ ਨਾਲ ਲਿਖਿਆ ਨੁਸਖ਼ਾ ਦੋ ਕਾਲਮੀ ਮਸਨਵੀ ਕਾਵਿ ਰੂਪ ਉਤੇ ਆਧਾਰਿਤ ਹੈ। ਸੁਰਖ਼ੀਆਂ ਸੁਰਖ਼ ਹਨ। ਬਹੁਤ ਸਾਰੇ ਸਫ਼ਿਆਂ ਉਤੇ ਲਿਖਤ ਨੂੰ ਲੇਟਵੇ ਰੂਪ ਵਿਚ ਵੀ ਲਿਖਿਆ ਅਤੇ ਪ੍ਰਤੀ ਪੰਨਾ ਸਤਰਾਂ ਵਧਾਈਆਂ ਹਨ ਲੇਟਵੀਆਂ ਸਤਰਾਂ ਪਾਕੇ ਪ੍ਰਤੀ ਪੰਨਾ ਔਸਤਨ 24 ਸਤਰਾਂ ਪੂਰੀਆਂ ਕੀਤੀਆਂ ਹਨ।

ਆਮ ਵੇਰਵਾ : ਕਵੀ ਹਿੰਦੂ ਹੈ ਪੋਥੀ ਦਾ ਮੁੱਢ ਸ੍ਰੀ ਗਨੇਸ਼ ਨਮਹ ਤੋਂ ਕਰਕੇ ਉਪਰੰਤ ਉਸ ਨੇ ਸੂਰਇ ਫ਼ਾਤਹਿ ਦੀ ਸਤਰ ਦਰਜ ਕੀਤੀ ਹੈ ਰਸੂਲ ਅਲਹ ਦੀ ਮਦਹ ਸਿਰਾਈ, ਮਨਾਜਾਤ ਪਿਛੋਂ ਮੁਰਸ਼ਦ ਖ਼ਵਾਜਾ ਅਸਦ ਉਲ ਅਹਰਾਰ ਦੀ ਮਦਹ (ਸਿਫ਼ਤ) ਕੀਤੀ ਹੈ। ਸੁਲਤਾਨ ਹੁਸੈਨ ਦੀ ਸਿਫ਼ਤ ਵਿਚ ਇਕ ਕਸੀਦਾ ਵਰਣਨ ਤੋਂ ਪਿਛੋਂ ਕਿੱਸੇ ਦੀ ਕਥਾ ਸ਼ੁਰੂ ਹੁੰਦੀ ਹੈ। ਹੈਰਾਨੀਜਨਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਆਫ਼ੀਸਰਜ਼ ਐਸੋਸੀਏਸ਼ਨੱਲ ਹੈ ਕਿ ਕਵੀ ਨੇ ਯੂਸਫ਼ ਨੂੰ ਕੋਟਾ ਬਲੋਚਿਸਤਾਨ ਦੇ ਇਲਾਕੇ ਸਿਬਸਤਾਨ, ਸੇਵਾ, ਸੀਵੀ ਆਧੁਨਿਕ ਬਲੋਚਿਸਤਾਨ ਪਾਕਿਸਤਾਨ ਦਾ ਵਾਸੀ ਦਸਿਆ ਹੈ ਅਤੇ ਇਕ ਤਥ ਸਚਾਈ ਨਹੀਂ। ਜ਼ੁਲੈਖ਼ਾ ਦਾ ਪਿਛੋਕੜ ਗ਼ਾਜ਼ੀਆਂ ਨਾਲ ਜੋੜਿਆ ਗਿਆ ਹੈ। ਕਿੱਸੇ ਦਾ ਕਥਾਨਕ ਕੁਰਾਨ ਮਜੀਦ ਦੀ ਸੂਰਇ ਯੂਸਫ਼ ਨਾਲ ਮਿਲਦਾ ਹੈ ਜਿਸ ਵਿਚ ਇਹ ਕਥਾਨਕ The Old Testament (ਬਾਈਬਲ) ਵਿਚੋਂ ਉਧਰਿਤ ਕੀਤਾ ਹੈ। ਭਾਵ ਕੁਰਾਨ ਦੀ ਸੂਰਇ ਯੂਸਫ਼ ਤੇ ਬਾਈਬਲ ਦਾ Old Testament ਵਿਚ ਇਹ ਕਥਾਨਕ ਬਰਾਬਰ ਮਿਲਦੇ ਹਨ। ਇਹ ਕਿੱਸਾ ਰਾਣੀ ਸਦਾ ਕੌਰ ਹੁਕਮਰਾਨ ਬਟਾਲਾ ਦੇ ਸ਼ਾਸਨ ਸਮੇਂ ਦੌਰਾਨ ਲਿਖਿਆ ਹੋਇਆ ਹੈ।

ਆਰੰਭ : ਇਲਾਹੀ ਗੁੰਚਾਏ ਉਮੀਦ ਬਿਗੁਸ਼ਾ। ਕਲੀ ਅਜ਼ ਰੋਜ਼ਾਏ ਜਾਵੇਦ ਬਾਹਮਾ। ਬਖ਼ਾਨਦਾਨ ਅਜ਼ ਲਬ ਅਲਗੁੰਚਾਏ ਬਾਗ਼ਮ। ਵ ਅਜ਼ੀਂ ਗੁਲ ਇਤਰ ਪਰਵਰ ਕੁਨ ਦਿਮਾਗ਼ਮ।

ਅੰਤ : ਖ਼ਿਜ਼ਰ ਹਮਦਾਨ ਕੇਦਾਰੀ ਕੌਮੇ ਖ਼ਤਰੀ ਉਰਫ਼ ਸ਼ੰਕਰ ਮੁਤਵਤਨ ਕਸਬਾ ਕਲਾਨੌਰ ਤਹਿਰੀਰ ਯਾਫ਼ਤ ਹਰ ਕਿ ਖ਼ਵਾਨਦ ਦੁਆ ਤਮਹ ਦਾਰਮ ਜ਼ਾਨ ਕਿ ਮਨ ਬੰਦਾਏ ਗੁਨਾਹਗਾਰਮ ।

ਹੱਥ ਲਿਖਤ ਨੰ : MS 1129

ਸ੍ਰੋਤ : H.S, H.S

ਸਿਰਲੇਖ : **ਜਾਮਿਅ ਅਲ਼ਅਫ਼ਵਾਦ (ਫ਼ਾਰਸੀ)**

ਲਿਖਾਰੀ : ਅਗਿਆਤ

ਸਮਾਂ : ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : 307

ਚਿੱਤਰ : ਕੋਈ ਨਹੀਂ

ਆਕਾਰ : 28.5X24 ਸ.ਮ. ਲਿਖਤ : 25X21.5 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਪੁਰਾਣਾ ਪੀਲਾ ਜ਼ਰਦ। ਪੁਸ਼ਤਾ ਮਜ਼ਬੂਤ। ਮੂਲ ਪਾਠ ਸਿਆਹੀ ਨਾਲ ਤੇ ਸੁਰਖ਼ੀਆਂ ਸੁਰਖ਼। ਹਵਾਲੇ ਤੇ ਟਿਪਣੀਆਂ ਖ਼ਾਲੀ ਹਾਸ਼ੀਏ ਵਿਚ ਦਰਜ ਹਨ। ਪ੍ਰਤੀ ਪੰਨਾ ਔਸਤਨ 26 ਸਤਰਾਂ।

ਆਮ ਵੇਰਵਾ : ਇਸ ਪੁਸਤਕ ਵਿਚ ਮਨੁਖ ਦੀਆਂ ਸਰੀਰਕ ਬੀਮਾਰੀਆਂ, ਉਹਨਾਂ ਬੀਮਾਰੀਆਂ ਦੇ ਪਛਾਣ ਚਿੰਨ੍ਹ ਅਤੇ ਉਨ੍ਹਾਂ ਦਾ ਇਲਾਜ ਵੀ ਦਰਜ ਕੀਤੇ ਹਨ। ਇਕ ਇਕ ਬੀਮਾਰੀ ਦੇ ਕਈ ਕਈ ਪ੍ਰਕਾਰ ਦੇ ਇਲਾਜ ਦਰਜ ਕੀਤੇ ਹਨ। ਦਵਾਦਾਰੂ ਦੀ ਵਰਤੋਂ ਦੌਰਾਨ ਕੀਤੇ ਜਾਣ ਵਾਲੇ ਪਰਹੇਜ਼ ਵੀ ਦਸੇ ਹਨ। ਦੰਦਾਂ, ਜ਼ਬਾਨ ਦੇ ਰੋਗ ਕਫ਼ ਪਿਤ ਵਾਤ ਦੇ ਸਭ ਰੋਗਾਂ ਦੇ ਲੱਛਣ ਬੀਮਾਰੀ ਤੇ ਇਲਾਜ ਦੱਸਣ ਦੇ ਨਾਲ

ਨਾਲ ਲੇਖਕ ਨੇ ਉਹਨਾਂ ਦਵਾਵਾਂ ਨੂੰ ਤਿਆਰ ਕਰਨ ਦੀਆਂ ਤਰਕੀਬਾਂ ਤੇ ਨੁਸਖ਼ੇ ਵੀ ਵਰਣਨ ਕੀਤੇ ਹਨ।

ਆਰੰਭ : ਨਾਤੁਕਾ ਕੁਵਤੀ ਅਸਤ ਕਿ ਬਾ ਆਨ ਇਦਰਾਕ............

ਅੰਤ : ਵਾ ਹਜ਼ਾਰ ਖ਼ਾਲੀ ਬਾਸ਼ਦ ਅਜ਼ ਸਦ ਬਦੌਰ ਤੋਬਾ।

ਹੱਥ ਲਿਖਤ ਨੰ : MS 1153

ਸ੍ਰੋਤ : H.S, H.S

ਸਿਰਲੇਖ : **ਬਹਾਰੇ ਦਾਨਿਸ਼ (ਫ਼ਾਰਸੀ)**

ਲਿਖਾਰੀ : ਮੁੰਹਮਦ ਜਮੀਲ/ ਕਾਤਬ ਖ਼ਵਾਜਾ ਕਾਸਿਮ ਬੇਗ

ਸਮਾਂ : ਹਿਜਰੀ 1248

ਰਚਨਾ ਕਾਲ : ਦਰਜ ਨਹੀਂ

ਸਥਾਨ : ਅਗਿਆਤ

ਪੱਤਰੇ : 590

ਚਿੱਤਰ : ਕੋਈ ਨਹੀਂ

ਆਕਾਰ : 24X16.5 ਸ.ਮ. ਲਿਖਤ : 19X11 ਸ.ਮ. ਨਸਤਾਲੀਕ

ਵੇਰਵਾ : ਦੋਹਰਾ ਲਾਈਨਦਾਰ ਹਾਸ਼ੀਆ। ਬਾਹਰੀ ਹਾਸ਼ੀਆ ਨੀਲਾ ਅੰਦਰੂਨੀ ਲਾਈਨਦਾਰ ਹਾਸ਼ੀਆ ਨੀਲਾ ਤੇ ਲਾਲ। ਮੂਲ ਪਾਠ ਸਿਆਹੀ ਨਾਲ । ਕਈ ਸੁਰਖ਼ੀਆਂ ਨੀਲੇ ਰੰਗ ਨਾਲ ਵੀ ਦਰਜ ਹਨ। ਪ੍ਰਮੁਖ ਸੁਰਖ਼ੀਆਂ ਸੁਰਖ਼ ਰੰਗ। ਪਹਿਲੇ ਇਕ ਦੋ ਪੰਨੇ ਸੁਨਹਿਰੀ ਡਿਜ਼ਾਈਨਦਾਰ ਪ੍ਰਤੀ ਪੰਨਾ ਔਸਤਨ 15 ਲਾਈਨਾਂ ਦਰਜ ਹਨ। ਕਿਰਮ ਖਾਧਾ।

ਆਮ ਵੇਰਵਾ : ਖ਼ਵਾਜ਼ਾ ਹਾਫ਼ਿਜ਼ ਸ਼ੀਰਾਜੀ ਕਲਾਮ ਉਤੇ ਆਲੋਚਨਾ ਉਤੇ ਅਧਾਰਿਤ ਹੈ। ਖ਼ਵਾਜ਼ਾ ਹਾਫ਼ਿਜ਼ ਸ਼ੀਰਾਜ਼ੀ ਦੀ ਮ੍ਰਿਤੂ ਦੀ ਤਾਰੀਖ਼ 891 ਕਢੀ ਗਈ ਹੈ। ਇਹ ਰਚਨਾ ਖ਼ਵਾਜਾ ਹਾਫ਼ਿਜ਼ ਤੋਂ ਬਹੁਤ ਸਾਲ ਪਿਛੋਂ ਲਿਖੀ ਗਈ ਹੈ। ਭਾਰਤੀ ਫ਼ਾਰਸੀ ਸਬਕ ਵਿਚ ਲੋੜ ਤੋਂ ਵਧ ਬਨਾਵਟੀ ਇਸ਼ਤਿਹਾਰਾਂ ਦੀ ਵਰਤੋਂ ਕਰਨ ਕਾਰਨ ਪੁਸਤਕ ਭਾਸ਼ਾ ਪਖੋਂ ਪ੍ਰਭਾਵੀ ਨਹੀਂ।

ਆਰੰਭ : ਫ਼ਾਤਿਹਾ ਅਲਕਿਤਾਬ ਮੁਸਤਤਾਬ ਆਫਰੀਨਸ਼ ਵ ਪੀਰਾਯਾਏ ਸਹੀਫ਼ਾਏ ਦਾਨਿਸ਼ ਵਾ ਬੀਨਸ਼ ਹਮਦੇ ਖ਼ੁਦਾਵੰਦ...............

ਅੰਤ : ਜ਼ਬਾਨ ਜ਼ਾ ਗੋਸ਼ਮਾਲੀ ਖ਼ਾਮਸ਼ੇ ਦਹ ਕਿ ਹਸਤ ਅਜ਼ ਹਰ ਚਿ ਗੋਈ ਖ਼ਾਮਸ਼ੀ ਬਾ

ਹੱਥ ਲਿਖਤ ਨੰ : MS 1154

ਸ੍ਰੋਤ : H.S, H.S

ਸਿਰਲੇਖ : **ਖਾਣ ਪੀਣ ਦੀਆਂ ਵਸਤਾਂ ਬਾਰੇ ਪੁਸਤਕ ਫ਼ਾਰਸੀ (ਅਧੂਰਾ)**

ਲਿਖਾਰੀ : ਅਗਿਆਤ

ਸਮਾਂ : ਦਰਜ ਨਹੀਂ

ਰਚਨਾ ਕਾਲ : ਅਗਿਆਤ

ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 49X33 ਸ.ਮ. ਲਿਖਤ : 22X16 ਸ.ਮ. ਨਸਤਾਲੀਕ

ਵੇਰਵਾ : ਮੂਲ ਤੌਰ ਉਤੇ ਲਿਖਤ ਸਿਆਹੀ ਨਾਲ ਲਿਖੀ ਗਈ। ਸੁਰਖ਼ੀਆਂ ਸੁਰਖ਼ ਰੰਗ ਨਾਲ ਅਤੇ ਪ੍ਰਤੀ ਪੰਨਾ ਔਸਤਨ 29 ਸਤਰਾਂ ਹਨ। ਪੁਸਤਕ ਵਿਚ ਤਾਲੁਕਾਵਾਂ (tables) ਵਿਸ਼ੇਸ਼ ਰੂਪ ਵਿਚ ਬਣਾਏ ਗਏ ਹਨ। ਪਤਰੇ ਅਕਸਰ ਕਿਰਮ ਖਾਧੇ ਹਨ।

ਆਮ ਵੇਰਵਾ : ਇਸ ਪੋਥੀ ਦਾ ਲੇਖਕ ਕੋਈ ਹਿੰਦੂ ਹੈ। ਇਸ ਵਿਚ ਹਿੰਦੀ ਵਸਤਾਂ ਅਤੇ ਸੰਕਲਪਾਂ ਨੂੰ ਬੇਤਰਤੀਬੇ ਢੰਗ ਨਾਲ ਬਿਆਨਿਆ ਹੈ। ਇਕ ਭਾਗ ਵਿਚ ਹਿੰਦੀ ਵਸਤਾਂ ਦਾ ਉਚਾਰਣ ਤੇ ਉਹਨਾਂ ਸੰਬੰਧੀ ਜਾਣਕਾਰੀ ਦਿਤੀ। ਜਿਵੇਂ ਆਹਤ, ਅਨਾਹਦ ਰਖਿਆ, ਚੰਦਰ ਪ੍ਰਕਾਸ਼, ਈਸਰੀ, ਪਖਾਵਜ ਖਾਕਰ, ਸੁਰਮੰਡਲ ਸਾਰੰਗੀ ਬਤਾਗ ਅਧੂਤੀ ਆਦਿ ਇਉਂ ਇਹ ਇਕ ਕੋਸ਼ ਦਾ ਕਾਰਜ ਕਰਦੀ ਹੈ। ਇਸੇ ਵਿਚ ਖਿਚੜੀ, ਕੀਮਾ ਸ਼ੋਰਬਾ, ਯਖਣੀ, ਸਾਗ, ਬਤਾਊਂ ਹਲਵਾ, ਬਿਰਿਆਨੀ, ਛੋਲੇ, ਸਮੋਸੇ, ਕੋਫ਼ਤੇ, ਕੀਮਾ, ਪੁਲਾਉ, ਭੱਤ, ਮਿਠਾਈ, ਰੋਟੀ ਪਕਾਉਣ ਦਾ ਤਰੀਕਾ, ਚਪਾਤੀ, ਨਾਨ ਬਨਾਉਣ ਤੋਂ ਇਲਾਵਾ, ਸਿਰਕੇ, ਆਚਾਰ, ਚਟਣੀਆਂ ਬਣਾਉਣ ਦੀਆਂ ਵਿਧੀਆਂ ਤੇ ਉਹਨਾਂ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਤੇਲ ਤੇ ਉਸਦੀ ਮਿਕਦਾਰ, ਫਲ ਅਤੇ ਵਰਤਣ ਦੇ ਮੌਸਮ ਵਰਣਨ ਕੀਤੇ ਹਨ। ਇਸੇ ਵਿਚ ਵਖ ਵਖ ਕਿਸਮ ਦੀਆਂ ਖ਼ੁਸ਼ਬੂਆਂ ਬਨਾਉਣ ਦੇ ਢੰਗ ਅਤੇ ਅਖ਼ੀਰ ਵਿਚ ਭਾਂਤ ਭਾਂਤ ਦੇ ਰੰਗ ਬਣਾਉਣ ਦੀਆਂ ਵਿਧੀਆਂ ਦਰਜ ਹਨ। ਪੁਸਤਕ ਦਾ ਨਾਮ ਆਈਨੇ ਅਕਬਰੀ ਲਿਖਿਆ ਹੈ ਪਰ ਇਹ ਆਈਨੇ ਅਕਬਰੀ ਨਹੀਂ।

ਆਰੰਭ : (ਪਹਿਲਾ ਸਫ਼ਾ ਅਧਾ ਕਰੀਬ ਫ਼ਟਿਆ) ਆਈਨੇ ਦੀਗਰ ਲਖਤੇ ਚੂਨ ਜਾਲ ਮੁਜਦਾਰ ਵਾਹਿਦ ਮੁਜ਼ਾਰਨ ਅਕਨੂੰਨ ਰਵਸ਼ੇ ਮਾਇਆ..................

ਅੰਤ : ਸ਼ਨਾਸ਼ਾਨੇ ਰੋਜ਼ਗਾਰ ਬਜਾਏ ਆਮਦ ਵ ਗੌਹਰ ਸ਼ਨਾਖ਼ਤ ਫਰੂਗ ਦੀਗਰ ਗ੍ਰਿਫ਼ਤਾ ਵ ਬਰੁਖ਼ੇ ਆਂ ਦਰ ਨਖ਼ੁਸਤੀਨ।

ਹੱਥ ਲਿਖਤ ਨੰ : MS 1155

ਸ੍ਰੋਤ : H.S, H.S

ਸਿਰਲੇਖ : **ਸਹੀਫ਼ਾਏ ਅਫ਼ਜ਼ਲ ਅਧੂਰੀ (ਫ਼ਾਰਸੀ)**

ਲਿਖਾਰੀ : ਮੁੰਹਮਦ ਅਫ਼ਜ਼ਲ ਇਲਾਹਾਬਾਦੀ

ਸਮਾਂ : 1125 ਹਿਜਰੀ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਿੱਲੀ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 24X14 ਸ.ਮ. ਲਿਖਤ : 20X9 ਸ.ਮ. ਨਸਤਾਲੀਕ

ਵੇਰਵਾ : ਸਿਆਹੀ ਨਾਲ ਲਿਖਿਆ ਗਿਆ ਮੂਲਪਾਠ। ਸੁਰਖ਼ੀਆਂ ਸੁਰਖ਼। ਕਾਗ਼ਜ਼ ਕਿਰਮ ਖ਼ੁਰਦਹ। ਪ੍ਰਤੀ ਪੰਨਾ ਔਸਤਨ 20 ਸਤਰਾਂ ਦਰਜ ਹਨ। ਕਾਗ਼ਜ਼ ਪੁਰਾਣਾ ਜ਼ਰਦ।

ਆਮ ਵੇਰਵਾ : ਕਲਮੀ ਨੁਸਖ਼ੇ ਦੇ ਬਾਹਰ ਟਾਈਟਲ ਸਹੀਫ਼ਾ ਏ ਅਫ਼ਜ਼ਲ ਲਿਖਿਆ ਹੈ ਅੰਦਰਲੇ ਪੁਸ਼ਤੇ ਉਪਰ **ਹਦਾਇਤ ਨਾਮਾ**। ਆਖ਼ਰੀ ਪੰਨੇ ਦੇ ਹਵਾਲੇ ਅਨੁਸਾਰ ਨਾਮ ਸਹੀਫ਼ਾ ਏ ਅਫ਼ਜ਼ਲ ਸਹੀਹ ਹੈ ਪਰ ਉਤੇ ਰਚਨਾ ਕਾਲ 1125 ਦਿਤਾ ਹੈ ਜਦੋਂ ਕਿ ਟਾਈਟਲ ਉਤੇ 1114 ਹਿਜਰੀ ਲਿਖਿਆ ਹੈ। ਹਮਦ ਬਾਰੀ ਤਆਲਾ ਅਤੇ ਵਰਣਨ ਸ਼ੁਰੂ ਵਿਚ ਕੀਤਾ ਤੇ ਫਿਰ ਕਿਸਾ ਹਾਰੂਤ ਮਾਰੂਤ ਦਾ ਬਿਆਨ, ਵਜ਼ੀਰ ਦਾ ਨੁਕਸਾਨ, ਕੁਰਾਨੀ ਸੂਰਤਾਂ ਦਾ ਬਿਆਨ ਆਦਿ ਸਹਾਈ ਵਿਸ਼ੇ ਵਜੋਂ ਲਿਖੀਆਂ ਹਨ। ਇਸਲਾਮੀ ਹਦੀਸਾਂ ਤੇ ਤਵਾਰੀਖ਼ ਤੋਂ ਅਕਸਰ ਹਵਾਲੇ ਵਰਤੇ ਹਨ। ਅਜਿਹੇ ਬਿਆਨਾਂ ਵੇਰਵਿਆਂ ਦੀ ਮਦਦ ਨਾਲ ਲੇਖਕ ਨੇ ਪੋਥੀ ਨੂੰ ਆਕਰਸ਼ਕ ਬਣਾਇਆ ਹੈ।

ਆਰੰਭ : ਮਰ ਖ਼ੁਦਾ ਰਾ ਸ਼ੁਕਰ ਕਾਰੇ ਲੁਤਫ਼ੇ ਕਿ ਵੈ ਦਾਦ ਤੌਫ਼ੀਕਮ ਬਾ ਅਲੈ ਮਸਨਵੀ ਬਰ ਰਸੂਲੇ ਹਕ ਮੀ ਗੋਇਮ ਦਰੂਦੀ ਤਾ ਰਸਦ ਜਾਨਮ ਅਜ਼ੀਂ ਸੂਦ ਅਲਬਹੂਦ

ਅੰਤ : ਬਾਰੋਜ਼ ਪੰਜ ਸ਼ੰਬੇ ਗ਼ਰਹ ਮੁਹਰਮ ਅਲਹਰਾਮ ਸੰਨ 2 ਬਾਦਸ਼ਾਹ ਗ਼ਾਜ਼ੀ ਫ਼ਰੁਖ਼ਸੀਅਰ।

ਹੱਥ ਲਿਖਤ ਨੰ : MS 1156

ਸ੍ਰੋਤ : H.S, H.S

ਸਿਰਲੇਖ : **ਕਿਤਾਬੇ ਹਿਕਮਤ (ਅਰਬੀ)**

ਲਿਖਾਰੀ : ਸ਼ਾਹ ਸੁਲਤਾਨ ਹੁਸੈਨ ਈਰਾਨੀ

ਸਮਾਂ : ਅਗਿਆਤ

ਰਚਨਾ ਕਾਲ : ਅਗਿਆਤ

ਸਥਾਨ : ਈਰਾਨ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 16X10 ਸ.ਮ. ਲਿਖਤ : 14X9.5 ਸ.ਮ. ਕੂਫ਼ੀ

ਵੇਰਵਾ : ਡਾਇਰੀ ਹੋਣ ਕਾਰਨ ਪ੍ਰਤੀ ਪੰਨਾ ਲਿਖੀਆਂ ਸਤਰਾਂ ਦੀ ਗਿਣਤੀ ਵਧ ਘਟ ਹੈ। ਲਿਖਤ ਦਾ ਆਕਾਰ ਵੀ ਇਕ ਸਮਾਨ ਨਹੀਂ। ਅਰਬੀ ਦੀ ਸਤਰਾਂ ਡਿਜ਼ਾਈਨਦਾਰ ਅਤੇ ਵਖ ਵਖ ਰੂਪਾਂ ਵਿਚ ਦਰਜ ਹਨ।

ਆਮ ਵੇਰਵਾ : ਮੁੰਹਮਦ ਰਸੂਲ ਸਾਹਿਬ ਦੀ ਸਿਫ਼ਤ ਵਿਚ ਕਾਵਿ ਟੋਟਕੇ। ਜਾਮੀ ਅਬਦੁਰ ਰਹਮਾਨ ਦੇ ਰਚੇ ਕਲਾਮ ਵਿਚੋਂ ਚੋਣਵੇ ਬੰਦ। ਦੇਸੀ ਦਵਾਈਆਂ ਦੀਆਂ ਤਰਕੀਬਾਂ। ਚਿੜੇ ਪਕਾਉਣ ਦੀ ਤਰਤੀਬ ਤੇ ਲਾਭ, ਘੋੜੇ ਦਾ ਗੋਸ਼ਤ ਖਾਣ ਦੇ ਲਾਭ, ਸ਼ਾਫਿਅ ਅਲਹਿਕਮਤ ਨਾਮੀ ਪੁਸਤਕ ਵਿਚੋਂ ਚੁਣਵੇਂ ਨੁਸਖ਼ੇ, ਬੀਮਾਰੀਆਂ ਲਈ ਤਾਵੀਜ਼, ਇਕਾ ਦੁਕੇ ਨਮੂਨੇ ਦਰਜ ਹਨ। ਪੁਸਤਕ ਦਾ ਵਡਾ ਭਾਗ ਅਰਬੀ ਕਵਿਤਾਵਾਂ ਦਾ ਸੰਗ੍ਰਹਿ ਹੈ। ਅਰਬੀ ਦੀ ਕਿਤਾਬਤ ਇਸ ਵਿਚ ਅਤਿ ਉਤਮ ਹੈ ਕਾਤਿਬ ਨੇ ਖ਼ੁਸ਼ਖ਼ਤ ਲਿਖਿਆ ਹੈ। ਅਸਲ ਵਿਚ ਇਹ ਵਿਅਕਤੀਗਤ ਡਾਇਰੀ ਹੈ ਜਿਸ ਵਿਚ ਲੇਖਕ ਵੇਲੇ ਵੇਲੇ ਆਪਣੇ ਵਿਚਾਰਾਂ ਨੂੰ ਕਲਮਬੰਦ ਕਰਦਾ ਰਿਹਾ ਹੈ।

ਆਰੰਭ : ਅਲ ਜਦ ਬਾ ਅਲਜਦ ਵ ਅਲਹਰਫ਼ਾਨ ਫ਼ੀ ਅਲਕਸੀਲ ਫਾ. ਇਨ ਸਬ ਤਸਬ ਅਨਕਰੀਬ ਆਇਤ ਅਮਲ

ਅੰਤ : ਫ਼ਰਜ਼ ਅਲਹਹੁਮ ਫ਼ੀ ਅਲਸ਼ਈਨ ਨਾਸ਼ਿਫ਼ ਅਲਗ਼ਮ............

ਹੱਥ ਲਿਖਤ ਨੰ : MS 1157

ਸ੍ਰੋਤ : H.S, H.S

ਸਿਰਲੇਖ : **ਰਿਸਾਲਾ ਜਵਾਹਰ ਅਲਇਸਰਾਰ (ਅਧੂਰੀ) ਫ਼ਾਰਸੀ**

ਲਿਖਾਰੀ : ਜਅਫ਼ਰ

ਸਮਾਂ : ਅਗਿਆਤ

ਰਚਨਾ ਕਾਲ : ਅਗਿਆਤ

ਸਥਾਨ : ਅਗਿਆਤ

ਪੱਤਰੇ : 103

ਚਿੱਤਰ : ਕੋਈ ਨਹੀਂ

ਆਕਾਰ : 15X11 ਸ.ਮ. ਲਿਖਤ : 10.5X6.5 ਸ.ਮ. ਕੂਫ਼ੀ

ਵੇਰਵਾ : ਸ਼ਿਕਸਤਾ ਅਤੇ ਨਸਤਾਲੀਕ ਲਿਪੀ ਰੂਪ ਵਿਚ ਲਿਖੀ ਪੁਸਤਕ ਦੇ ਮੂਲ ਪਾਠ ਨੂੰ ਸਿਆਹੀ ਨਾਲ ਨਕਲ ਕੀਤਾ ਗਿਆ ਹੈ। ਸੁਰਖ਼ੀਆਂ ਸੁਰਖ਼ ਅਤੇ ਖ਼ਾਸ ਖ਼ਾਸ ਬਿਆਨਾਂ ਨੂੰ ਲਾਲ ਰੰਗ ਦੀ ਲਕੀਰ ਨਾਲ ਅਭਿਵਿਅਕਤ ਕੀਤਾ ਗਿਆ ਹੈ। ਵਿਸ਼ੇਸ਼ ਉਤੇ ਗਣਿਤ ਦੇ ਅੰਕ ਲਾਲ ਰੰਗ ਨਾਲ ਦਰਜ ਕੀਤੇ ਹਨ। ਪ੍ਰਤੀ ਪੰਨਾ ਔਸਤਨ 16 ਸਤਰਾਂ।

ਆਮ ਵੇਰਵਾ : ਵਿਸ਼ੇ ਪਖੋਂ ਇਹ ਪੁਸਤਕ ਨਜੂਮ ਅਤੇ ਗਣਿਤ ਨਾਲ ਸੰਬੰਧਿਤ ਹੈ। ਇਲਮੇ ਜਅਫ਼ਰ ਵਿਸ਼ਾ ਹੈ। ਲੇਖਕ ਨੇ ਪੰਜ ਅਧਿਆਇਆਂ ਵਿਚ ਇਸਨੂੰ ਵੰਡਦੇ ਹੋਏ ੳ) ਅੰਕਾਂ ਦੇ ਭੇਦ ਦੇ ਹਾਲਾਤ ਅ) ਸੰਖਿਆਵਾਂ ਦੇ ਅਸੂਲ ੲ) ਅੰਕਾਂ ਤੇ ਸ਼ਬਦਾਂ ਦੇ ਸੰਬੰਧ ਸ) ਖ਼ਾਸ ਖ਼ਾਸ ਸੰਖਿਆਵਾਂ ਅੰਕਾਂ ਦਾ ਹਰਫ਼ਾਂ ਨਾਲ ਅੰਤਰਮੇਲ ਤੇ ਪ੍ਰਸਪਰ ਸੰਬੰਧ ਹ) ਜਅਫ਼ਰੀ ਦੀ ਵਿਚਾਰਧਾਰਾ ਅਨੁਸਾਰ ਉਕਤ ਤਥਾਂ ਦੇ ਵਿਅਕਤੀ ਦੇ ਅਮਲਾਂ ਨਾਲ ਸੰਬੰਧ ਕ) ਖ਼ਾਸ ਖ਼ਾਸ ਘਟਨਾਵਾਂ ਦੇ ਅੰਕਾਂ ਤੇ ਸੰਖਿਆਵਾਂ ਨਾਲ ਪ੍ਰਸਪਰ ਨਿਅਮ। ਪੁਸਤਕ ਈਰਾਨੀ ਫਲਸਫ਼ੀ ਦੀ ਲਿਖੀ ਹੋਈ ਹੈ। ਲੇਖਕ ਨੇ ਵਖ ਵਖ ਅਰਬੀ ਅਖਰਾਂ (ਹਰਫ਼ਾਂ) ਨੂੰ ਸੰਖਿਆ ਮੁਲਾਂ ਨਾਲ ਅਭਿਵਿਅਕਤ ਕਰਦੇ ਹੋਏ ਰਾਸ਼ਦੀ ਖ਼ਲੀਫ਼ਿਆਂ ਦੇ ਕਥਨਾਂ ਦਾ ਹਵਾਲਾ ਵੀ ਦਿਤਾ ਹੈ। ਪੋਥੀ ਵਿਚ ਨਜ਼ਮ ਤੇ ਨਸਰ ਦੋਨੋਂ ਅਦਬੀ ਸਿਨਫ਼ਾਂ ਵਰਤੀਆਂ ਹਨ। ਅਰਬੀ ਮਿਸਾਲਾਂ ਨੂੰ ਕੂਫ਼ੀ ਲਿਪੀ ਵਿਚ ਕਲਮਬੰਦ ਕਰਕੇ ਮੂਲਪਾਠ ਫ਼ਾਰਸੀ ਨਾਲੋਂ ਵਖਰਾ ਦਰਸਾਇਆ ਹੈ।

ਆਰੰਭ :ਕਲਮਾਏ ਫ਼ਾਤਿਹਾ ਅਲਹਮਦ ਲਿਲਾ ਕਿ ਇਸਮੇ ਤਾਜ਼ਾ ਕਿਤਾਬ ਅਜ਼ ਤਬਕ ਬਿਸਮਿਲਾਹਿ......

ਅੰਤ : ਹਿ ਅਸਰਾਰ ਰੂਹਾਨੀਆਤ ਕਿ ਮਜ਼ਕੂਰ ਸ਼ੁਦਹ ਬਅਜ਼

ਹੱਥ ਲਿਖਤ ਨੰ : MS 1158

ਸ੍ਰੋਤ : H.S, H.S

ਸਿਰਲੇਖ : **ਇਲਮੇ ਜਅਫ਼ਰ (ਫ਼ਾਰਸੀ)**

ਲਿਖਾਰੀ : ਅਗਿਆਤ

ਸਮਾਂ : ਅਗਿਆਤ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 16.5X10 ਸ.ਮ. ਲਿਖਤ : 10X6 ਸ.ਮ. ਕੂਫ਼ੀ

ਵੇਰਵਾ : ਅਸਲ ਪਾਠ ਸਿਆਹੀ ਨਾਲ ਅਤੇ ਹੈਡਿੰਗ ਅਤੇ ਸਬਹੈਡਿੰਗ ਲਾਲ ਰੰਗ ਨਾਲ ਦਿਤੇ ਹਨ। ਅਰਬੀ ਹਵਾਲਿਆਂ ਨੂੰ ਫ਼ਾਰਸੀ ਇਬਾਰਤਾਂ ਨਾਲੋਂ ਲਿਪੀ ਰਾਹੀਂ ਵੱਖ ਕੀਤਾ ਹੈ। ਕਾਗ਼ਜ਼ ਕਦੀਮ ਜ਼ਰਦ। ਪ੍ਰਤੀ ਪੰਨਾ ਔਸਤਨ 8 ਸਤਰਾਂ। ਅਰਬੀ ਸਤਰਾਂ ਨੂੰ ਪੂਰੀਆਂ ਲਗਾਂਮਾਤਰਾਂ ਨਾਲ ਲਿਖਿਆ ਹੈ। ਪੁਸ਼ਤਾ ਬਿਖਰਿਆ।

ਆਮ ਵੇਰਵਾ : ਜਾਫ਼ਰੀ ਇਲਮ ਵੀ ਨਕਸ਼ਬੰਦੀ ਦੀਆਂ ਪੋਥੀਆਂ ਵਾਂਗ ਹੀ ਜਾਦੂ ਟੂਣਿਆਂ ਤੇ ਤਾਵੀਜ਼ਾਂ ਬਾਰੇ ਲਿਖੀ ਗਈ ਪੋਥੀ ਹੈ। ਲੇਖਕ ਨੇ ਕਾਲੀਆਂ ਤੇ ਲਾਲ ਰੰਗ ਜਦੱਵਲਾਂ (Tables) ਵਖ ਵਖ ਕਿਸਮਾਂ ਤੇ ਰੂਪਾਂ ਨਾਲ ਦਰਜ ਕੀਤੀਆਂ ਹਨ। ਹਵਾਲੇ ਹਾਸ਼ੀਏ ਵਿਚ ਦਰਜ ਕੀਤੇ ਹਨ। ਉਸਨੇ ਇਸ ਗਿਆਨ ਰੂਪ ਨੂੰ ਅਰਸਤੂ ਦੇ ਹਵਾਲਿਆਂ ਨਾਲ ਸਾਰਥਿਕ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਕਥਨ ਦੀ ਪੁਸ਼ਟੀ ਲਈ ਉਸਨੇ ਹਿੰਦਸਿਆਂ ਤੇ ਹਰਫ਼ਾਂ ਨੂੰ ਪ੍ਰਭਾਵੀ ਦ੍ਰਿਸ਼ਟੀਕੋਣ ਤੋਂ ਵਾਚਿਆ ਤੇ ਵਰਣਨ ਕੀਤਾ ਹੈ। ਸ਼ਮਸੀ ਤੇ ਕੁਮਰੀ ਹਰੂਫ਼ ਵਖ ਵਖ ਦਰਸਾਏ ਹਨ। ਉਸਦਾ ਕਥਨ ਹੈ ਕਿ ਹਰਫ਼ਾਂ ਤੇ ਹਿੰਦਸਿਆਂ ਦਾ ਰਾਸ਼ੀਆਂ ਤੇ ਰਾਸ਼ੀਆਂ ਦਾ ਮਾਨਵੀ ਜੀਵਨ ਉਤੇ ਪ੍ਰਭਾਵ ਪੈਂਦਾ ਹੈ। ਰਾਸ਼ੀਆਂ ਦਾ ਮਨੁਖਾਂ ਦੀ

ਸਿਹਤ ਉਤੇ ਵੀ ਅਸਰ ਹੁੰਦਾ ਹੈ। ਅਮਾਮਬਾਕਰ ਨਜ਼ਮੁਦੀਨ ਕੁਬਰਾ, ਸ਼ੇਖ਼ ਅਬੂਸਈਦ ਹਜ਼ਰੀ ਦੇ ਹਵਾਲੇ ਵੀ ਲੇਖਕ ਨੇ ਆਪਣੇ ਕਥਨ ਦੀ ਪ੍ਰੋੜ੍ਹਤਾ ਵਾਸਤੇ ਆਮ ਵਰਤੇ ਹਨ।

ਆਰੰਭ : ਪਹਿਲਾ ਪੰਨਾ ਅਧੂਰਾ ਅਰਬੀ:- 169 ਸੂਰਤਬਾਸ਼ਦ- (ਕਲਮਾਏ ਇਫ਼ਤਤਾਹ ਕਲਾਮ) ਇੱਹਯਾਏ ਸਜ਼ਾਵਾਰ ਮੁਹੈਸੇ ਈਨ ਅਸਤ ਕਿ ਲਿਸਾਨੇ ਹਰਫ਼ ਬਿਆਨ

ਅੰਤ : 19 ਦਰਜਾਏ ਹਮਲ ਅਸਤ ਵ ਯਾ ਦਰ ਸਰਫ਼ੇ ਖ਼ੁਦ ਕਿ ਤਾ ਦਰਜਾਏ ਸੂਰਅਸਤ ਈਨ ਸ਼ਕਲ ਬਰਗਸ਼ਤੰਦ

ਹੱਥ ਲਿਖਤ ਨੰ : MS 1185
ਸ੍ਰੋਤ : H.S, H.S
ਸਿਰਲੇਖ : **ਹਿਕਮਤ (ਤਿਬੀ) ਦੇਸੀ ਦਵਾਵਾਂ ਬਾਰੇ ਫ਼ਾਰਸੀ (ਅਧੂਰੀ)**
ਲਿਖਾਰੀ : ਅਗਿਆਤ
ਸਮਾਂ : ਅਗਿਆਤ
ਰਚਨਾ ਕਾਲ : ਅਗਿਆਤ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 18X10.5 ਸ.ਮ. ਲਿਖਤ : 15X8 ਸ.ਮ. ਨਸਾਖ਼ ਤੇ ਕੂਫ਼ੀ
ਵੇਰਵਾ : ਸਲੇਟੀ ਡਬੀਦਾਰ ਹਾਸ਼ੀਏ ਵਿਚ ਬਹੁਤ ਬਾਰੀਕ ਪਰ ਸੁੰਦਰ ਲਿਖਾਈ। ਮੂਲ ਪਾਠ ਸਿਆਹੀ ਨਾਲ ਲਿਖਿਆ। ਅਰਬੀ ਇਬਾਰਤਾਂ ਮੋਟੀ ਕਲਮ ਨਾਲ ਲਗਾਂਮਾਤਰਾਂ ਲਗਾਕੇ ਕੂਫ਼ੀ ਲਿਪੀ ਵਿਚ ਦਰਜ। ਪ੍ਰਤੀ ਪੰਨਾ ਔਸਤਨ 13 ਲਾਈਨਾਂ ਹਨ।
ਆਮ ਵੇਰਵਾ : ਇਸ ਕਲਮੀ ਨੁਸਖ਼ੇ ਦੀ ਲਿਖਾਈ 100% ਮਿਰਜ਼ਾ ਇਬਰਾਹੀਮ ਦੀ ਲਿਖਾਈ ਨਾਲ ਮਿਲਦੀ ਜੁਲਦੀ ਹੈ। ਲਿਖਣ ਢੰਗ ਵੀ ਮਿਰਜ਼ਾ ਵਾਲਾ ਹੈ। ਕੁਝ ਦੇਸੀ ਦਵਾਈਆਂ ਬਨਾਉਣ ਦੇ ਨੁਸਖ਼ੇ ਲਿਖੇ ਹਨ। ਹੈਰਾਨੀਜਨਕ ਤਥ ਇਹ ਕਿ ਦਵਾਈਆਂ ਦੀ (ਪੈਸਕ੍ਰਿਪਸ਼ਨ) ਤਜਵੀਜ਼ ਬੀਮਾਰ ਦੀਆਂ ਰਾਸ਼ੀਆਂ ਦੇ ਹਿਸਾਬ ਨਾਲ ਦੇਣ ਦੀ ਹਦਾਇਤਾਂ ਹਨ। ਇਸੇ ਪੋਥੀ ਦੇ ਇਕ ਭਾਗ ਵਿਚ ਦਵਾਵਾਂ ਦੇ ਨਾਲ ਦੁਆਵਾਂ ਵੀ ਸ਼ਾਮਿਲ ਹਨ ਜੋ ਅਰਬੀ ਵਿਚ ਮੂਲ ਦੇਕੇ ਫ਼ਾਰਸੀ ਵਿਚ ਵਿਆਖਿਆ ਕੀਤੀਆਂ ਹਨ।
ਆਰੰਭ : ਵ ਬਾਬ ਮੁਰਕਬ ਅਲਾਹੂ ਹਮਵਜ਼ਨ ਦੋ ਰਹ ਜ਼ਾ ਅਸਤ ਹਮ ਵਜ਼ਨ ਹਰਕਿ ਮਾ ਜ਼ਦ.....
ਅੰਤ : ਬਖ਼ਵਾਨਦ ਆਇਆਏ ਮਜ਼ਕੂਰਾ 2316 ਦਰ ਹਰ ਗੋਸ਼ਾ ਯਕੀ ਦਿਕਤ ਕੁਨਦ


ਹੱਥ ਲਿਖਤ ਨੰ : MS 1186
ਸ੍ਰੋਤ : H.S, H.S
ਸਿਰਲੇਖ : **ਕਿਤਾਬ ਇਲਮੇ ਰਮਲ (ਫ਼ਾਰਸੀ)**
ਲਿਖਾਰੀ : ਅਗਿਆਤ
ਸਮਾਂ : ਅਗਿਆਤ
ਰਚਨਾ ਕਾਲ : ਦਰਜ ਨਹੀਂ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 21.5X19 ਸ.ਮ. ਲਿਖਤ : 17.5X12 ਸ.ਮ. ਨਸਤਾਲੀਕ ਤੇ ਕੂਫ਼ੀ

ਵੇਰਵਾ : ਮੂਲ ਪਾਠ ਵਿਚ ਕਾਲੀ ਅਤੇ ਅਖ਼ੀਰ ਸਫ਼ਿਆਂ ਵਿਚ ਜਾਮਨੂੰ ਰੰਗ ਦੀ ਵਰਤੋਂ ਕੀਤੀ ਹੈ। ਕਾਗ਼ਜ਼ ਜ਼ਰਦ ਕਦੀਮ। ਪੁਸ਼ਤਾ ਬਿਖਰਿਆ। ਪ੍ਰਤੀ ਪੰਨਾ ਔਸਤਨ 13 ਸਤਰਾਂ ਹਨ। ਕੁਝ ਪੰਨੇ ਹਾਸ਼ੀਆਦਾਰ ਤੇ ਕੁਝ ਦੋ ਕਾਲਮੀ ਤੇ ਜਦ ਵੱਲਾਂ (Tables) ਵਾਲੇ। ਅਰਬੀ ਹਵਾਲੇ ਅਕਸਰ ਹਨ ਅਤੇ ਕੂਫ਼ੀ ਲਿਪੀ ਰੂਪ ਰਾਹੀਂ ਵਖਰਿਆਏ ਹਨ। ਉਹਨਾਂ ਨਾਲ ਪੂਰੇ ਐਰਾਬ ਵੀ ਲਾ ਦਿਤੇ ਹਨ।

ਆਮ ਵੇਰਵਾ : ਇਲਮੇ ਰਮਲ ਦੀ ਪਰਿਭਾਸ਼ਾ ਦੇਂਦੇ ਲੇਖਕ ਨੇ ਇਸ ਗਿਆਨ ਸ਼ਾਖ਼ਾ ਨੂੰ ਵਸਤਾਂ ਦੀ STRUCTURAL STUDY ਦਾ ਨਾਮ ਦਿਤਾ ਹੈ। ਜਿਸ ਵਿਚ ਉਹਨਾਂ ਦੇ ਬਾਹਰੀ ਆਕਾਰ ਅਤੇ ਅੰਦਰੂਨੀ ਲਛਣ ਗੁਣ ਵੀ ਸ਼ਾਮਿਲ ਮੰਨੇ ਹਨ। ਉਪਰੰਤ ਲੇਖਕ ਨੇ ਸੈਂਕੜੇ ਸਵਾਲ ਦਰਜ ਕੀਤੇ ਹਨ ਫਿਰ ਉਹਨਾਂ ਦੇ ਸੰਬੰਧ ਵਿਚ ਦਲੀਲਾਂ ਵੀ ਦਿਤੀਆਂ ਹਨ। ਉਹਨਾਂ ਸਵਾਲਾਂ ਵਿਚ ਰੋਜ਼ਾਨਾ ਜੀਵਨ ਨਾਲ ਸੰਬੰਧਤ ਸਵਾਲ ਹਨ ਜਿਨ੍ਹਾਂ ਨੂੰ ਮੌਲਵੀਆਂ ਦੀ ਤਕਨੀਕੀ ਭਾਸ਼ਾ ਵਿਚ **ਮਸਲ੍ਹੇ** ਕਹਿੰਦੇ ਹਨ। ਉਦਾਹਰਣ ਵਜੋਂ, ਸਫ਼ਰ ਵਿਚ ਬੀਮਾਰ ਹੋਣਾ, ਮਹਿਬੂਬ ਨਾਲ ਮੇਲ ਹੋਣਾ, ਦੁਸ਼ਮਨਾਂ ਨੂੰ ਮਾਤ ਦੇਣਾ, ਮੀਆਂ ਬੀਵੀ ਦੇ ਸੰਬੰਧ ਵਿਗਾੜ, ਬੀਮਾਰੀ ਜਾਂ ਦਾਅਵੇ ਦਾ ਡਰ, ਗੁੰਮ ਹੋਏ ਪਸ਼ੂ ਨੂੰ ਲਭਣਾ, ਧਨ ਦੌਲਤ ਦੇ ਗੁੰਮ ਹੋਣ ਦਾ ਡਰ ਆਦਿ ਆਦਿ ਇਹਨਾਂ ਮਸਲ੍ਹਿਆਂ ਦਾ ਹਲ ਵੀ ਤਾਵੀਜ਼ਾਂ ਵਿਚ ਅਤੇ ਉਹਨਾਂ ਤਾਵੀਜ਼ਾਂ ਰਾਹੀਂ ਵਾਹੇ ਜਾਣ ਵਾਲੇ ਨਕਸ਼ ਇਸ ਪੋਥੀ ਵਿਚ ਦਰਜ ਹੈ। ਸੰਖੇਪ ਗਲ ਇਹ ਕਿ ਇਹ ਵੀ ਮੌਲਵੀਆ ਦੀ ਪੋਥੀ ਹੈ।

**ਪ੍ਰਯਾਪਤ ਨਕਸ਼ਾਂ ਦਾ ਵੇਰਵਾ**

1. ਇਨਾਂ ਨਕਸ਼ਾਂ ਵਿਚ ਲਾਈਨਾਂ ਅਤੇ ਬਿੰਦੀਆਂ ਤੋਂ ਕੰਮ ਲਿਆ ਹੈ ਵਖ ਵਖ ਮਸਲ੍ਹੇ ਲਈ ਲਾਈਨਾਂ ਦੀ ਗਿਣਤੀ, ਬਿੰਦੀਆਂ ਦੀ ਗਿਣਤੀ ਅਤੇ ਉਹਨਾਂ ਦੇ ਸਥਾਨ ਬਦਲਦੇ ਹਨ।
2. ਹਰ ਮਸਲ੍ਹੇ ਨਾਲ ਸੰਬੰਧਤ ਨਕਸ਼ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ ਤੇ ਹਰ ਭਾਗ ਦੀ ਬਣਤਰ ਵਖਰੀ ਹੈ। ਇਕਸਾਰਤਾ ਬਿਲਕੁਲ ਨਹੀਂ।
3. ਇਕ ਮਸਲ੍ਹੇ ਦੇ ਨਕਸ਼ ਦੂਸਰੇ ਮਸਲ੍ਹੇ ਦੇ ਨਕਸ਼ ਨਾਲ ਵੀ ਮੇਲ ਨਹੀਂ ਖਾਂਦੇ ਅਲਗ ਅਲਗ ਹਨ। ਜਿਵੇਂ:



ਆਰੰਭ : ਕਲਮਾਏ ਇਫ਼ਤਤਾਹ...... ਹਮਦੋ ਸਨਾਏ ਮੁਤਹਿਦਵ ਇਹਸਾਏ ਮਖ਼ਸੂਸ ਬਾਰਗਾਹੇ ਕਿਬਰੀਆ ਈਨ ਅਸਤ ਜਵਾਹਰੇ ਬਹਾਰ ਅਨਵਾਰ ਮਾਅਰਫ਼ਤੀਅਸ਼

ਅੰਤ : ਕਿ ਬੀਮਾਰ ਜ਼ਿ ਨਕਸ਼ ਰਿਵਾ ਅਸਤ ਦਰਮਾਨ ਜਵਾਬੇ ਹਰਫ਼ ਕਿ ਅਜ਼ ਜੁਮਲਾ ਇਨਸਾਨ।

ਹੱਥ ਲਿਖਤ ਨੰ : MS 1187

ਸ੍ਰੋਤ : H.S, H.S

ਸਿਰਲੇਖ : **ਕਿਤਾਬ ਇਲਮੇ ਜਅਫ਼ਰ ਜੌਹਰੇ ਸੀਮ ਵ ਅਮਲੇ ਦਾਅਵਤ (ਫ਼ਾਰਸੀ)**

ਲਿਖਾਰੀ : ਅਗਿਆਤ
ਸਮਾਂ : 1185 ਹਿਜਰੀ
ਰਚਨਾ ਕਾਲ : ਦਰਜ ਨਹੀਂ
ਸਥਾਨ : ਅਗਿਆਤ
ਪੱਤਰੇ : 137
ਚਿੱਤਰ : ਕੋਈ ਨਹੀਂ
ਆਕਾਰ : 17X12 ਸ.ਮ. ਲਿਖਤ : 14X7 ਸ.ਮ. ਨਸਤਾਲੀਕ
ਵੇਰਵਾ : ਮੂਲ ਪਾਠ ਸਿਆਹੀ ਨਾਲ ਲਿਖਿਆ ਹੈ। ਅਰਬੀ ਭਾਸ਼ਾ ਦੇ ਹਵਾਲੇ ਲਾਲ ਲਕੀਰ ਹੇਠ ਲਗਾਕੇ ਵਖਰੇ ਦਰਸਾਏ ਹਨ। ਸੁਰਖ਼ੀਆਂ ਸੁਰਖ਼। ਕਾਗ਼ਜ਼ ਕਿਰਮ ਖਾਧਾ ਕਦੀਮ ਜ਼ਰਦ। ਪੁਸ਼ਤਾ ਬਚਿਆ ਹੋਇਆ। ਵਖਰਾ ਜ਼ਮੀਮਾ ਨੀਲਾ ਕਾਗ਼ਜ਼ ਪ੍ਰਤੀ ਪੰਨਾ ਔਸਤਨ 13 ਅਤੇ 17 ਲਾਈਨਾਂ ਸੋਧਾਂ। ਹਾਸ਼ੀਏ ਵਿਚ ਦਰਜ ਕੀਤੀਆਂ। ਪਹਿਲਾ ਭਾਗ ਪੰਨਾ 63 ਤੱਕ ਦੂਸਰਾ ਭਾਗ 64 ਤੋਂ 137 ਤੱਕ
ਆਮ ਵੇਰਵਾ : 1) ਵਿਸ਼ੇ ਪਖੋਂ ਭਾਗ ਪਹਿਲੇ ਵਿਚ ਲੇਖਕ ਨੇ ਮਾਨਵੀਂ ਸਰੀਰ ਵਿਚ ਤੱਤਾਂ ਆਤਸ਼ੀ, ਖ਼ਾਕੀ, ਬਾਦੀ ਤੇ ਆਬੀ ਅਨੁਸਾਰ ਰਾਸ਼ੀ ਵੰਡ ਕੀਤੀ ਹੈ। ਉਹਨਾਂ ਦੇ ਵਖ ਵਖ ਫ਼ਰਿਸ਼ਤੇ ਤੇ ਬੁਰਜ ਦਸੇ ਹਨ। ਅਧਿਆਇ ਵੰਡ ਕਰਦਿਆਂ ਉਸਨੇ ਹਰਫ਼ਾਂ ਤੇ ਨਾਵਾਂ ਦੇ ਸੰਬੰਧ ਦਰਸਾਂਦੇ ਹੋਏ ਪੰਦਰਾਂ ਅਧਿਆਇ ਬਣਾਏ ਹਨ। ਰਾਸ਼ੀਆਂ ਦੇ ਬੁਰਜਾਂ ਦੇ ਉਲਟ ਤੇ ਸਮਅਰਥੀ ਪ੍ਰਭਾਵ ਵਰਣਨ ਕੀਤੇ ਹਨ। ਅਬਜਦ ਦੇ ਅਖਰਾਂ ਦੇ ਵਿਸ਼ੇਸ਼ ਗੁਣ ਤੇ ਉਹਨਾਂ ਦਾ ਇਸਲਾਮੀ ਪਿਛੋਕੜ ਨਾਲ ਸੰਬੰਧ ਭਾਵਾਤਮਿਕ ਦ੍ਰਿਸ਼ਟੀਕੋਣ ਤੋਂ ਜੋੜਿਆ ਹੈ। 2) ਕਿਤਾਬ ਇਲਮੇ ਜ਼ਅਫ਼ਰ ਵਿਚ ਵਖ ਵਖ ਕਾਰਜ ਸਿਧ ਕਰਨ ਦੇ ਤਾਵੀਜ਼ ਬਣਾਉਣ ਦੀਆਂ ਵਿਧੀਆਂ ਪ੍ਰਾਪਤ ਹਨ। ਹਰ ਤਾਵੀਜ਼ ਵਿਚ ਵਿਸ਼ੇਸ਼ ਭਾਂਤ ਦੇ ਨਕਸ਼ ਜਿਨ੍ਹਾਂ ਵਿਚੋਂ ਕਈ ਯੂਨਾਨੀ ਅਬਜਦ ਐਪੀਸਲੋਨ ਤੇ ਹੋਰ ਨੁਕਤਿਆਂ ਨਾਲ ਮਿਲਦੇ ਜੁਲਦੇ ਹਨ ਲੇਖਕ ਨੇ ਦਰਜ ਕੀਤੇ ਹਨ। ਅਖ਼ੀਰ ਵਿਚ ਲੇਖਕ ਨੇ ਇਸ ਇਲਮ ਨੂੰ ਰਸੂਲ ਮੁਹੰਮਦ ਦੇ ਮੂੰਹੋਂ ਉਚਰੇ ਵਾਕ ਅਖਵਾਕੇ ਸਾਰਥਕ ਸਿਧ ਕਰਨ ਦਾ ਜਤਨ ਕੀਤਾ ਹੈ।
ਆਰੰਭ : ਕਲਮਾਏ ਇਫ਼ਤਤਾਹ...... ਅੱਲਾਹੁਮਾ ਰਬੁਲ ਆਲਮੀਨ ਵ ਅਲਸਵਾਤ ਵ ਅਲਸਲਾਮ ਅਲੈਖ਼ਬਰ ਅਲਖ਼ਲਕਤ ਮੁੰਹਮਦ ਵ ਅਲਰਾਜਮਿਈਨ ਅਮਾ ਬਾਅਦ ਹੂ ਦਰ ਬਿਆਨੇ ਜੌਹਰੇ ਸੀਮ ਵ ਅਮਲ ਵ ਦਅਵਤ ਇਸਮਾ ਅਜ਼ਾਮ...............
ਅੰਤ : ਤਾ ਖ਼ਲਾਇਕ ਬਸੇ ਤਲਬੇ ਅਸਰਾਰ ਖ਼ੁਦਾਈ ਕੁਨਦ ਵਾ ਬਰਆਨ ਸਰਾਸਰ ਸਨਦ ਵਾ ਬਿਦਾਨੰਦ ਕਿ ਲਾ ਲੁਹੈਤੂਨ ਸ਼ਈਉਨ ਮਿਨ ਅਲੈ ਅਲਇਨੁ ਮਾਸ਼ਾ ਵ ਯਸ਼ਾ ਬੁਵਦ।

ਹੱਥ ਲਿਖਤ ਨੰ : MS 1188
ਸ੍ਰੋਤ : H.S, H.S
ਸਿਰਲੇਖ : **ਕਿਤਾਬ ਇਲਮੇ ਤਲਿਸਮ (ਫ਼ਾਰਸੀ ਅਰਬੀ) (ਅਧੂਰੀ)**
ਲਿਖਾਰੀ : ਹਕੀਮ ਨਕਸ਼ਬੰਦੀ
ਸਮਾਂ : ਅਗਿਆਤ
ਰਚਨਾ ਕਾਲ : ਦਰਜ ਨਹੀਂ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 21X16.5 ਸ.ਮ. ਲਿਖਤ : 11X10 ਸ.ਮ.

ਵੇਰਵਾ : ਪੂਰੀ ਪੁਸਤਕ ਸਿਆਹੀ ਨਾਲ ਲਿਖੀ ਗਈ ਹੈ। ਕਾਗ਼ਜ਼ ਪੁਰਾਣਾ ਜ਼ਰਦ। ਵਿਚ ਵਿਚ ਜ਼ਰਦ ਰੰਗ ਨਾਲ ਨਕਸ਼ ਜੱਦਵਲ (Tables) ਵੀ ਬਣਾਏ ਹੋਏ ਹਨ। ਬਹੁਤ ਬਰੀਕੀ ਨਾਲ ਹਿੰਦਸੇ ਅਤੇ ਹਰੂਫ਼ ਵਖ ਵਖ ਬਣਾਏ।

ਆਮ ਵੇਰਵਾ : ਇਸ ਪੁਸਤਕ ਦਾ ਵਿਸ਼ਾ ਵੀ ਹਕੀਮ ਨਕਸ਼ਬੰਦੀ ਦੀਆਂ ਪਹਿਲੀਆਂ ਪੁਸਤਕਾਂ ਵਾਲਾ ਹੀ ਹੈ। ਹਕੀਮ ਸਾਹਿਬ ਨੇ ਬੜੀ ਕਾਰੀਗਰੀ ਨਾਲ ਤਾਵੀਜ਼ ਬਣਾਉਣ ਦੇ ਕਵਾਇਦ ਅਭਿਵਿਅਕਤ ਕੀਤੇ ਹਨ। ਅਰਬੀ ਭਾਸ਼ਾ ਦੀਆਂ ਤਮਸੀਲਾਂ ਦੀ ਵਡੀ ਭਰਮਾਰ ਹੈ। ਖ਼ਾਨੇਦਾਰ ਟੇਬਲ ਵੀ ਤਰਕੀਬ ਨਾਲ, ਹਿੰਦਸੇ ਲਾਏ; ਮੂਲ ਵਿਸ਼ਾ ਸਿਹਤਮੰਦੀ ਜਾਂ ਕਾਮਯਾਬੀ ਲਈ ਤਾਵੀਜ਼ ਤਿਆਰ ਕਰਨੇ ਹੈ। ਇਹ ਨਕਲ ਵੀ ਮੂਲ ਪੋਥੀ ਹੈ ਅਤੇ ਇਹ ਕਿਸੇ ਮੌਲਵੀ ਦੀ ਡਾਇਰੀ ਹੈ ਜੋ ਵਹੀ ਦੇ ਰੂਪ ਵਿਚ ਜਿਲਦਬੰਦ ਹੋਈ

ਆਰੰਭ : ਤਹਿਕੀਕ ਖ਼ਮਸਈਨ ਯਾ ਬਾਰ ਅਲਨਿਹਾਦ ਦਸਤ ਸਦਕਾ ਤਨਖ਼ਵਾਹ ਸਰੂਕਾ ਫਅਲਆਨ.....

ਅੰਤ : ਕੇਸਾਏ ਖ਼ੁਦ ਖ਼ਰਚ ਕਰਦਮ ਕਸੇਰਾ ਖ਼ਰਾਬ ਨ ਕਰਦਮ ਤਾ ਈਨ ਨੁਸਖ਼ਾ ਰਾ ਬਾਦਸਤ ਆਵੁਰਮ ਅਜ਼ ਰਬ ਅਸਤ ਸ਼ਫ਼ਾ

ਹੱਥ ਲਿਖਤ ਨੰ : MS 1189

ਸ੍ਰੋਤ : H.S, H.S

ਸਿਰਲੇਖ : **ਇਲਮੇ ਜਾਅਫ਼ਰ ਨਕਸ਼ਬੰਦੀ (ਅਰਬੀ)**

ਲਿਖਾਰੀ : ਨੱਕਾਲ ਮਿਰਜ਼ਾ ਇਬਰਾਹੀਮ ਹਕੀਮ

ਸਮਾਂ : ਅਗਿਆਤ

ਰਚਨਾ ਕਾਲ : ਅਗਿਆਤ

ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 18.5X15.5 ਸ.ਮ. ਲਿਖਤ:10.5X 9 ਸ.ਮ. ਨਸਤਾਲੀਕ ਤੇ ਕੂਫ਼ੀ

ਵੇਰਵਾ : ਵਹੀ ਦੀ ਸੂਰਤ ਵਿਚ ਇਸ ਹਥ ਲਿਖਤ ਨੂੰ ਹਕੀਮ ਸਾਹਿਬ ਨੇ ਮੂਲਪਾਠ ਸਿਆਹੀ ਨਾਲ ਸਲੇਟੀ ਰੰਗ ਦੇ ਡਬੀਦਾਰ ਹਾਸ਼ੀਏ ਵਿਚ ਲਿਖਿਆ ਹੈ। ਅਰਬੀ ਤੇ ਫ਼ਾਰਸੀ ਦੇ ਲਫ਼ਜ਼ਾਂ ਨੂੰ ਵਖਰਿਆਇਆ ਹੈ। ਪ੍ਰਤੀ ਪੰਨਾ ਵਧ ਤੋਂ ਵਧ 18 ਸਤਰਾਂ ਦਰਜ ਕੀਤੀਆਂ ਹਨ।

ਆਮ ਵੇਰਵਾ : ਇਸ ਹਥਲਿਖਤ ਦਾ ਵਿਸ਼ਾ ਤਾਵੀਜ਼ ਬਣਾਉਣ ਮੌਲਵੀਆਂ ਦਾ ਇਲਮ ਹੈ ਲੇਖਕ ਨੇ ਹਰ ਪ੍ਰਕਾਰ ਦੇ ਤਾਵੀਜ਼ ਦੀ ਜਦਵੱਲ ਰੂਪ ਤੇ ਹਰਫ਼ ਬੜੇ ਸਪਸ਼ਟ ਤੇ ਸਾਦਾ ਢੰਗ ਨਾਲ ਬਿਆਨ ਹਨ। ਅਰਬੀ ਦੇ ਸ਼ਬਦ ਤੇ ਸਤਰਾਂ ਬਿਆਨਣ ਵਿਚ ਐਰਾਬ ਤੋਂ ਸੂਖਮਤਾ ਨਾਲ ਕੰਮ ਲਿਆ ਹੈ। ਕੁਰਾਨੀ ਆਇਤਾਂ ਨੂੰ ਦਵਾਵਾਂ ਵਾਂਗ ਤਾਵੀਜ਼ਾਂ ਵਿਚ ਵਰਣਨ ਕਰਨ ਦੀ ਇਹ ਪਰਿਪਾਟੀ ਪੂਰੀ ਕਰਦੀ ਪੁਸਤਕ ਹੈ। ਇਨ੍ਹਾਂ ਤਾਵੀਜ਼ਾਂ ਵਿਚ ਹਿੰਦਸੇ ਵੀ ਹਨ ਅਤੇ ਅਬਜਦ ਦੇ ਹਰਫ਼ ਵੀ ਪਿਛਲੇਰੇ ਤਾਵੀਜ਼ਾਂ ਦੀ ਜਦਵਲ ਵਿਚ ਅਲਹ ਮੀਆਂ ਦੇ ਨਾਵਾਂ ਦਾ ਬਿਆਨ ਵੀ ਡਬੀਆਂ ਬਨਾਕੇ ਦਿਤਾ ਹੈ। ਪੁਸਤਕ ਦੇ ਮੁਢ ਵਿਚ ਉਸਨੇ ਰਾਸ਼ੀਆਂ ਬਾਰੇ ਜਾਣਕਾਰੀ ਦਿਤੀ ਹੈ। ਜਿਨ੍ਹਾਂ ਵਿਚ ਅਹਿਮਰ, ਅਤਾਰਦ, ਜ਼ੁਹਰਾ, ਮੁਰੀਖ਼, ਸ਼ਮਸ ਆਦਿ ਦਾ ਸੰਖਿਪਤ ਵਰਣਨ ਹੈ। ਅਲਹ ਦੇ ਸਫ਼ਾਤੀ ਨਾਮਾਂ ਨੂੰ ਸੰਖਿਆ ਰੂਪ ਵਿਚ ਜੋੜ ਜੋੜ ਕੇ ਵੀ ਤਾਵੀਜ਼ਾਂ ਦੀਆਂ ਜੱਦਵਲਾਂ ਬਨਾਈਆਂ ਹਨ। ਡਬੀਆਂ ਵਾਹਕੇ ਉਹਨਾਂ ਵਿਚ ਤਾਵੀਜ਼ਾਂ ਦੀਆਂ ਜੱਦਵਲਾਂ ਬਨਾਈਆਂ ਹਨ। ਡਬੀਆਂ ਵਾਹਕੇ ਉਹਨਾਂ ਵਿਚ ਤਾਵੀਜ਼ਾਂ ਦੇ ਨਕਸ਼ੇ ਤੇ ਨਕਸ਼ ਬਣਾਏ ਸਨ ਸ਼ਾਇਦ ਇਸੇ ਕਾਰਨ ਹੀ ਇਲਮ ਦਾ ਨਾਮ ਹੀ ਨਕਸ਼ਬੰਦੀ ਪੈ ਗਿਆ ਹੋਵੇ।

ਆਰੰਭ : (ਮੁਕੰਮਲ ਨਹੀਂ) ਮਖ਼ਫ਼ੀ 888 ਤਜ਼ਜ 999 ਹਰੂਫ਼ ਨੂਰਾਨੀਏ ਆਯਤ ਚਾਹਾਰ ਦਹਿ ਹਰੂਫ਼ ਤਿਬੀਬੇ ਆਯਤ

ਅੰਤ : 10 ਸੇਰ ਐਨ ਨਸਰ ਐਨ ਨਿਸਬ ਹਮਾ ਅਜ਼ ਹਰ ਦਫਾ.....................

ਹੱਥ ਲਿਖਤ ਨੰ : MS 1190

ਸ੍ਰੋਤ : H.S, H.S, Asr.

ਸਿਰਲੇਖ : **ਬਖ਼ਸ਼ ਅਲਫ਼ਵਾਇਦ (ਉਰਦੂ/ ਫ਼ਾਰਸੀ)**

ਲਿਖਾਰੀ : ਸ਼ੇਖ਼ ਜ਼ਹੂਰ ਅਲੀ ਇਬਨ ਅਨਾਇਤ ਅਲੀ

ਸਮਾਂ : ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 21X14 ਸ.ਮ. ਲਿਖਤ : 15X9 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਸੁਰਖ਼ੀਆਂ ਸੁਰਖ਼। ਮੂਲਪਾਠ ਸਿਆਹੀ ਨਾਲ ਲਿਖਿਆ ਹੈ। ਦੋਹਰਾ ਲਾਈਨਦਾਰ ਹਾਸ਼ੀਆ ਜੋ ਲਾਲ ਰੰਗ ਵਿਚ ਹੈ। ਕਾਗ਼ਜ਼ ਕਿਰਮ ਖਾਧਾ। ਪੁਸ਼ਤਾ ਸੁਰਖਿਅਤ। ਅਰਬੀ ਵਾਕ ਹਰਕਾਤ ਲਗਾਕੇ ਵਖ ਦਰਸਾਏ ਹਨ। ਪ੍ਰਤੀ ਪੰਨਾ ਔਸਤਨ 13 ਸਤਰਾਂ।

ਆਮ ਵੇਰਵਾ : ਫ਼ਾਰਸੀ ਵਿਆਕਰਣ ਉਤੇ ਇਹ ਇਕ ਉਤਮ ਪੁਸਤਕ ਹੈ। ਇਹ ਲੇਖਕ ਨੇ ਫ਼ਾਰਸੀ ਦੇ ਵਿਦਿਆਰਥੀਆਂ ਦੀ ਸਹੂਲਤ ਵਾਸਤੇ ਲਿਖੀ। ਗ੍ਰਾਮਰ ਸਮਝਾਉਣ ਵਿਚ ਲੇਖਕ ਨੇ ਸਵਾਲ ਜਵਾਬ ਦੀ ਸ਼ੈਲੀ ਅਪਨਾਈ ਹੈ। ਫ਼ਾਰਸੀ ਸੀਗੇ ਸ਼ਬਦ ਮੂਲ, ਮਸਦਰ ਬਿਆਨਣ ਦੇ ਨਾਲ ਨਾਲ ਲੇਖਕ ਨੇ ਭੂਤ ਕਾਲ, ਭਵਿਖਤਕਾਲ ਅਤੇ ਵਰਤਮਾਨ ਕਾਲ ਦੇ ਮੁਹਾਵਰਿਆਂ ਵਿਚ ਆਉਣ ਦੀਆਂ ਤਬਦੀਲੀਆਂ ਤੇ ਵਾਕ ਬਣਤਰ ਨੂੰ ਅਭਿਵਿਅਕਤ ਕੀਤਾ ਹੈ। ਫ਼ਾਰਸੀ ਭਾਸ਼ਾ ਦੇ ਉਸਤਾਦਾਂ ਵਾਸਤੇ ਲਾਭਕਾਰੀ ਪੁਸਤਕ ਹੈ।

ਆਰੰਭ : ਬਅਦ ਅਜ਼ ਹਮਦ ਫ਼ਾਅਲੀ ਕਿ ਤਸਾਰੀਫ਼ੇ ਖ਼ਲਾਇਕ ਰਾ ਅਜ਼ ਕੂਵਤ ਬਾਫ਼ਿਅਲ ਆਵੁਰਦ

ਅੰਤ : ਤਮਾਮ ਕਿਤਾਬ ਇਲਫ਼ਾਜ਼ ਆਮਦ ਨਾਮਾ ਕੀ

ਹੱਥ ਲਿਖਤ ਨੰ : MS 1190

ਸ੍ਰੋਤ : H.S, H.S

ਸਿਰਲੇਖ : **ਬਕਸਰ ਅਲਫਵਾਇਦ (ਉਰਦੂ)**

ਲਿਖਾਰੀ : ਸ਼ੇਖ਼ ਜ਼ਹੂਰ ਅਲੀ ਬਿਨ ਅਨਾਇਤ ਅਲੀ

ਸਮਾਂ : ਦਰਜ ਨਹੀਂ

ਰਚਨਾ ਕਾਲ : ਅਗਿਆਤ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 21.5X14 ਸ.ਮ. ਲਿਖਤ : 15X8.5 ਸ.ਮ. ਨਸਤਾਲੀਕ

ਵੇਰਵਾ : ਮੂਲ ਪਾਠ ਸਿਆਹੀ ਨਾਲ ਲਿਖਿਆ। ਸੁਰਖ਼ੀਆਂ ਸੁਰਖ਼। ਪ੍ਰਤੀ ਪੰਨਾ ਔਸਤਨ 13 ਸਤਰਾਂ। ਦੋਹਰੀ ਲਾਈਨਦਾਰ ਲਾਲ ਹਾਸ਼ੀਆ। ਇਕਾ ਦੁਕਾ ਪੰਨਿਆਂ ਉਤੇ ਹਵਾਲੇ ਹਾਸ਼ੀਏ ਤੋਂ ਬਾਹਰ ਤੇ ਕ੍ਰਮਾਂਕ ਮਦ ਲਾਈਨਾਂ ਦੇ ਉਪਰ। ਹਾਲਤ ਖ਼ਸਤਾ ਕਾਗ਼ਜ਼ ਪੁਰਾਣਾ ਜ਼ਰਦ ਅਤੇ ਕਿਰਮ ਖ਼ੁਰਦਾ।

ਆਮ ਵੇਰਵਾ : ਵਿਸ਼ੇ ਪਖੋਂ ਇਹ ਹਥਲਿਖਤ ਫ਼ਾਰਸੀ ਦੀ ਵਿਆਕਰਣ ਦੀ ਪੁਸਤਕ ਹੈ ਜੋ ਹਿੰਦੀ ਵਿਚ ਅਤੇ ਹਰੂਫ਼ ਫ਼ਾਰਸੀ ਵਿਚ ਲਿਖੀ ਹੈ। ਲੇਖਕ ਨੇ ਸਵਾਲ-ਜਵਾਬ ਦੀ ਸ਼ੈਲੀ ਨਾਲ ਫ਼ਾਰਸੀ ਵਿਆਕਰਣ ਬਿਆਨਿਨ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਸ਼ੈਲੀ ਵਜੋਂ ਵਿਆਕਰਣ ਦੀ ਹਰ ਮਦ ਸੰਬੰਧੀ ਸਵਾਲ ਬਣਾਇਆ ਅਤੇ ਉਸਦੀ ਵਿਆਖਿਆ ਵਿਚ ਜਵਾਬ ਵੀ ਨਾਲੋ ਨਾਲ ਦਿਤਾ ਹੈ। ਸੰਭਵ ਹੈ ਕਿ ਇਹ ਕਿਸੇ ਜਮਾਤੀ ਪਾਠ ਪੁਸਤਕ ਦੀ ਵੰਨਗੀ ਰਹੀ ਹੋਵੇ। ਵਿਆਕਰਣ ਦੇ ਬਿਆਨਣ ਵਾਸਤੇ ਲੇਖਕ ਨੇ ਕਾਲ ਵੰਡ (Sentence) ਮੁਜ਼ਾਰੇ, ਫ਼ਿਅਲ (Verbs) ਅਤੇ ਕਾਲਾਂ ਦੀ ਵੰਡ ਅਨੁਸਾਰ ਉਹਨਾਂ ਦੇ ਵਖ ਵਖ ਰੂਪਾਂ ਨੂੰ ਵੀ ਵਰਣਨ ਕੀਤਾ ਹੈ।

ਆਰੰਭ : ਬਾਅਦ ਅਜ਼ ਹਮਦ ਫ਼ਾ ਅਲੀ ਕਿ ਤਸਾਰੀਫ਼ ਖ਼ਲਾਇਕ ਰਾ ਅਜ਼ਕੁਵਤ ਬਾ ਫ਼ਿਅਲ ਆਵੁਰਦ...

ਅੰਤ : ਨ ਆਯੰਦ ਕਾਨੇਦ ਆਯੰਦ ਗਾਨੇਮ ਨ ਆਯੰਦ ਗਾਨੇਮ ਤਮਾਮ ਗਸ਼ਤ ਅਲਫ਼ਾਜ਼ ਆਮਦ ਨਾਮਾ

ਹੱਥ ਲਿਖਤ ਨੰ : MS 1191

ਸ੍ਰੋਤ : H.S, H.S, Amritsar

ਸਿਰਲੇਖ : **ਬੈਅਨਾਮਾ-1891 ਸੰਮਤ**

ਲਿਖਾਰੀ : ਅਗਿਆਤ

ਸਮਾਂ : 1834 ਈ 1891 ਬਿਕਰਮੀ

ਰਚਨਾ ਕਾਲ : ਉਨ੍ਹੀਵੀਂ ਸਦੀ

ਸਥਾਨ : ਅੰਮ੍ਰਿਤਸਰ

ਪੱਤਰੇ : ਇਕ

ਚਿੱਤਰ : ਮੋਹਰ ਕੇਵਲ

ਆਕਾਰ : 65X30 ਸ.ਮ. ਲਿਖਤ : 48X16 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਪੀਲਾ ਪੁਰਾਣਾ ਜ਼ਰਦ। ਸਾਮਿਅਕ ਸਰਕਾਰੀ ਮੋਹਰ ਲਗੀ ਹੋਈ ਅਤੇ ਗਵਾਹੀਆਂ ਦੇ ਦਸਤਖ਼ਤ ਅਤੇ ਬਿਆਨ ਸਜੇ ਹਥ ਹਾਸ਼ੀਏ ਵਿਚ ਨਕਲ ਹਨ।

ਆਮ ਵੇਰਵਾ : ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਲਿਖੇ ਗਏ ਇਸ ਬੈਅ ਨਾਮੇ ਉਤੇ- ਸ੍ਰੀ ਅਕਾਲ ਸਹਾਏ ਸੰਮਤ 1887 ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰੀ ਮੋਹਰ ਲਗੀ ਹੋਈ ਹੈ। ਇਸ ਵਿਚ ਪ੍ਰੇਮ ਸਿੰਘ ਪੁਤਰ ਫ਼ਤਹਿ ਸਿੰਘ ਵਾਸੀ ਕਟੜਾ ਕਰਮ ਸਿੰਘ ਨੇ 140 ਰੁਪਏ ਵਿਚ ਇਕ ਖ਼ਾਲੀ ਜ਼ਮੀਨ ਦਾ ਟੁਕੜਾ ਵੇਚਿਆ ਹੈ। ਹੇਠਾਂ ਦੀ ਤਾਰੀਖ਼ ਸੰਮਤ 1891 ਦੀ ਹੈ। ਹਾਸ਼ੀਏ ਵਿਚ ਸਾਮਿਅਕ ਲੰਡੇ ਲਿਪੀ ਵਿਚ ਜ਼ਾਮਨਾਂ ਤੇ ਗਵਾਹਾਂ ਦੇ ਦਸਤਖ਼ਤ ਲੈਣ ਦੇਣ ਦੀ ਕਾਰਵਾਈ ਦਰਜ ਹੈ। ਖ਼ਰੀਦਦਾਰ ਦਾ ਨਾਮ ਗੁਰਮੁਖ ਸਿੰਘ ਫ਼ਾਰਸੀ ਲਿਪੀ ਵਿਚ ਇਬਾਰਤ ਦੇ ਅੰਦਰ ਹੀ ਦਰਜ ਹੈ। ਇਸ ਬੈਅਨਾਮੇ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਵਰਤਮਾਨ ਸੰਦਰਭ ਦੀ ਤਰ੍ਹਾਂ ਉਸ ਸਮੇਂ ਵੇਚੀ ਜਾ ਰਹੀ ਜ਼ਮੀਨ ਦੇ ਆਲੇ ਦੁਆਲੇ ਦੀ ਸਥਿਤੀ ਦਾ ਸ਼ੁਰੂਆਤ ਆਦਿ ਜਾਂ ਦਿਸ਼ਾਵਾਂ ਦਾ ਵਰਣਨ ਦਿਤਾ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਗੁਰਮੁਖ ਸਿੰਘ ਦੀ ਖ਼ਰੀਦ ਸੰਭਵ ਹੈ। ਹਾਸ਼ੀਏ ਵਿਚ ਪ੍ਰੇਮ ਸਿੰਘ ਦਾ ਨਿਸ਼ਾਨ ਅੰਗੂਠਾ ਛਪਿਆ ਹੈ। ਬੈਅ ਕੀਤੇ ਸਥਾਨ ਦੀ ਸਥਿਤੀ ਬਿਆਨਦੇ ਹੋਏ ਗੁਆਂਢ ਵਿਚ ਜਵਾਲਾ ਦਾਸ ਖੁਰਾਨਾ ਦਾ ਘਰ, ਉਤਰ ਦਿਸ਼ਾ ਵਿਚ ਮਾਈ ਰਤਨ ਦਾ ਮਕਾਨ, ਤੀਸਰੇ ਪਾਸੇ ਜੀਵਨ ਨਾਮੀ ਵਿਅਕਤੀ ਦਾ ਘਰ ਤੇ ਦਖਣ ਵਿਚ ਅਚਰਜ ਰਾਮ ਦਾ ਮਕਾਨ ਦਸਿਆ ਗਿਆ ਹੈ।

ਆਰੰਭ : ਦਰਹਾਲੇ ਸਿਹਤ ਜ਼ਾਤ ਵ ਸਬਾਤ ਅਕਲ ਵ ਜਵਾਜ਼ ਵ ਨਫ਼ਾਜ਼ ਜਮੀਹ ਤਸਰਫ਼ਾਤ.........

ਅੰਤ : ਦਅਵਾ ਵ ਹਕ ਵ ਨਸੀਹ ਲਾ ਕੁੱਲ ਲਾ ਬਾਅਜ਼ਾ ਲਾ ਇਨ ਮਿਨ ਅਲਅਸਬਾਬ ਅਲਯੋਮ ਅਲਵਜੂਹ ਮਰਕੂਮ ਬਮਾਹ 24 ਫ਼ਗਨ 1891 ਸੰਮਤ

ਹੱਥ ਲਿਖਤ ਨੰ : MS 1192
ਸ੍ਰੋਤ : H.S, H.S
ਸਿਰਲੇਖ : **ਉਪਨਿਸ਼ਦ (ਫ਼ਾਰਸੀ)**
ਲਿਖਾਰੀ : ਮੁੰਹਮਦ ਦਾਰਾ ਸ਼ਿਕੋਹ
ਸਮਾਂ : ਸੋਲ੍ਹਵੀਂ ਸਦੀ ਈਸਵੀਂ
ਰਚਨਾ ਕਾਲ : ਬੁਧਰਾਉ ਬ੍ਰਹਮਣ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 22X12 ਸ.ਮ. ਲਿਖਤ : 19X9 ਸ.ਮ. (ਸ਼ਿਕਸਤਾ ਤੇ ਨਸਤਾਲੀਕ ਮਿਸ਼ਰਿਤ)
ਵੇਰਵਾ : ਮੂਲ ਪਾਠ ਸਿਆਹੀ ਨਾਲ ਲਿਖਿਆ-ਸੁਰਖ਼ੀਆਂ ਸੁਰਖ਼। ਪੁਸ਼ਤਾ ਬਿਖਰਿਆ ਹੋਇਆ। ਕਾਗ਼ਜ਼ ਪੁਰਾਣਾ ਕਿਰਮ ਖਾਧਾ। ਪ੍ਰਤੀ ਪੰਨਾ ਔਸਤਨ 15 ਸਤਰਾਂ ਦਰਜ। ਹਵਾਲੇ ਮੂਲਪਾਠ ਤੋਂ ਬਾਹਰ। ਹਾਸ਼ੀਆ ਰਹਿਤ ਪੰਨੇ।
ਆਮ ਵੇਰਵਾ : ਹਿੰਦੀ ਤੇ ਸੰਸਕ੍ਰਿਤ ਦੇ ਸ਼ਬਦਾਂ ਨੂੰ ਲੇਖਕ ਨੇ ਲਾਲ ਰੰਗ ਨਾਲ ਲਕੀਰ ਮਾਰ ਕੇ ਮੂਲ ਪਾਠ ਤੋਂ ਵਖ ਕੀਤਾ ਹੈ। ਪੋਥੀ ਦੇ ਬਾਹਰ ਦਰਜ ਹੈ ਕਿ ਪੋਥੀ ਦਾਰਾ ਸ਼ਿਕੋਹ ਦੀ ਰਚਨਾ ਹੈ ਪਰ ਅੰਦਰੋਂ ਹਵਾਲਾ ਪ੍ਰਾਪਤ ਨਹੀਂ। ਬੁਧਰਾਉ ਬ੍ਰਹਮਣ ਇਸ ਨੂੰ ਕਿਸ ਮੰਤਵ ਲਈ ਕਲਮਬੰਦ ਕੀਤਾ ਇਸ ਪ੍ਰਤੀ ਵੀ ਕੋਈ ਇਤਲਾਹ ਨਹੀਂ ਅਤੇ ਨਕਲ ਦੀ ਸਹੀਹ ਜਾਣਕਾਰੀ ਇਸ ਤੋਂ ਪ੍ਰਾਪਤ ਹੁੰਦੀ ਹੈ। ਪੰਨਿਆਂ ਉਪਰ ਓਮ ਅਤੇ ਓਮ ਨਮਸਤ ਦੇ ਨਾਮ ਕ੍ਰਮਾਂਕ ਵਾਂਗ ਹਨ। ਲੇਖਕ ਨੇ ਪੁਸਤਕ ਦੇ ਮੁਢ ਵਿਚ ਪੈਦਾਇਸ਼ੇ ਆਲਮ ਭਾਵ ਜਗਤ ਉਤਪਤੀ ਬਾਰੇ ਵਿਚਾਰ ਬਿਆਨ ਕੀਤੇ ਹਨ 'ਸਤਜੁਗ, ਤ੍ਰੇਤਾ, ਦਵਾਪਰ ਤੇ ਕਲਜੁਗ ਦੀ ਕਾਲ ਵੰਡ ਤੇ ਸਮਾਂ ਲੰਬਾਈ ਸਾਲਾਂ ਵਿਚ ਅਭਿਵਿਅਕਤ ਕੀਤੀ ਹੈ। ਉਪਰ ਦੇ ਤੱਥ ਨਕਸ਼ਿਆਂ ਜੱਦਵਲਾਂ ਰਾਹੀਂ ਪ੍ਰਗਟਾਏ ਹਨ ਅਤੇ ਸਲੋਕਾਂ ਨੂੰ ਫ਼ਾਰਸੀ ਕਾਵਿ ਬੰਦਾਂ ਵਿਚ ਅਨੁਵਾਦ ਕਰ ਦਿਤਾ ਹੈ। ਇਸ ਵਡ ਆਕਾਰੀ ਰਚਨਾ ਨੂੰ ਕਾਵਿ ਤੇ ਵਾਰਤਕ ਦੋਹਾਂ ਸਾਹਿਤ ਰੂਪਾਂ ਵਿਚ ਲਿਖਿਆ ਹੈ। ਇਸ ਪੋਥੀ ਵਿਚ ਵੇਦਾਂਤ ਤੋਂ ਸੂਚਨਾਵਾਂ ਉਧਰਿਤ ਕਰਕੇ ਉਹਨਾਂ ਦੀ ਵਿਆਖਿਆ ਵੀ ਕੀਤੀ ਗਈ ਹੈ। ਕਈ ਸਿਰਕੱਢ ਬ੍ਰਾਹਮਣਾਂ ਦੀਆਂ ਕਥਾਵਾਂ ਇਸ ਵਿਚ ਸ਼ਾਮਿਲ ਹਨ। ਉਦੰਗ ਬ੍ਰਾਹਮਣ, ਭੁਜਰਾਜ ਬ੍ਰਹਮਣ, ਸਮਾਕ ਬ੍ਰਹਮਣ, ਰਸੂਲ । ਮੂਰਤ ਅਮੂਰਤ ਬ੍ਰਹਮ ਦਾ ਸੰਕਲਪ, ਰਾਜਾ ਜਨਕ ਦੀ ਵਿਥਿਆ ਵੀ ਇਸੇ ਕੜੀ ਦੇ ਅੰਤਰਗਤ ਦਰਜ ਹੋਈ ਹੈ।
ਆਰੰਭ : ਪੈਦਾਇਸ਼ੇ ਆਲਮ ਸਤਜੁਗ, ਤਰੇਤਾ ਜੁਗ, ਦਵਾਪਰ ਜੁਗ ਸਤਜੁਗ ਚੂੰ ਈਨ ਸਤ ਜੁਗਹਾ ਹਜ਼ਾਰ ਬਾਰ ਮੀਗਰਦਹ
ਅੰਤ : ਵ ਈਨ ਇਲਮ ਰਾ ਅਜ਼ ਬ੍ਰਹਮਾ ਰਿਖੀਸ਼ਰਾਨ ਯਾਫ਼ਤਾ ਅੰਦ ਤਾਮ ਸ਼ੁਦ ਬੁਧਰਾਉ ਬ੍ਰਹਮਨ

ਹੱਥ ਲਿਖਤ ਨੰ : MS 1194
ਸ੍ਰੋਤ : ਦਰਜ ਨਹੀਂ
ਸਿਰਲੇਖ : **ਸ੍ਰੀ ਮਦ ਭਗਵਤ ਦਸਮ ਸਕੰਦ (ਹਿੰਦੀ ਮਧਕਾਲੀਨ ਬ੍ਰਿਜ ਭਾਸ਼ਾ)**
ਲਿਖਾਰੀ : ਕਵੀ ਭੂਪਤ
ਸਮਾਂ : 1830 ਈ.

ਰਚਨਾ ਕਾਲ : ਅਗਿਆਤ
ਸਥਾਨ : ਅਗਿਆਤ
ਪੱਤਰੇ : 819
ਚਿੱਤਰ : ਕੋਈ ਨਹੀਂ
ਆਕਾਰ : 22X18 ਸ.ਮ. ਲਿਖਤ : 14X9 ਸ.ਮ. ਸ਼ਿਕਸਤਾ ਤੇ ਨਸਤਾਲੀਕ
ਵੇਰਵਾ : ਮੂਲ ਪਾਠ ਸਿਆਹੀ ਨਾਲ ਲਿਖਿਆ ਹੈ। ਕਾਗ਼ਜ਼ ਕਦੀਮ, ਜ਼ਰਦ ਕਿਰਮ ਖਾਧਾ। ਪੁਸ਼ਤਾ ਬਿਖਰਿਆ। ਇਕਾ ਦੁਕਾ ਸੁਰਖ਼ੀਆਂ ਸੁਰਖ਼। ਪ੍ਰਤੀ ਪੰਨਾ ਔਸਤਨ 14 ਤੋਂ 16 ਸਤਰਾਂ ਦਰਜ ਹਨ। ਦੋ ਕਾਲਮੀ ਇਬਾਰਤ।
ਆਮ ਵੇਰਵਾ : ਵਿਸ਼ੇ ਪਖੋਂ ਇਸ ਵਿਚ **ਸ੍ਰੀ ਮਦ ਭਗਵਤ ਪੁਰਾਣ ਦਾ ਦਸਵਾ ਸਕੰਧ** ਵਰਣਨ ਕੀਤਾ ਗਿਆ ਹੈ। ਲੇਖਕ ਨੇ ਕਬਿੱਤਾਂ ਰਾਹੀਂ ਵਿਸ਼ਾ ਨਿਭਾਇਆ ਹੈ। ਦੋ ਦੋ ਸਤਰਾਂ ਦਾ ਤੁਕਾਂਤ ਮੇਲ ਕੇ ਉਸਨੇ ਅਠ ਅਠ ਸਤਰਾਂ ਪੂਰੀਆਂ ਕੀਤੀਆਂ ਅਤੇ ਹਰ ਅਠ ਤੁਕਾਂ ਬਾਦ ਇਕ ਸਲੋਕ ਜੜ ਦਿਤਾ ਹੈ। ਸਾਰੇ ਗ੍ਰੰਥ ਵਿਚ ਛੰਦ ਕਬਿਤ ਹੀ ਵਰਤਿਆ ਹੈ ਜੋ ਅਜਿਹੇ ਵਿਸ਼ੇ ਨਿਭਾਉਣ ਲਈ ਹਿੰਦੀ ਵਿਚ ਆਮ ਗਾਇਨ ਕਰਨ ਦੇ ਮੰਤਵ ਨਾਲ ਵਰਤਿਆ ਜਾਂਦਾ ਹੈ। ਵਿਸ਼ੇ ਵਿਚ ਵਿਸ਼ਨੂੰ ਭਗਤੀ, ਦੇਵ-ਦਾਨਵ ਸੰਗਰਾਮ ਤੇ ਪ੍ਰੇਮਾ ਅਵਤਾਰ ਦੀਆਂ ਕਥਾਵਾਂ ਵਰਣਿਤ ਹਨ। ਵਿਸ਼ਨੂੰ ਦੇ ਵਖ ਵਖ ਅਵਤਾਰਾਂ ਦਾ ਵਰਣਨ ਕਰਦਿਆਂ ਕਵੀ ਨੇ ਉਹਨਾਂ ਦੀ ਉਪਮਾ ਕੀਤੀ ਹੈ। ਮੁਢ ਵਿਚ ਗਣੇਸ਼ ਸ਼ਾਰਦਾ ਦੀ ਪੂਜਾ ਲੇਖ ਰਾਜ ਕ੍ਰਿਸ਼ਨਦਾਸ ਸਹਸਦਾਸ ਦੇ ਨਾਮ ਮਾਤਰ ਵਰਣਨ ਪਿਛੋਂ ਦਸਮ ਸਕੰਧ ਦੀ ਕਥਾ ਸ਼ੁਰੂ ਕੀਤੀ ਹੈ।
ਆਰੰਭ : ਹਰ ਗਣੇਸ਼ ਸਾਰਦਾ ਓਮਹ ਓਮ ਜਿਨ ਪਰਸ਼ਾਦ ਥੀਂ ਹਰ ਗੁਣ ਗਾਊਂ। ਪਹਿਲੇ ਗੁਰ ਗਣੇਸ਼ ਕੋ ਧਿਆਊਂ। ਹਰੂੰ ਸ੍ਰੀ ਕੋ ਪਾਕ ਗੁਣ ਗਾਊਂ।
ਅੰਤ : ਬਿਨਤੀ ਦੂਜੀ ਜੋਰ ਕਰ ਕੀਰਤ ਸੁਨੋ ਸਭ ਲੋਈ॥ ਪਰਮ ਮੰਤਰ ਸੋਈ ਪੜ੍ਹੋ ਜਾ ਤੈ ਪਾਪ ਨ ਹੋਈ॥

ਹੱਥ ਲਿਖਤ ਨੰ : MS 1196
ਸ੍ਰੋਤ : ਅਗਿਆਤ
ਸਿਰਲੇਖ : **ਡਾਕੂਮੈਂਟ ਲਾਹੌਰ ਦਰਬਾਰ (ਉਰਦੂ)**
ਲਿਖਾਰੀ : ਅਗਿਆਤ
ਸਮਾਂ : ਲਗਪਗ 1848-49 ਈ.
ਰਚਨਾ ਕਾਲ : ਦਰਜ ਨਹੀਂ
ਸਥਾਨ : ਅੰਮ੍ਰਿਤਸਰ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 27X20 ਸ.ਮ. ਲਿਖਤ : 24X17 ਸ.ਮ. ਸ਼ਿਕਸਤਾ
ਵੇਰਵਾ : ਹਾਸ਼ੀਆ ਰਹਿਤ ਇਬਾਰਤ ਸਿਆਹੀ ਨਾਲ ਲਿਖੀ ਕਾਗ਼ਜ਼ ਪੁਰਾਣਾ ਜ਼ਰਦ।
ਆਮ ਵੇਰਵਾ : ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਪਿਛੋਂ 1849 ਈ. ਦੇ ਲਗਪਗ ਲਿਖੀ ਰਚਨਾ ਹੈ।
ੳ) ਚਨਿਓਟ ਸ਼ਹਿਰ ਜ਼ਿਲ੍ਹਾ ਝੰਗ ਖਤਰੀ ਖ਼ਾਨਦਾਨ ਗੰਗੂ ਜਾਗੀਰ ਦਾ ਹਵਾਲਾ। ਉ ਈਸ਼ਰਦਾਸ-ਚਨਿਓਟ ਤੇ ਮੁਲਤਾਨ ਦੇ ਜ਼ਿਮੀਂਦਾਰ ਸੁਲਤਾਨ ਮੁੰਹਮਦ ਦਾ ਦੀਵਾਨ ਸੀ ਉਸਦੀ ਮ੍ਰਿਤੂ ਪਿਛੋਂ ਉਸਦੇ ਪੁਤਰ ਲਾਲਾ ਕਟੂ ਮਲ ਮੁਲਤਾਨ ਦੇ ਹਾਕਮ ਦਾ ਦੀਵਾਨ ਰਿਹਾ ਅਤੇ ਜਾਗੀਰ ਦਾ ਪ੍ਰਬੰਧਕ ਬਣਿਆ ਰਿਹਾ। ਜੋ ਤੇਰ੍ਹਾਂ ਸਾਲ ਤਕ ਨੌਕਰੀ ਕਰਦਾ ਰਿਹਾ। ਉਸਦੀ ਮ੍ਰਿਤੂ ਬਾਅਦ ਰਾਜਾ ਸੰਤੋਖ ਦਾਸ ਲਾਹੌਰੀ ਬਾਰੇ ਜਾਣਕਾਰੀ।

ਅ) ਠੱਟਾ ਵਿਚ ਟੋਡਰ ਮਲ ਦੇ ਪੁਤਰ ਦੀ ਹਿਮਾਇਤ ਵਿਚ ਜੰਗ ਲੜਦਿਆਂ ਕਈ ਮਾਰੇ ਗਏ ਲਾਲਾ ਸਾਗਰ ਮਲ ਜਾਗੀਰਦਾਰ ਬਣਿਆ।

ੲ) 1735 ਸੰਮਤ 1878 ਈ. ਨੂੰ ਪੈਦਾ ਹੋਇਆ ਲਾਲਾ ਖ਼ੁਸ਼ਹਾਲ ਤੇਰ੍ਹਾਂ ਸਾਲ ਤਕ ਜਾਗੀਰਦਾਰ ਰਿਹਾ। ਦਾਰਾ ਸ਼ਿਕੋਹ ਦੇ ਹੁਕਮ ਹੇਠ ਕੰਮ ਕਰਦੇ ਉਹ ਰੁਹਤਾਸ ਕਿਲੇ ਦਾ ਕਿਲ੍ਹੇਦਾਰ ਰਿਹਾ। ਸੰ:1764 ਪੈਦਾ ਹੋਇਆ ਰਾਮ ਸਿੰਘ ਉਸੇ ਜਾਗੀਰ ਦੇ ਲਾਭ ਲੈਂਦਾ ਰਿਹਾ।

ਸ) ਸ੍ਰ. ਆਸਾ ਸਿੰਘ ਪਰਗਨਾ ਵਟਾਲਾ ਵਿਚ ਪੈਂਦੇ ਗੁਰਦਾਸਪੁਰ ਇਲਾਕੇ ਵਿਚ ਨਾਇਬ ਤਹਿਸੀਲਦਾਰ ਬਣਿਆ।

ਹ) ਲਾਰੰਸ ਸਾਹਿਬ ਦਾ ਪਲਟਨ ਨੰਬਰ 16 ਨਾਲ ਅਜਨਾਲੇ ਕਸਬੇ ਜਾਣਾ।

ਕ) ਆਸਾ ਸਿੰਘ ਦੀ ਗੁਰਦੁਆਰਾ ਦਰਬਾਰ ਸਾਹਿਬ ਵਿਚ ਕਥਾ ਕੀਰਤਨ ਤੇ ਸੰਗਮਰਮਰ ਨੱਕਾਸ਼ੀ ਦੀ ਸੇਵਾ

ਆਰੰਭ : ਵ ਚੂਨ ਮੀਰਸਾਲ ਬਜ਼ੁਰਗਾਨ ਬਾਸਤਾਨ ਖ਼ਾਕਾਨ ਚੂਨ ਇਮਾਰਤ

ਅੰਤ : ਬਰਖ਼ੁਰਦਾਰ ਸ਼ਾਮ ਸਿੰਘ ਖ਼ੁਰਦ ਸਾਲ ਹੈ ਬਬਾਇਸ ਮੁਮਾ ਜਾਗੀਰ ਹਜ਼ਾਰ ਵ ਹਮਗੀ ਗੁਜ਼ਾਰਾ ਕੀਆ ਜਾਤਾ ਹੈ।

ਹੱਥ ਲਿਖਤ ਨੰ : MS 1197

ਸ੍ਰੋਤ : ਦਰਜ ਨਹੀਂ

ਸਿਰਲੇਖ : **ਇਨਸ਼ਾਈਆਏ ਸ਼ਾਹੀ ਫ਼ੁਰਮਾਨ (ਫ਼ਾਰਸੀ) (ਅਧੂਰਾ)**

ਲਿਖਾਰੀ : ਦਰਜ ਨਹੀਂ (ਅਗੋਂ ਪਿਛੋਂ ਸਫ਼ੇ ਫਟੇ ਹਨ)

ਸਮਾਂ : ਅਗਿਆਤ

ਰਚਨਾ ਕਾਲ : ਦਰਜ ਨਹੀਂ

ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 14.5X10 ਸ.ਮ. ਲਿਖਤ : 10.5X6.5 ਸ.ਮ. ਨਸਤਾਲੀਕ

ਵੇਰਵਾ : ਸੁਰਖ਼ੀਆਂ ਸੁਰਖ਼। ਮੂਲ ਪਾਠ ਸਿਆਹੀ ਨਾਲ ਲਿਖਿਆ। ਹਵਾਲੇ ਹਾਸ਼ੀਏ ਵਿਚ ਦਿਤੇ ਹੋਏ। ਪ੍ਰਤੀ ਪੰਨਾ 10 ਸਤਰਾਂ ਦਿਤੀਆਂ ਹਨ। ਪੁਸ਼ਤਾ ਬਿਖਰਿਆ। ਕਾਗ਼ਜ਼ ਪੁਰਾਣਾ ਜ਼ਰਦ ਤੇ ਕਿਰਮ ਖਾਧਾ।

ਆਮ ਵੇਰਵਾ : ਲੇਖਕ ਦਾ ਉਦੇਸ਼ ਫ਼ਾਰਸੀ ਜ਼ਬਾਨ ਵਿਚ ਉਸ ਪ੍ਰਕਾਰ ਦੀ ਚਿਠੀ ਲਿਖਣ ਦੀ ਕਲਾ ਤੇ ਸ਼ਾਹੀ ਫ਼ੁਰਮਾਨ ਕਲਮਬੰਦ ਕਰਨਾ ਸਿਖਾਉਣ ਦੀ ਕੋਸ਼ਿਸ਼ ਹੈ। ਚਿਠੀ ਵਸੂਲਣ ਦੀ ਹਾਲਤ ਵਿਚ ਉਸਦੇ ਜਵਾਬ ਵਿਚ ਕਾਰਗੁਜ਼ਾਰੀ ਤੇ ਉਤਮ ਲਿਖਤ ਦੀ ਕਲਾ ਇਸ ਪੁਸਤਕ ਵਿਚ ਲਿਖੀ ਗਈ ਹੈ। ਇਸ ਪ੍ਰਕਾਰ ਲੰਮੀਆਂ ਲੰਮੀਆਂ ਇਬਾਰਤਾਂ ਨੂੰ ਸੰਖਿਪਤ ਕਰਨ ਅਤੇ ਉਪਮਾ ਅਲੰਕਾਰ ਸ਼ਾਹੀ ਡਾਕ ਵਿਚ ਵਰਤਣਾ । ਮੁਹਾਵਰੇਦਾਰ ਬੋਲੀ ਕਲਾ ਇਸ ਹਥ ਲਿਖਤ ਵਿਚ ਸਿਖਾਈ ਗਈ ਹੈ। ਇਸ ਨੂੰ ਕਾਰਜਕਾਰੀ ਫ਼ਾਰਸੀ ਦੀ ਵੰਨਗੀ ਵੀ ਕਿਹਾ ਜਾ ਸਕਦਾ ਹੈ।

ਆਰੰਭ : ਪੁਸ਼ਤਾ ਉਖੜਿਆ ਅਤੇ ਕਿਰਮ ਖਾਧਾ ਹੋਣ ਕਾਰਨ ਪੂਰੀਆਂ ਸਤਰਾਂ ਪ੍ਰਯਾਪਤ ਨਹੀਂ ਜੋ ਪ੍ਰਾਪਤ ਹੈ ਨਿਮਨੁਸਾਰ ਹੈ।

ਵਾ ਵਸ ਕੀ ਕਬਾਰ ਅਬਰਾਰ ਸਤ ਅਜਮੁਲਤਜਾਤ............ਬਾਯਦ ਦਾਨਿਸਤ ਵ ਸਾਹਿਬੇ ਕਜ਼ਾ.....

ਅੰਤ : ਪਿਛਲਾ ਪੰਨਾ ਗੋਂਦ ਨਾਲ ਅਧਾ ਕਰੀਬ ਜੁੜਿਆ ਹੈ। ਮੁਰ ਅਜ਼ ਮੁਤਾਲਿਆਏ ਆਲਾ ਜਨਾਬ ਦਸਤਕਾਰੇ ਖ਼ਵਾਹਦ ਯਾਫ਼ਤ

ਹੱਥ ਲਿਖਤ ਨੰ : MS 1198
ਸ੍ਰੋਤ : ਅਗਿਆਤ
ਸਿਰਲੇਖ : **ਕਵਾਇਦ ਇਸਲਾਮ ਸਲਿਕ ਮਸਊਦੀ (ਫ਼ਾਰਸੀ) ਭਾਗ ਤੀਜਾ**
ਲਿਖਾਰੀ : ਅਗਿਆਤ (ਹੜਤਾਲ ਫੇਰੀ ਹੈ)
ਸਮਾਂ : ਹਿਜਰੀ 1185
ਰਚਨਾ ਕਾਲ : ਬਾਹਰਵੀਂ ਸਦੀ ਹਿਜਰੀ
ਸਥਾਨ : ਅਗਿਆਤ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 19X3 ਸ.ਮ. ਲਿਖਤ : 15X9 ਸ.ਮ. ਨਸਤਾਲੀਕ
ਵੇਰਵਾ : ਮੂਲਪਾਠ ਸਿਆਹੀ ਨਾਲ ਹਾਸ਼ੀਆ ਰਹਿਤ ਪੰਨਿਆਂ ਉਤੇ ਲਿਖਿਆ ਹੈ। ਕਾਗ਼ਜ਼ ਪੁਰਾਣਾ ਜ਼ਰਦ। ਪੁਸ਼ਤਾ ਬਿਖਰਿਆ ਹੋਇਆ। ਸੁਰਖ਼ੀਆਂ ਸੁਰਖ਼। ਪ੍ਰਤੀ ਪੰਨਾ ਔਸਤਨ 23 ਸਤਰਾਂ। ਅਰਬੀ ਹਵਾਲੇ ਤੇ ਫ਼ਾਰਸੀ ਇਬਾਰਤਾਂ ਇਕੋ ਪ੍ਰਕਾਰ ਦੀ ਲਿਪੀ ਵੀ ਦਰਜ ਹਨ ਵਖਰੇ ਵਖਰੇ ਨਹੀਂ ਦਿਖਾਇਆ। ਕਾਗ਼ਜ਼ ਕਿਰਮ ਖਾਧਾ।
ਆਮ ਵੇਰਵਾ : ਕਵਾਇਦੇ ਇਸਲਾਮ ਪੋਥੀ ਦੇ ਇਸ ਭਾਗ ਵਿਚ ਨਮਾਜ਼ ਦੇ ਪਖ ਨੂੰ ਬਹੁਤ ਬਾਰੀਕੀ ਨਾਲ ਵਰਣਨ ਕੀਤਾ ਗਿਆ ਹੈ। ਵਖ ਵਖ ਅਧਿਆਇਆਂ ਵਿਚ ਵੰਡੀ ਇਸ ਕਿਤਾਬ ਵਿਚ ਮਸਹ, ਤਯਮੁਮ, ਸਾਫ਼ ਸਥਾਨ, ਸਾਫ਼ ਕਪੜੇ, ਵਕਤ-ਨਮਾਜ਼ ਕਿਬਲੇ ਦੇ ਪਾਸੇ ਦੀ ਪਛਾਣ, ਨਮਾਜ਼ ਲਈ ਨੀਅਤ ਬੰਨ੍ਹਣ-ਕਿਰਾਤ (ਕੁਰਾਨੀ ਪਾਠੀ) ਆਦਿ ਬਾਰੇ ਜਾਣਕਾਰੀ ਦਿਤੀ ਗਈ ਹੈ। ਨੀਅਤ ਟੁਟਣ ਦੀ ਹਾਲਤ ਵਿਚ ਨਮਾਜ਼ ਦਾ ਖਲਲ ਹੋਣਾ, ਰਕੂਅ, ਸਜਦਾ, ਵਤਰ ਤੇ ਫਿਰ ਸੁੰਨਤਾਂ ਦਾ ਵਰਣਨ ਕੀਤਾ ਗਿਆ ਹੈ। ਅਜ਼ਾਨ, ਝੂਠੀ ਨਮਾਜ਼, ਇਮਾਮਤ, ਸਜਦਾ, ਸਹਵ, ਲਾਹਿਕਾਨਾ ਦੇਣਾ, ਜੁੰਮੇ ਤੇ ਤਰਾਵੀਏ ਦੀ ਨਮਾਜ਼, ਈਦ ਦੀ ਨਮਾਜ਼, ਇਮਾਮਤ, ਮਰੀਜ਼ ਲਈ ਦੁਆ ਤੇ ਨਮਾਜ਼, ਮਈਅਤ ਲਈ ਨਮਾਜ਼, ਖ਼ੌਫ਼ ਤੇ ਇਸਤਸਕਾ ਦੀ ਨਮਾਜ਼, ਮੁਰਦੇ ਨੂੰ ਇਸ਼ਨਾਨ ਕਰਾਣਾ, ਜਨਾਜ਼ੇ ਦੀ ਨਮਾਜ਼ ਅਤੇ ਫੁਟਕਲ ਕਈ ਹੋਰ ਵਿਸ਼ੇ ਵਰਣਨ ਕੀਤੇ ਹਨ। ਆਪਣੇ ਬਿਆਨਾਂ ਦੀ ਪ੍ਰੋੜ੍ਹਤਾ ਵਾਸਤੇ ਲੇਖਕ ਨੇ ਰਾਸ਼ਦੀ ਖ਼ਲੀਫ਼ਿਆਂ, ਮੁੰਹਮਦ ਸਾਹਿਬ ਦੇ ਅਕਵਾਲ, ਕੁਰਾਨ, ਇਸਲਾਮੀ ਤਵਾਰੀਖ਼ੇ ਅਤੇ ਹਦੀਸਾਂ ਦੀ ਖੁੱਲ੍ਹੀ ਵਰਤੋਂ ਕੀਤੀ ਹੈ। ਲੇਖਕ ਨੇ ਇਸਲਾਮੀ ਮਸਲ੍ਹਿਆਂ ਨੂੰ ਬੜੇ ਵੇਰਵੇ ਨਾਲ ਵਰਨਣ ਕੀਤਾ ਹੈ।
ਆਰੰਭ : ਦਫ਼ਤਰ ਸਾਨੀ ਸਲਿਕ ਮਸਊਦੀ ਬਾਬ ਅਵਲ ਦਰ ਬਿਆਨ ਮਸਹ ਮੋਜ਼ਹ ਵ ਆਨ ਮੁਸਤਮਿਲ ਅਸਤ ਬਰ ਚਹਾਰ ਫ਼ਸਲ
ਅੰਤ : ਬਾਤਾਰੀਖ਼ੇ ਹਫ਼ਤਮ ਸ਼ਹਰ ਜ਼ੀਲਹਜ ਰੋਜ਼ੇ ਜੁਮਾ ਬਾਵਕਤੇ ਜ਼ੁਹਾ ਬਾਤਮਾਮ ਰਸੀਦ ਸੰਨ 1185 ਹਿਜਰੀ

ਹੱਥ ਲਿਖਤ ਨੰ : MS 1201
ਸ੍ਰੋਤ : ਦਰਜ ਨਹੀਂ
ਸਿਰਲੇਖ : **ਦਕਾਇਕ ਅਲਅਖ਼ਿਆਰ (ਅਰਬੀ)**
ਲਿਖਾਰੀ : ਦਰਜ ਨਹੀਂ
ਸਮਾਂ : ਦਰਜ ਨਹੀਂ
ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਰਹਿਤ
ਚਿੱਤਰ : ਕੋਈ ਨਹੀਂ
ਆਕਾਰ : 18.5 X 12 ਸ.ਮ. ਲਿਖਤ : 15 X 8 ਸ.ਮ. ਨਸਤਾਲੀਕ ਤੇ ਸ਼ਿਕਸਤਾ
ਜਾਣਕਾਰੀ : ਮੂਲ ਪਾਠ ਸਿਆਹੀ ਨਾਲ। ਸੁਰਖ਼ੀਆਂ ਸੁਰਖ਼। ਕਾਗ਼ਜ਼ ਕਦੀਮ ਕਿਰਮ ਖਾਧਾ। ਪੁਸ਼ਤਾ ਸੁਰਖਿਅਤ ਕੀਤਾ ਗਿਆ। ਪ੍ਰਤੀ ਪੰਨਾ ਔਸਤਨ 13 ਸਤਰਾਂ। ਭਾਸ਼ਾ ਅਰਬੀ ਹੋਣ ਦੇ ਬਾਵਜੂਦ ਵੀ ਐਰਾਬ (ਲਗਾਂ ਮਾਤਰਾਂ) ਦੀ ਵਰਤੋਂ ਨਹੀਂ ਕੀਤੀ ਗਈ। ਖ਼ਾਸ ਖ਼ਾਸ ਨਾਮ ਲਾਲ ਰੰਗ ਨਾਲ ਵਖਰਿਆਏ ਗਏ ਹਨ। ਨੋਟ ਹਵਾਲੇ ਹਾਸ਼ੀਏ ਵਿਚ ਦਰਜ।
ਵਿਸ਼ੇਸ ਜਾਣਕਾਰੀ : ਕੁਰਾਨ ਮਜੀਦ ਅਤੇ ਮੁਹੰਮਦ ਸਾਹਿਬ ਬਾਰੇ ਹਦੀਸਾਂ ਵਿਚੋਂ ਚੋਣਵੇਂ ਵਿਸ਼ਿਆਂ ਦੀ ਵਿਆਖਿਆ। ਤਖ਼ਲੀਕ ਅਰਲਆਲਮ (ਦੁਨੀਆਂ ਰਚਨਾ), ਤਖ਼ਲੀਕ ਅਲਮਲਾਇਕ (ਫ਼ਰਿਸ਼ਤਿਆਂ ਦੀ ਰਚਨਾ), ਮ੍ਰਿਤੂ ਦੀ ਰਚਨਾ- ਤਖ਼ਲੀਕਉਲ ਮੌਤ, ਆਦਿ ਵਿਸ਼ੇ ਨਿਭਾਏ ਗਏ ਹਨ। ਇਸੇ ਪ੍ਰਕਾਰ ਅਗਲੇਰੇ ਅਧਿਆਇ-ਮਲਕੁਲਮੌਤ ਬਾਰੇ ਅਧਿਆਇ, ਰੂਹ, ਨਿਦਾ (Death Bells), ਧਰਤੀ, ਰੂਹ ਦੀ ਆਵਾਜ਼, ਮ੍ਰਿਤੂ ਪਿਛੋਂ ਬਿਪਤਾਵਾਂ, ਸ਼ੈਤਾਨ, ਪੁਲੇਸਿਰਾਤ, ਰੂਹ ਦਾ ਰਸਤਾ, ਮੁਨਕਰ ਤੇ ਨਕੀਰ ਮ੍ਰਿਤੂ ਦੇ ਦੂਤਾਂ, ਸਰੀਰ ਵਿਚੋਂ ਨਿਕਲਣ ਪਿਛੋਂ ਰੂਹ ਦੀ ਹਾਲਤ, ਸੂਰ (ਸ਼ੰਖ) ਦੀ ਆਵਾਜ਼ ਦਾ ਵਰਨਣ, ਸਜ਼ਾਵਾਂ, ਗੁਨਾਹਾਂ, ਬਦਨਾਮੀ ਖ਼ੁਨਾਮੀ, ਮ੍ਰਿਤੂ ਪਿਛੋਂ ਦਿਤੇ ਜਾਣ ਵਾਲੀ ਸਜ਼ਾ ਪੈਮਾਨਾ, ਜਹੱਨਮ, ਜੰਨਤ, ਅਗਨੀ, ਜਿੱਨਾਤ ਆਦਿ ਵਿਸ਼ੇ ਲੇਖਕ ਨੇ ਕੁਰਾਨੋ-ਸੁਨੰਤ ਦੀ ਰੌਸ਼ਨੀ ਵਿਚ ਵਰਣਨ ਕੀਤੇ ਹਨ। ਲੇਖਕ ਉਕਤ ਵਰਣਨਾਂ ਵਿਚ ਇਸਲਾਮੀ ਵਿਚਾਰਧਾਰਾ ਦੇ ਵਿਚ ਹੀ ਸੀਮਿਤ ਰਹਿੰਦਾ ਹੈ ਅਤੇ ਮ੍ਰਿਤੂ ਦੇ ਸੰਕਲਪ ਹੀ ਬਿਆਨ ਕਰਦਾ ਹੈ।
ਆਰੰਭਕਾ : ਕਲਿਮਾਤੇ ਇਫ਼ਤਤਾਹ: ਅਲਹਮਦੁ ਲਿਲਾਹਿ ਰਬੁਲ ਆਲਮੀਨ, ਵ ਅਲਸਲਾਤ ਅਲੈ ਰਸੂਲਹੂ ਮੁਹਮਦਿਨ ਵ ਆਲਾ ਆਜਮਈਨ.....................
ਅੰਤਿਕਾ : ਬਤਨ ਅਲਉਮ ਲਾਹਊਲ ਵ ਲਾ ਤਿਫਤੂਤਹੁਮਾ ਅਜ਼ਰਕ ਅਨਾ ਮਿਨਹਾ ਬਹਰੀਆ......

ਹੱਥ ਲਿਖਤ ਨੰ : MS 1217
ਸ੍ਰੋਤ : H.S, H.S, Asr
ਸਿਰਲੇਖ : **ਔਰੰਗਜ਼ੇਬਨਾਮਾ (ਫ਼ਾਰਸੀ)**
ਲਿਖਾਰੀ : ਨਾਮ ਦਰਜ ਨਹੀਂ ਸਰਪ੍ਰਸਤ: ਨਵਾਬ ਮੁਹੰਮਦ ਸਰਫ਼ਿਰਾਜ਼ ਖ਼ਾਨ
ਸਮਾਂ : ਦਰਜ ਨਹੀਂ
ਰਚਨਾ ਕਾਲ : ਹਿਜਰੀ 1237
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 28 X 19 ਸ.ਮ. ਲਿਖਤ : 19 X 11 ਸ.ਮ. ਨਸਤਾਲੀਕ
ਜਾਣਕਾਰੀ : ਕਾਗ਼ਜ਼ ਕਦੀਮ ਜ਼ਰਦ। ਮੁਢਲੇ ਸਫ਼ੇ ਫਟੇ ਤੇ ਪੁਸ਼ਤਾ ਬਿਖਰਿਆ। ਕਿਰਮ ਖਾਧੀ ਹਾਲਤ। ਮੂਲ ਪਾਠ ਸਿਆਹ। ਸੁਰਖ਼ੀਆਂ ਸੁਰਖ਼। ਪ੍ਰਤੀ ਪੰਨਾ ਔਸਤਨ 20 ਸਤਰਾਂ। ਹਵਾਲੇ ਹਾਸ਼ੀਏ ਵਿਚ ਦਰਜ। ਸਾਹਿਤ ਰੂਪ ਵਾਰਤਕ ਤੇ ਕਵਿਤਾ ਰਲੀ ਮਿਲੀ। ਅਰਬੀ ਹਵਾਲਿਆਂ ਨੂੰ ਵਿਸ਼ੇਸ਼ ਭਾਂਤ ਵਖਰੇ ਨਹੀਂ ਦਰਸਾਇਆ। ਖ਼ਾਸ ਖ਼ਾਸ ਨਾਮ ਸੁਰਖ਼।
ਵਿਸ਼ੇਸ ਜਾਣਕਾਰੀ : ਹਥਲਿਖਤ ਦੇ ਪਹਿਲੇ ਪੰਨੇ ਫਟੇ ਹਨ ਪੜ੍ਹਨਜੋਗ ਮੂਲਪਾਠ ਵਿਚ ਔਰੰਗਜ਼ੇਬ ਦੇ ਜੀਵਨ ਹਾਲਾਤ ਹਿਜਰੀ 1056 ਤੋਂ ਸ਼ੁਰੂ ਹਨ। ਲਿਖਣ ਸ਼ੈਲੀ ਪ੍ਰੰਪਰਾਇਕ ਹੈ। ਨਵਾਬ ਸਰਫ਼ਿਰਾਜ਼ ਖ਼ਾਨ ਨੇ ਕਿਸੇ ਲੇਖਕ ਦੀ ਸਰਪ੍ਰਸਤੀ ਕੀਤੀ ਤੇ ਉਸਤੋਂ ਇਹ ਪੋਥੀ ਲਿਖਵਾਈ। ਵਿਸ਼ਿਆਂ ਵਿਚ ਨਜ਼ਰ ਮੁੰਹਮਦ

ਖ਼ਾਨ ਦਾ ਔਰੰਗਜ਼ੇਬ ਪਾਸ ਪਨਾਹ ਲੈਣ ਆਉਣਾ, ਬਾਦਸ਼ਾਹ ਦਾ ਲਾਹੌਰ ਤੋਂ ਅਕਬਰਾਬਾਦ ਰਾਜਧਾਨੀ ਵਲ ਜਾਣਾ। ਅਕਬਰਾਬਾਦ ਤੋਂ ਸ਼ਾਹਜਹਾਨਾਬਾਦ ਜਾਣਾ। ਸਈਅਦ ਮੁੰਹਮਦ ਬੁਖ਼ਾਰੀ ਮੁਰਤਜ਼ਾ ਨਾਲ ਮੇਲ, ਔਰੰਗਜ਼ੇਬ ਦਾ ਸੁਭਾਵ ਤੇ ਖ਼ੂਬੀਆਂ, ਸ਼ੇਖ਼ ਬਿਲਾਵਲ ਕਾਦਰੀ ਨਾਲ ਮੁਲਾਕਾਤ, ਮੌਲਾਨਾ ਮੁਹਬਤ ਅਲੀ, ਖ਼ਵਾਜਾ ਖ਼ਾਵੰਦ ਮਹਮੂਦ, ਮੁਲਾਂ ਸ਼ਾਹ ਨਾਲ ਮੇਲ ਜੋਲ, ਗਦੀ ਨਸ਼ੀਨੀ ਦਿਵਸ ਸਮਾਰੋਹ(ਦੂਜਾ), 23 ਵਾਂ ਜਲੂਸ, ਨਵਰੋਜ਼ ਸਮਾਰੋਹ ਮਨਾਉਣਾ, ਕਸ਼ਮੀਰ ਪ੍ਰਤੀ ਕਾਰਗੁਜ਼ਾਰੀ ਤੇ ਸਫ਼ਰ, ਕਸ਼ਮੀਰ ਤੋਂ ਲਾਹੌਰ ਵਾਪਸੀ ਹਾਜੀ ਅਹਿਮਦ ਸਈਅਦ ਨੂੰ ਰੋਮ ਦੀ ਸਫ਼ਾਰਤ ਲਈ ਨਿਯੁਕਤ ਕਰਨਾ, ਸਾਅਦੁਲਾ ਖ਼ਾਨ ਨੂੰ ਕੰਧਾਰ ਫ਼ਤਹਿ ਲਈ ਭੇਜਣਾ, ਸਾਮਿਅਕ ਇਸਲਾਮੀ ਵਿਦਵਾਨਾਂ ਦੇ ਹਾਲਾਤ, ਮੁੱਲਾ ਨਿਸਬਤੀ ਥਾਨੇਸਰੀ ਮੁਲਾ ਹਸਨ ਫ਼ਾਨੀ ਕਸ਼ਮੀਰੀ, ਮੁੰਹਮਦ ਅਲੀ ਮਾਹਿਰ, ਹਸਨ ਫ਼ਰੋਸ਼ੀ ਕਸ਼ਮੀਰੀ, ਮੁੱਲਾਂ ਜਾਮੀ ਲਾਹੌਰੀ, ਚੰਦਰ ਭਾਨ ਬ੍ਰਹਮਣ ਆਦਿ ਕਵੀਆਂ ਤੋਂ ਇਲਾਵਾ ਸਾਮਿਅਕ ਫ਼ਾਰਸੀ ਨਸਰ ਨਵੀਸ (ਵਾਰਤਕ ਲੇਖਕ) ਮਿਰਜ਼ਾ ਜਲਾਲਪੁਰੀ, ਅਲਾਮਾ ਅਫ਼ਜ਼ਲਖ਼ਾਨ, ਮੁੱਲਾ ਅਬਦੁਲ ਲਤੀਫ਼ ਗੁਜਰਾਤੀ, ਅਬਦੁਲ ਹਮੀਦ ਲਾਹੌਰੀ, ਮੁੰਹਮਦ ਵਾਰਿਸ, ਮਿਰਜ਼ਾ ਆਮਿਨਾ, ਸ਼ੇਖ਼ ਅਨਾਇਤੁਲਾ, ਮੁਲਾ ਮਹਮੂਦ ਜੌਨਪੁਰੀ, ਮੀਰ, ਹਕੀਮ ਹਾਦਿਕ। ਖ਼ੁਸ਼ਨਵੀਸ ਮਾਹਿਰਾਂ ਵਿਚੋਂ ਮੁੰਹਮਦ ਮੁਰਾਦ ਕਸ਼ਮੀਰੀ, ਆਕਾ ਰਸ਼ੀਦਾ, ਮੀਰ ਮੁੰਹਮਦ ਸਾਲਹਿ ਸ਼ੇਖ਼ ਸਾਦਿਕ ਬੁਰਹਾਨਪੁਰੀ, ਖ਼ਵਾਜਾ ਬਹਾਰੀ, ਸ਼ੇਖ਼ ਅਨਾਇਤੁਲਾ ਕਾਬਲੀ ਦੇ ਹਾਲਾਤ ਦਰਜ ਹਨ। ਆਲਮਾਂ ਫ਼ਾਜ਼ਲਾਂ ਵਿਦਵਾਨਾਂ ਵਿਚੋਂ- ਮੌਲਾਨਾ ਅਬਦੁਲ ਹਕ ਦਿਹਲਵੀ, ਮੌਲਾਨਾ ਸ਼ੁਕਰਅਲਾ ਸ਼ੀਰਾਜ਼ੀ, ਅਲਾਮਾ ਸਾਅਦੁਲਾ ਖਾਨ, ਫ਼ਾਜ਼ਿਲਖ਼ਾਨ, ਦਾਨਿਸ਼ਮੰਦ ਖ਼ਾਨ, ਮੌਲਾਨਾ ਮੁੰਹਮਦ ਫ਼ਾਜ਼ਲ ਬਦਖ਼ਸ਼ੀ, ਮੌਲਾਨਾ ਅਬਦੁਲ ਲਤੀਫ਼, ਮੌਲਾਨਾ ਮਹਮੂਦ ਮੌਲਾਨਾ ਮੁੰਹਮਦ ਯਾਕੂਬ ਲਾਹੌਰੀ ਦੇ ਨਾਮ ਤੇ ਸੰਖਿਪਤ ਹਾਲ ਦਰਜ ਹਨ। ਇਸ ਵਿਚ ਸਾਮਿਅਕ ਮਾਹਿਰ ਹਕੀਮਾਂ, ਡਾਕਟਰਾਂ ਤੇ ਜਰੱਾਹਾਂ ਦੀ ਜਾਣਕਾਰੀ ਵੀ ਦਰਜ ਹੈ- ਹਕੀਮ ਸਦਰਾ ਬਿਨ ਹਕੀਮ ਫ਼ਖ਼ਰੁਦੀਨ ਮੁਹੰਮਦ ਸ਼ੀਰਾਜ਼ੀ, ਹਕੀਮ ਅਬੂਕਾਸਿਮ (ਹਕੀਮੁਲ ਮੁਲਕ) ਹਕੀਮ ਮੋਮਨਾ ਸ਼ੀਰਾਜ਼ੀ, ਫ਼ਤਹਿਅਲਹ ਸ਼ੀਰਾਜ਼ੀ, ਇਲਮੁਦੀਨ ਬਾਰੇ ਸੰਖੇਪ ਵਰਣਨ ਹੈ। ਲੇਖਕ ਨੇ ਕੈਲੰਡਰ ਹਿਜਰੀ ਘਟ ਅਤੇ ਜਲੂਸ ਸਾਲ ਵਧੇਰੇ ਵਰਤਿਆ ਹੈ। ਸਾਮਿਅਕ ਹਾਲਾਤ ਦੇ ਵਰਣਨ ਕਾਰਨ ਇਹ ਹਥਲਿਖਤ ਮਹਤਵਪੂਰਨ ਹੈ।

ਆਰੰਭਕਾ : (ਫੱਟੇ ਪੰਨੇ) ਰੋਜ਼ੇ ਪੰਜਸ਼ੰਬਾ ਆਗਾਜ਼ ਸਾਲ ਬੀਸਤ ਓ- ਯਕਮ ਅਜ਼ ਜਲੂਸ ਮਾਨੂਸ

ਅੰਤਿਕਾ : ਸੁਬਹਾਨ ਰਬੁਕਾ ਰਬੁਲ ਇਜ਼ਤ ਅਮਾ ਯਸਫ਼ੂਨਾ ਵ ਸਲਾਮ ਅਲੈਇ ਮੁਰਸਲੀਨ, ਵ ਅਲਹਮਦ ਲਿਲਾਹਿ............ਅਲਰਬੁਲਆਲਮੀਨਾ

ਹੱਥ ਲਿਖਤ ਨੰ : MS 1219

ਸ੍ਰੋਤ : H.S, H.S, Asr

ਸਿਰਲੇਖ : **ਸਮੱਗਰੀ ਕਿਸ਼ਨ ਚੰਦ (ਫ਼ਾਰਸੀ)**

ਲਿਖਾਰੀ : ਕਿਸ਼ਨ ਚੰਦ ਵਲਦ ਲਾਜਪਤ ਰਾਮ

ਸਮਾਂ : 1914 ਈ.

ਰਚਨਾ ਕਾਲ : ਦਰਜ ਨਹੀਂ

ਸਥਾਨ : ਅੰਮ੍ਰਿਤਸਰ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 32 X 20 ਸ.ਮ. ਲਿਖਤ : 30 X 16 ਸ.ਮ. ਸ਼ਿਕਸਤਾ

ਵੇਰਵਾ : ਸ਼ਿਕਸਤਾ ਫ਼ਾਰਸੀ ਵਿਚ ਰਚਿਤ ਹਥਲਿਖਤ ਦਾ ਕਾਗਜ਼ ਕਦੀਮ ਜ਼ਰਦ। ਪੁਸ਼ਤਾ ਬਿਖਰਿਆ ਕਿਰਮ ਖਾਧਾ। ਮੂਲਪਾਠ ਸਿਆਹੀ ਨਾਲ ਤੇ ਕਿਤੇ ਕਿਤੇ ਸੁਰਖ਼ੀਆਂ ਹਨ ਜੋ ਸੁਰਖ਼ ਹਨ। ਲੇਖਕ ਨੇ ਜੋ

ਹਿਕਮਤ ਕਿੱਤੇ ਦਾ ਸੰਬੰਧਤ ਹੈ ਪੁਸਤਕ ਦੇ ਹਾਸ਼ੀਏ ਵਿਚ ਵੀ ਦਵਾਈਆਂ ਦੇ ਨੁਸਖ਼ੇ, ਮੂਲ ਦਾ ਅਨੁਵਾਦ, ਫ਼ਾਰਸੀ ਸ਼ਿਅਰ ਅਤੇ ਨਜੂਮ ਦੇ ਸੂਤਰ ਦਰਜ ਕੀਤੇ ਹਨ। ਪ੍ਰਤੀ ਪੰਨਾ ਸਤਰਾਂ ਇਕਸਾਰ ਨਹੀਂ।

ਆਮ ਵੇਰਵਾ : ਹਥਲਿਖਤ ਦੀ ਅੰਦਰੂਨੀ ਗਵਾਹੀ ਸਿਧ ਕਰਦੀ ਹੈ ਕਿ ਇਹ ਹਕੀਮ ਕਿਸ਼ਨ ਚੰਦ ਮੂਲਵਾਸੀ ਕਸਬੇ ਰਮਦਾਸ ਦੀ ਲਿਖਤ ਹੈ। ਇਸ ਲਿਖਤ ਤੋਂ ਉ) ਨਜੂਮ, ਅ) ਮੁਗ਼ਲੀਆ ਹਾਕਮਾਂ ਦੀ ਖ਼ਤੋ ਕਿਤਾਬਤ ਫ਼ਰਮਾਨ ਆਦਿ ਅਤੇ ੲ) ਤਿਬੀ ਨੁਸਖ਼ੇ ਆਦਿ ਵਿਸ਼ੇ ਪ੍ਰਯਾਪਤ ਹਨ। ਲੇਖਕ ਦੇਸੀ ਦਵਾਈਆਂ ਅਤੇ ਇਲਾਜ ਮੁਆਲਿਜੇ ਦਾ ਮਾਹਿਰ ਸੀ। ਇਸ ਤੋਂ ਇਲਾਵਾ ਉਹ ਹਿੰਦੁਸਤਾਨ ਦੇ ਇਲਮ (ਜਾਫ਼ਰੀ ਇਲਮ) ਦਾ ਵੀ ਮਾਹਿਰ ਸੀ। ਇਸੇ ਪੋਥੀ ਵਿਚ ਉਸਨੇ ਹਰਫ਼ ਤੇ ਉਹਨਾਂ ਦੇ ਅੰਕੜਾ ਮੁਲ ਦਰਜ ਕੀਤੇ ਹਨ ਜੋ ਜੋਤਸ਼ ਤੇ ਇਲਮੇ ਜਾਫ਼ਰ ਦਾ ਮੂਲ ਆਧਾਰ ਹਨ। ਇਵੇਂ ਹੀ ਉਸਨੇ ਫ਼ਾਲਨਾਮਾ ਵੀ ਨਕਲ ਕੀਤਾ ਹੈ ਜਿਸ ਵਿਚ ਅਰਬੀ ਅੰਕੜੇ ਦਰਜ ਹਨ। ਭਾਵ ਉਸਦੇ ਜੋਤਿਸ਼ ਗਿਆਨ ਦਾ ਆਧਾਰ ਸੰਸਕ੍ਰਿਤ ਗ੍ਰੰਥਾਂ ਦੀ ਬਜਾਏ ਅਰਬੀ ਅਦਬ ਹੈ।

ਹਿਕਮਤ/ਤਿਬੀ ਇਲਮ

ਇਲਮੇ ਤਿਬ ਨੂੰ ਕਈ ਅਧਿਆਇਆਂ ਵਿਚ ਵੰਡਿਆ ਹੈ ਤੇ ਅਧਿਆਇ ਛੋਟੇ ਛੋਟੇ ਹਨ। ਇਹਨਾਂ ਵਿਚ ਸਿਰਦਰਦ, ਜ਼ੁਕਾਮ, ਨਜ਼ਲਾ, ਲੂੰ ਕੰਡੇ, ਦੀਵਾਨਗੀ, ਪਾਗਲਪਨ, ਮਾਖ਼ੂਲੀਆ, ਦੰਦਾਂ ਦੇ ਦਰਦ, ਦੰਦਾਂ ਦੀ ਇਨਫੈਕਸ਼ਨ, ਬੁਖ਼ਾਰ ਉਹਨਾਂ ਦੀ ਪਛਾਣਾ ਦੇ ਆਧਾਰ, ਪੰਡੂ ਰੋਗ, ਜਿਗਰ ਰੋਗ, ਰਕਤ ਪਿਤ, ਨਾਰੀ ਸਤਨ ਰੋਗ, ਲੂਤ, ਸੁਰਤਾਨ, ਦਮਾ, ਅਗਨ ਜਲਨ, ਇਮਸਾਕ ਹਮਲ ਡਿਗ ਜਾਣ ਤੇ ਇਲਾਜ ਆਬਲਾ ਜ਼ੁਹਰ, ਹਮਲ ਪ੍ਰਾਪਤੀ ਲਈ ਇਲਾਜ, ਜ਼ਹਿਰ ਤੋਂ ਬਚਾਵ ਲਈ ਦਵਾਈਆਂ, ਬਿੱਛੂ ਡੰਗ ਦਾ ਇਲਾਜ, ਕੁੱਤੇ ਦੇ ਕਟਣ, ਕਬੂਤਰਾਂ, ਬਾਜ਼ਾਂ ਸ਼ਿਕਰਿਆਂ ਦੇ ਇਲਾਜ, ਪੇਸ਼ਾਬ ਰੋਗ, ਔਰਤਾਂ ਦੀ ਪੀੜਾ ਦਾ ਇਲਾਜ ਆਦਿ ਦਵਾਈਆਂ ਸਮੇਤ ਦਰਜ ਹਨ। ਦਵਾਈਆਂ ਤਿਆਰ ਕਰਨ ਲਈ ਵਜ਼ਨ ਦੇ ਪੈਮਾਨੇ, ਦਾਂਗ, ਦਾਮ, ਮਿਸ਼ਕਾਲ ਆਦਿ ਦਿਤੇ ਹਨ ਜੋ ਵਰਤਮਾਨ ਯੁਗ ਦੇ ਸੰਦਰਭ ਵਿਚ ਪ੍ਰਾਪਤ ਨਹੀਂ।

ਇਤਿਹਾਸਿਕ ਸਾਮੱਗਰੀ ੳ. ਨਵਾਬ ਸਾਅਦੁਲਾ ਖ਼ਾਨ ਦੇ ਸ਼ਾਹਜਹਾਨਾਬਾਦ ਦੀ ਇਮਾਰਤ ਕਲਾ ਬਾਰੇ ਵਿਚਾਰ ਅ. ਅਕਬਰ ਬਾਦਸ਼ਾਹ ਦਾ ਸ਼ਾਹਜ਼ਾਦਾ ਮੁਰਾਦ ਦੇ ਨਾਮ ਫ਼ਰਮਾਨ ੲ. ਹਕੀਮ ਖ਼ਾਕਾਨੀ ਦਾ ਸ਼ਰਵਾਨ ਇਲਾਕੇ ਦੇ ਲੋਕਾਂ ਨੂੰ ਭੇਜਿਆ ਰੁੱਕਾ ਸ. ਹਕੀਮ ਸਨਾਈ ਦੇ ਵਿਚਾਰ ਹ. ਜਲਾਲੁਦੀਨ ਸ਼ਾਹ ਸ਼ੁਜਾਅ ਦਾ ਰੁੱਕਾ ਕ. ਮੀਰ ਅਲੀ ਸ਼ੇਰ ਦਾ ਹੁਸੈਨ ਮਿਰਜ਼ਾ ਸੁਲਤਾਨ ਦੇ ਨਾਮ ਖ਼ਤ ਖ. ਹਮਾਯੂੰ ਦਾ ਸ਼ਾਹ ਅੱਬਾਸ (ਤਹਿਮਾਸਪ) ਦੇ ਨਾਮ ਰੁੱਕਾ ਗ. ਸ਼ਾਹ ਤਹਿਮਾਸਪ ਦਾ ਜਵਾਬ ਘ. ਅਕਬਰ ਬਾਦਸ਼ਾਹ ਦਾ ਮਿਰਜ਼ਾ ਅਜ਼ੀਜ਼ ਕੋਕਾ ਦੇ ਨਾਮ ਖ਼ਤ ਙ. ਖ਼ਤ ਘ ਦਾ ਜਵਾਬ ਚ. ਸ਼ਾਹ ਸਲੀਮ ਦਾ ਨਵਾਬ ਅਸ਼ਰਫ਼ ਅਲੀ ਸ਼ਾਹ ਨੂੰ ਖ਼ਤ ਛ. ਸ਼ਹਜ਼ਾਦਾ ਦਾਨੀਆਲ ਦੀ ਬੇਨਤੀ ਜ. ਸ਼ਹਜ਼ਾਦਾ ਦਾਨੀਆਲ ਦੇ ਫ਼ਰਮਾਨ ਦੀ ਨਕਲ ਝ. ਦਾਨੀਆਲ ਦਾ ਸ਼ਾਹ ਅਬਾਸ ਨੂੰ ਭੇਜਿਆ ਖ਼ਤ ਞ. ਖ਼ਾਨਖ਼ਾਨਾ ਦੇ ਮੁਲਾਂ ਹਯਾਤੀ ਨੂੰ ਖ਼ਤ ਅਤੇ ਉਸਦਾ ਵਾਪਸੀ ਜਵਾਬ ਟ. ਖ਼ਾਨਖ਼ਾਨਾ ਦੇ ਉਰੁਫ਼ੀ (ਫ਼ਾਰਸੀ ਕਵੀ) ਦੇ ਨਾਮ ਖ਼ਤ ਤੇ ਉਸਦਾ ਉਤਰ ਠ ਕਲੀਜ ਖ਼ਾਨ ਤੇ ਖ਼ਾਨਖ਼ਾਨਾ ਦੀ ਖ਼ਤੋ ਕਿਤਾਬਤ, ਢ. ਖ਼ਾਨਖ਼ਾਨਾ ਤੇ ਆਸਿਫ਼ ਖ਼ਾਨ ਦੀ ਚਿਠੀ ਚਪਠੀ ਣ. ਹਕੀਮ ਅਬੁਲ ਫ਼ਤਹਿ ਤੇ ਆਸਿਫ਼ਖ਼ਾਨ ਦੀ ਖ਼ਤੋ ਕਿਤਾਬਤ ਤ. ਮੁੱਲਾ ਜ਼ਹੂਰੀ (ਕਵੀ) ਅਤੇ ਸ਼ੇਖ਼ ਫ਼ੈਜ਼ੀ (ਕਵੀ) ਦਾ ਚਿਠੀ ਪਤਰ ਆਦਿ ਆਦਿ ਲੇਖਕ ਨੇ ਭਾਰਤੀ ਤੇ ਇਰਾਨੀ ਇਤਿਹਾਸਿਕ ਵਿਅਕਤੀਆਂ ਦੇ ਨਾਮ ਲੈ ਕੇ ਖ਼ਤੋ ਕਿਤਾਬਤ ਆਪ ਬਣਾਈ ਹੈ। ਇਸ ਬਣਤਰ ਤੇ ਘਟਨਾ ਬੁਣਤਰ ਵਿਚ ਇਤਿਹਾਸਕ ਘਟਨਾ ਨੂੰ ਸਾਹਮਣੇ ਰਖਕੇ ਇਬਾਰਤ ਉਸਾਰੀ ਹੈ ਅਤੇ ਇਹਨਾਂ ਫ਼ਰਮਾਨਾਂ, ਚਿਠੀਆਂ, ਖ਼ਤਾਂ ਤੇ ਰੁਕਿਆਂ ਦੀ ਇਤਿਹਾਸਿਕ ਮੁਲ ਕੇਵਲ ਏਨਾਂ ਹੈ ਕਿ ਇਹ ਘਟਨਾਵਾਂ ਨੂੰ ਯਾਦ ਕਰਵਾਉਂਦੇ ਹਨ। ਭਾਵੇਂ ਇਹ ਦਸਤਾਵੇਜ਼ਾਂ ਦੇ ਤੌਰ ਉਤੇ ਇਤਿਹਾਸਿਕ ਘਟਨਾ ਕ੍ਰਮ ਦਾ ਨਾ ਤਾਂ ਪ੍ਰਥਮ ਤੇ ਨਾਹੀਂ ਗੌਣ ਪ੍ਰਮਾਣ ਬਣਦੇ ਹਨ ਪਰ ਇਤਿਹਾਸ ਯਾਦ ਕਰਨ ਦਾ

ਵਸੀਲਾ ਆਵੱਸ਼ ਬਣਦੇ ਹਨ। ਲੇਖਕ ਨੇ ਭਾਸ਼ਾ ਦੀ ਚਾਸ਼ਨੀ ਵਿਚ ਘਟਨਾਵਾਂ ਨੂੰ ਲਬੇੜ ਕੇ ਇਸੇ ਆਸ਼ੇ ਨਾਲ ਕਲਮਬੰਦ ਕੀਤਾ ਹੈ।

ਇਸ ਹਥਲਿਖਤ ਵਿਚ ਹਕੀਮ ਜੀ ਨੇ ਅਬਜਦ ਅਨੁਸਾਰ (Alphabetically) ਵੈਦਾ ਹਕੀਮਾਂ ਤਬੀਬਾਂ ਦੇ ਵਰਤੀਆਂ ਜਾਣ ਵਾਲੀਆਂ ਵਸਤਾਂ ਜਵਾਇਣ, ਧਨੀਆਂ ਪੁਦੀਨਾ, ਸ਼ਿਗਰਫ਼, ਦਾਰਚੀਨੀ ਆਦਿ ਨੂੰ ਫ਼ਾਰਸੀ ਨਾਮਾਂ ਤੋਂ ਹਿੰਦੀ ਵਿਚ ਅਨੁਵਾਦਿਤ ਵੀ ਕੀਤਾ ਹੈ। ਇਹਨਾਂ ਵਥਾਂ ਦੀ ਲੰਮੀ ਚੌੜੀ ਲਿਸਟ ਉਸਨੇ ਬਣਾਕੇ ਪੋਥੀ ਦੇ ਮੁਢ ਵਿਚ ਹੀ ਦਰਜ ਕਰ ਦਿਤੀ ਹੈ।

ਆਰੰਭਕਾ : ਜੱਦਵਲ ਹਫ਼ਤੇ ਦਿਨ ਅਤੇ ਨਜ਼ੂਲ ਯਕ ਸ਼ੰਬਾ ਉਦਯ ਦੋ ਸ਼ੰਬਾ ਅੰਬਰਤ ਸੈ ਸ਼ੰਬਾ ਰੋਗ ਚਾਰ ਸ਼ੰਬਾ ਲਾਭ..................

ਅੰਤਿਕਾ : ਵ ਦਰ ਊ ਦਾਰਦ ਕੂਰ ਕੁਨਦ ਬਰਾਈਅਸ਼ ਮਰਮਰ ਸਫ਼ੇਦ ਗਸ਼ਤਾ ਆਯਦ

ਹੱਥ ਲਿਖਤ ਨੰ : MS 1221
ਸ੍ਰੋਤ : H.S, H.S, Asr
ਸਿਰਲੇਖ : **ਨਵਰਤਨ ਤਾਰੀਖ਼ੀ ਅਫ਼ਸਾਨੇ (ਉਰਦੂ)**
ਲਿਖਾਰੀ : ਨਿਵਾਜ਼ਿਸ਼ ਅਲੀ ਖ਼ਾਨ ਜ਼ਬਤ
ਸਮਾਂ : ਦਰਜ ਨਹੀਂ
ਰਚਨਾ ਕਾਲ : ਬਿਕਰਮੀ 1906 ਸੰਮਤ 1265 ਹਿਜਰੀ
ਸਥਾਨ : ਬਿੰਦਰਾਬਨ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 19 X 14 ਸ.ਮ. ਲਿਖਤ : 16 X 10 ਸ.ਮ. ਨਸਤਾਲੀਕ
ਜਾਣਕਾਰੀ : ਮੂਲ ਪਾਠ ਸਿਆਹ। ਸੁਰਖ਼ੀਆਂ ਸੁਰਖ਼। ਪੁਸ਼ਤਾ ਬਿਖਰਿਆ। ਕਾਗ਼ਜ਼ ਕਦੀਮ ਜ਼ਰਦ। ਪ੍ਰਤੀ ਪੰਨਾ ਔਸਤਨ 15 ਸਤਰਾਂ ਕਾਗ਼ਜ਼ ਕਿਰਮ ਖਾਧਾ।
ਵਿਸ਼ੇਸ ਜਾਣਕਾਰੀ : ਪੁਸਤਕ ਦਾ ਵਿਸ਼ਾ ਹਲਕਾ ਫੁਲਕਾ ਸਾਹਿਤ ਇਨਸ਼ਾਈਆ ਪਰਦਾਜ਼ੀ ਹੈ। ਇਸ ਵਿਚ ਔਰਤਾਂ ਮਰਦਾਂ, ਬਾਦਸ਼ਾਹਾਂ, ਕਨੀਜ਼ਾਂ-ਬੇਗਮਾਂ ਦੇ ਠੱਠੇ ਮਜ਼ਾਕ, ਮੁਹਬਤ ਦੀਆਂ ਕਥਾਵਾਂ। ਸ਼ਾਹਾਂ ਤੇ ਫ਼ਕੀਰਾਂ ਦੀ ਚੁੰਝ ਚਰਚਾ- ਮੂਰਖ ਲੋਕਾਂ ਦੀਆਂ ਨਕਲਾਂ। ਅਮਲੀਆਂ ਦੇ ਲਤੀਫ਼ੇ। ਚੁਗ਼ਲਾਂ ਤੇ ਈਰਖਾਲੂਆਂ ਦੇ ਕਲੇਸ਼। ਦਾਨਿਆਂ ਦੀਆਂ ਹਦਾਇਤਾਂ ਆਦਿ ਦਰਜ ਹਨ। ਲੇਖਕ ਨੇ ਕਾਵਿ ਤੇ ਵਾਰਤਕ ਦੋਹਾਂ ਸਾਹਿਤ ਰੂਪਾਂ ਤੋ ਕੰਮ ਸਿਧੀ ਪ੍ਰਾਪਤ ਕੀਤੀ ਹੈ। ਮਸਨਵੀ, ਨਜ਼ਮ, ਕੌਲ, ਅਕਵਾਲ, ਬੈਂਤ, ਗੀਤ, ਦੋਹਰਾ, ਕਿੱਤਾ ਆਦਿ ਸਾਹਿਤ ਰੂਪਾਂ ਤੋਂ ਵਿਸ਼ੇਸ਼ ਤੌਰ ਉਤੇ ਲਾਭ ਲਿਆ ਹੈ। ਤਨਜ਼ੀਆ ਮਜ਼ਾਹ ਇਸ ਪੁਸਤਕ ਦਾ ਖ਼ਾਸ ਖ਼ਾਸਾ ਹੈ।
ਆਰੰਭ : ਕਲਮਾਏ ਇਫ਼ਤਤਾਹ: ਹਮਦੋ ਸਪਾਸ ਬੇ ਨਿਆਇਤ ਔਰ ਸਨਾਏ ਬੇਕਿਆਸ ਵ ਬੇ ਗ਼ਾਇਤ ਵ ਵਸਨੇ ਜਨਾਬ
ਅੰਤਿਕਾ : ਰੋਜ਼ੇ ਪੰਜ ਸ਼ੰਬਾ ਮੁਤਾਬਿਕ ਜੇਠ ਇਕਾਦਸ਼ੀ ਸੰਮਤ 1906 ਵਕਤੇ ਦੋ ਪਹਿਰ ਕਸਬਾਏ ਬਿੰਦਰਾ ਬਨ

ਹੱਥ ਲਿਖਤ ਨੰ : MS 1222
ਸ੍ਰੋਤ : H.S, H.S, Asr
ਸਿਰਲੇਖ : **ਰਾਮਾਇਣ (ਹਿੰਦੀ / ਫ਼ਾਰਸੀ)**
ਲਿਖਾਰੀ : ਓਮ ਸਿੰਘ
ਸਮਾਂ : ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 21 X 10.5 ਸ.ਮ. ਲਿਖਤ: 18 X 7 ਸ.ਮ. ਸ਼ਿਕਸਤਾ
ਜਾਣਕਾਰੀ : ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਉਖੜਿਆ। ਕਿਰਮ ਖਾਧਾ; ਪ੍ਰਤੀ ਪੰਨਾ ਔਸਤਨ 14 ਸਤਰਾਂ। ਮੂਲ ਪਾਠ ਸਿਆਹ। ਸੁਰਖ਼ੀਆਂ ਸੁਰਖ਼। ਅਧ ਪਿਛੋਂ ਲੇਖਕ ਨੇ ਸਿਧੀਆਂ ਸਤਰਾਂ ਲਿਖਣ ਦੀ ਬਜਾਏ ਵਿੰਗੀਆਂ ਟੇਢੀਆਂ ਸਤਰਾਂ ਲਿਖਕੇ ਡਿਜ਼ਾਇਨ ਬਣਾਇਆ ਹੈ। ਇਉਂ ਪ੍ਰਤੀ ਪੰਨਾ ਸਤਰਾਂ ਵਿਚ ਚੋਖਾ ਅੰਤਰ ਆ ਜਾਂਦਾ ਹੈ।
ਵਿਸ਼ੇਸ ਜਾਣਕਾਰੀ : ਹਥਲਿਖਤ ਦੇ ਪਹਿਲੇ ਭਾਗ ਵਿਚ ਰਾਮਾਇਣ ਕਥਾ ਫ਼ਾਰਸੀ ਭਾਸ਼ਾ ਵਿਚ ਲਿਖੀ ਹੈ ਜੋ ਰਾਜਾ ਜਨਕ ਦੀ ਕਥਾ ਵੀ ਬਿਆਨ ਕਰਦੀ ਹੈ। ਉਪਰੰਤ ਹਥਲਿਖਤ ਦੀ ਭਾਸ਼ਾ ਵੀ ਹਿੰਦੀ ਹੋ ਜਾਂਦੀ ਹੈ। ਖਰੜੇ ਦੀ ਰਚਨਾ ਦੇਵੀ ਦੀ ਉਸਤਤੀ ਤੋਂ ਸ਼ੁਰੂ ਕੀਤੀ ਹੋਈ ਹੈ ਅਤੇ ਉਸ ਭਾਗ ਦੀ ਭਾਸ਼ਾ ਵੀ ਹਿੰਦੀ ਹੈ। ਲੇਖਕ ਨੇ ਰਾਮਾਇਣ ਵਿਚ ਸ਼ਰਧਾ ਤੇ ਪ੍ਰੇਮ ਦੀ ਅਭਿਵਿਅਕਤੀ ਕੀਤੀ ਹੈ। ਕਥਾਨਕ ਰਵਾਇਤੀ–ਪ੍ਰੰਪਰਾਈ ਹੀ ਹੈ। ਹਥਲਿਖਤ ਦਾ ਕਾਫ਼ੀ ਭਾਗ ਕਿਰਮ ਖਾਧਾ ਹੋਣ ਕਾਰਨ ਪੜ੍ਹਨਜੋਗ ਨਹੀਂ ਰਿਹਾ।
ਆਰੰਭ : ਸ੍ਰੀ ਨਾਰਾਇਣ ਸ੍ਰੀ ਭਵਾਨੀ ਜੀਓ; ਦੇਵੀ ਹਸਤ ਪੁਸਤਕ ਚੰਦਰ ਬਦਨੀ ਬੋਲੀਏ ਤਿਸੇ ਸੁੰਦਰੀ ਦੇਵੀ ਕਾ ਸਿਮਰਨ ਸੋਭਾ..................
ਅੰਤਿਕਾ : ਸ੍ਰੀ ਰਾਜਾ ਰਾਮ ਚੰਦ ਖ਼ੁਦ ਵ ਲਛਮਣ ਜੀਉ ਹਰ ਕਸੇ ਰਾ ਕਿ ਤਾਲਿਆ ਮਦਦ ਖ਼ਵਾਹਦ ਨਮੂਦ ਈਨ ਰਾ ਮੁਤਾਲਿਆ ਖ਼ਵਾਹੰਦ ਨਮੂਦ ਵ ਯਾਦ ਖ਼ਵਾਹਦ ਕਰਦ

ਹੱਥ ਲਿਖਤ ਨੰ : MS 1223
ਸ੍ਰੋਤ : H.S, H.S, Asr
ਸਿਰਲੇਖ : **ਤਹਿਕੀਕੇ ਇਸਲਾਮ (ਉਰਦੂ)**
ਲਿਖਾਰੀ : ਪ੍ਰੇਮ
ਸਮਾਂ : ਦਰਜ ਨਹੀਂ
ਰਚਨਾ ਕਾਲ : ਵੀਹਵੀਂ ਸਦੀ ਪਹਿਲਾ ਅਧ
ਸਥਾਨ : ਦਰਜ ਨਹੀਂ
ਪੱਤਰੇ : 181
ਚਿੱਤਰ : ਕੋਈ ਨਹੀਂ
ਆਕਾਰ : 27 X 23 ਸ.ਮ. ਲਿਖਤ : 22.5 X 18 ਸ.ਮ. ਨਸਤਾਲੀਕ
ਜਾਣਕਾਰੀ : ਕਾਗ਼ਜ਼ ਕਦੀਮ ਜ਼ਰਦ ਲਾਈਨਦਾਰ ਰਜਿਸਟਰ। ਮੂਲ ਪਾਠ ਸਿਆਹੀ ਨਾਲ ਲਿਖਿਆ। ਸੁਰਖ਼ੀਆਂ ਤੇ ਸੰਕੇਤ ਵੀ ਸੁਰਖ਼ ਰੰਗ ਨਾਲ ਲਿਖੇ। ਪ੍ਰਤੀ ਪੰਨਾ ਔਸਤਨ ਤੇ ਵਧ ਤੋਂ ਵਧ 14-15 ਸਤਰਾਂ। ਕਈ ਪੰਨੇ ਹਾਸ਼ੀਆਦਾਰ ਤੇ ਕਈ ਬਿਨ ਹਾਸ਼ੀਏ। ਬਹੁਤ ਸਾਰੇ ਪੰਨੇ ਖ਼ਾਲੀ ਵੀ ਛਡੇ ਹੋਏ ਹਨ। ਪੁਸ਼ਤਾ ਸੁਰਖਿਅਤ ਕੀਤਾ ਗਿਆ।
ਵਿਸ਼ੇਸ ਜਾਣਕਾਰੀ : ਹਥਲਿਖਤ ਦੇ ਮੁਢਲੇ ਸਫ਼ਿਆਂ ਤੋਂ ਲੇਖਕ ਦੇ ਆਰੀਆ ਸਮਾਜੀ ਹੋਣ ਦਾ ਪ੍ਰਗਟਾਵਾ ਹੁੰਦਾ ਹੈ। ਆਰੀਆ ਸਮਾਜ ਅਤੇ ਕਾਦੀਆਨੀ ਮੁਸਲਿਮ ਫ਼ਿਰਕੇ ਵਿਚਕਾਰ ਵਾਪਰੀ ਆਪਸੀ ਖਿਚੋਤਾਣ ਦੇ ਸੰਬੰਧ ਵਿਚ ਇਹ ਰਚਨਾ ਮਹਤਵਪੂਰਨ ਸਬੂਤ ਹੈ। ਲੇਖਕ ਨੇ ਅਰਬੀ ਸਭਿਆਚਾਰ ਦੀ ਪ੍ਰਾਚੀਨ ਜਾਹਿਲ ਸਭਿਅਤਾ ਨੂੰ ਉਭਾਰਿਆ ਹੈ। ਇਸਲਾਮੀ ਰਵਾਇਤਾਂ ਧਾਰਮਿਕ ਅਸੂਲਾਂ ਨੂੰ ਸਾਮਿਅਕ ਸੰਦਰਭ ਵਿਚ ਰਖਕੇ ਮੁਲਾਂਕਣ ਕਰਨ ਦੀ ਬਜਾਏ ਵਰਤਮਾਨ ਸਥਿਤੀ ਵਿਚ ਪਰਖ ਨਿਰਖ ਕੀਤੀ ਹੈ।

ਉਨ੍ਹੀਵੀਂ ਸਦੀ ਦੇ ਆਖ਼ਰ ਤੇ ਵੀਹਵੀਂ ਸਦੀ ਦੇ ਮੁਢਲੇ ਸਾਲਾਂ ਦੇ ਸੰਬੰਧ ਵਿਚ ਇਹ ਲਿਖਤ ਮਹਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। ਉਸ ਸਮੇਂ ਦੇ ਸੰਚਾਰ ਮਾਧਿਅਮ ਅਖ਼ਬਾਰਾਂ ਦੇ ਵਿਚਾਰ। ਮੁਸਲਮਾਨਾਂ ਵਿਚ ਵਿਵਹਾਰਿਕ ਧਾਰਮਿਕ ਅਸੂਲ ਨੇਮਾਂ ਬਾਰੇ ਜਾਣਕਾਰੀ ਇਸ ਪੁਸਤਕ ਤੋਂ ਪ੍ਰਾਪਤ ਹੁੰਦੀ ਹੈ। ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਨੀ ਦੇ ਕਿਰਦਾਰ ਉਤੇ ਜ਼ੋਰਦਾਰ ਅਲੋਚਨਾ ਕੀਤੀ ਗਈ ਹੈ। ਇਕ ਪਖੀ ਦ੍ਰਿਸ਼ਟੀਕੋਣ ਹੋਣ ਦੇ ਬਾਵਜੂਦ ਵੀ ਇਸ ਪੁਸਤਕ ਤੋਂ ਕੁਝ ਪ੍ਰਕਾਰ ਦੀ ਵਿਲਖਣ ਸੂਚਨਾਵਾਂ ਪ੍ਰਾਪਤ ਹੁੰਦੀਆਂ ਹਨ ਜਿਵੇਂ A.R. DOUBB ਦੁਆਰਾ ਰਚਿਤ ਮੁਹੰਮਦ ਸਾਹਿਬ ਦੀ ਜੀਵਨੀ ਦੀ ਪੁਸਤਕ ਉਤੇ ਅੰਗਰੇਜ਼ੀ ਸਰਕਾਰ ਵਲੋਂ ਪਾਬੰਦੀ ਲਾਉਣਾ ਆਦਿ।

ਆਰੰਭ : ਆਰੀਆ ਸਮਾਜ ਕੇ ਦਸ ਨਿਅਮ 1. ਸਭ ਸਚੇ ਇਲਮ ਔਰ ਇਲਮ ਸੇ ਜੋ ਮਾਲੂਮਾਤ ਹਾਸਿਲ ਹੋਤੇ ਹੈਂ ਉਨ ਸਭ ਕਾ ਅਸਲ ਅਸੂਲ ਪਰਮੇਸ਼ਰ ਹੈ।

ਅੰਤਿਕਾ : ਹਵਾਲਾਜਾਤੇ ਮਜ਼ਕੂਰ ਸਰਗੁਜ਼ਸ਼ਤੇ ਕੁਰਆਨ= ਬਿਲਕੁਲ ਮੁਖ਼ਤਸਰ ਲਿਏ ਗਏ ਹੈਂ- ਮੁਫ਼ਸਿਲ ਦੇਖਨੇ ਕੇ ਲੀਏ- ਸਰਗੁਜ਼ਸ਼ਤੇ ਕੁਰਾਨ= ਪ੍ਰਹਾਸਾ ਨਾਥ ਜਲਾਲਪੁਰੀ ਮੁਲਾਹਿਜ਼ਾ ਫ਼ਰਮਾਏਂ।

ਹੱਥ ਲਿਖਤ ਨੰ : MS 1224
ਸ੍ਰੋਤ : H.S, H.S, Asr
ਸਿਰਲੇਖ : **ਕਸਿਸ ਅਲਅੰਬੀਆ (ਫ਼ਾਰਸੀ)**
ਲਿਖਾਰੀ : ਮੀਆਂ ਖ਼ਾਨ ਮੁੰਹਮਦ
ਸਮਾਂ : ਦਰਜ ਨਹੀਂ
ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 21.5 X 14 ਸ.ਮ. ਲਿਖਤ: 17 X 9.5 ਸ.ਮ. ਨਸਤਾਲੀਕ ਤੇ ਕੂਫ਼ੀ

ਵੇਰਵਾ : ਕਾਗ਼ਜ਼ ਕਦੀਮ ਖ਼ਸਤਾ ਜ਼ਰਦ ਤੇ ਕਿਰਮ ਖਾਧਾ। ਪੁਸ਼ਤਾ ਬਿਖਰਿਆ ਸੁਰਖ਼ੀਆਂ ਸੁਰਖ਼। ਅਰਬੀ ਭਾਸ਼ਾ ਦੇ ਹਵਾਲੇ ਐਰਾਬ (ਲਗਾਂਮਾਤਰਾਂ) ਸਮੇਤ ਦਰਜ ਅਤੇ ਲਾਲ ਰੰਗ ਦੀ ਵਰਤੋਂ ਕੀਤੀ ਗਈ ਹੈ। ਮੂਲ ਪਾਠ ਸਿਆਹੀ। ਜੋ ਅਰਬੀ ਅਕਵਾਲ ਕੁਰਾਨ ਤੋਂ ਬਾਹਰੇ ਹਨ ਉਹਨਾਂ ਨੂੰ ਲੇਖਕ ਨੇ ਸਿਆਹੀ ਨਾਲ ਦਰਜ ਕੀਤਾ ਹੈ।

ਆਮ ਵੇਰਵਾ : ਲੇਖਕ ਨੇ ਮੁਖ ਬੰਦ ਵਿਚ ਮੁੰਹਮਦ ਬਿਨ ਜ਼ਹੀਰੀ ਅਤੇ ਅਬਦੁਲਾ ਬਿਨ ਅੱਬਾਸ ਦੇ ਕੁਰਾਨੀ ਤੱਥ ਵਿਆਖਿਆ ਉਤੇ ਟਿਪਣੀ ਦਿਤੀ ਹੈ। ਆਪਣੇ ਸਮੇਂ ਤੋਂ ਪਹਿਲਾਂ ਹੋ ਚੁੱਕੇ ਕੁਰਾਨ ਵਿਆਖਿਆਕਾਰਾਂ ਮੌਲਾਨਾ ਕਮਾਲੁਦੀਨ ਖ਼ਵਾਰਿਜ਼ਮੀ ਬਾਰੇ ਸਰਸਰਾ ਜਿਹਾ ਵਰਣਨ ਕੀਤਾ ਹੈ ਅਤੇ ਉਪਰੰਤ ਕੁਰਾਨੇ ਪਾਕ ਦੀ ਸੂਰਇ ਯੂਸਫ਼, ਸੂਰਇ ਆਲ ਇਮਰਾਨ, ਸੂਰਇ ਬਨੀ ਇਸਰਾਈਲ ਅਤੇ ਸੂਰਇ ਕਸਿਸ ਅਲਅੰਬੀਆ ਦੇ ਆਧਾਰ ਉਤੇ ਇਸਲਾਮੀ ਤੇ ਪੂਰਵ ਇਸਲਾਮੀ ਪੈਗ਼ੰਬਰ- ਜਿਨ੍ਹਾਂ ਨੂੰ ਇਸਲਾਮ ਧਰਮ ਵਿਚ ਮਾਨਤਾ ਦਿਤੀ ਗਈ- ਦੇ ਹਾਲਾਤ ਵਰਣਨ ਕੀਤੇ ਹਨ। ਕਿਤਾਬੁਲ ਤਕਵੀਨ ਉਤੇ ਆਧਾਰਿਤ ਇਸ ਹਥਲਿਖਤ ਦਾ ਕਥਾਨਕ ਦਾ ਮੁਢ ਹਜ਼ਰਤ ਆਦਮ ਤੋਂ ਸ਼ੁਰੂ ਕੀਤਾ ਹੈ। ਮੁਖ ਬੰਦ ਵਿਚ ਲੇਖਕ ਨੇ ਪੂਰਵ ਇਸਲਾਮੀ ਪੈਗੰਬਰਾਂ ਦਾ ਕਾਲ ਯੁਗ ਵਰਨਣ ਵੀ ਕੀਤਾ ਹੈ ਪਰ ਉਸ ਦਾ ਆਧਾਰ ਕਿਸਨੂੰ ਬਨਾਇਆ- ਇਹ ਤਥ ਸਪੱਸ਼ਟ ਨਹੀਂ ਹੁੰਦਾ, ਹਜ਼ਰਤ ਦਾਊਦ, ਹਜ਼ਰਤ ਸੁਲੇਮਾਨ, ਯੂਸਫ਼ ਅਤੇ ਮੁੰਹਮਦ ਸਾਹਿਬ ਦਾ ਵਰਨਣ ਵੇਰਵੇ ਨਾਲ ਵਿਸਤ੍ਰਿਤ ਰੂਪ ਵਿਚ ਕੀਤਾ ਹੈ। ਬਿਆਨਾਂ ਨੂੰ ਸਾਰਥਕ ਸਿਧ ਕਰਨ ਵਾਸਤੇ ਲੇਖਕ ਨੇ ਮੂਲ ਰੂਪ ਵਿਚ ਅਰਬੀ ਹਦੀਸਾਂ ਤੇ ਰਵਾਇਤਾਂ ਨੂੰ ਕਲਮਬੰਦ

ਕੀਤਾ ਹੈ। ਉਸਨੇ ਕੁਰਾਨੀ ਆਇਤਾਂ ਦਾ ਹਵਾਲਾ ਵੀ ਵੇਰਵੇ ਨਾਲ ਕੀਤਾ ਹੈ। ਮੂਲ ਰੂਪ ਵਿਚ ਆਇਤਾਂ ਨੂੰ ਬਹੁ ਗਿਣਤੀ ਵਿਚ ਵਰਨਣ ਕੀਤਾ ਹੈ। ਰਸੂਲ ਦੇ ਸਾਮਿਅਕ ਤੇ ਨੇੜੇ ਦੇ ਸਮਕਾਲੀਨ ਪੈਗ਼ੰਬਰਾਂ ਵਿਚੋਂ ਹੂਦ, ਸਮੂਦ, ਅਬਰਾਹਮ, ਇਸਮਾਈਲ, ਇਸਹਾਕ ਆਦਿ ਤੋਂ ਇਲਾਵਾ, ਖ਼ਾਨਾ ਕਾਅਬਾ ਦੀ ਉਸਾਰੀ ਦੇ ਹਾਲਾਤ ਬਿਆਨ ਕੀਤੇ ਗਏ ਹਨ। ਇਸ ਹਥ ਲਿਖਤ ਦੀ ਮਹੱਤਾ ਇਸ ਪਖੋਂ ਬਹੁਤ ਵਧੇਰੇ ਹੈ ਕਿ ਇਹ ਲਿਖਤ- ਇਸਲਾਮ ਉਤੇ ਸਾਮਿਅਕ- ਬਾਹਰੀ ਤੇ ਖਿਤੇ ਦੇ ਸਕਾਫ਼ਤੀ ਪ੍ਰਭਾਵਾਂ ਨੂੰ ਵਰਣਨ ਕਰਦੀ ਹੈ। ਯੂਨਸ, (Jonah) ਆਦਿ ਦੇ ਵਰਨਣ ਬਾਅਦ ਰਸੂਲ ਮੁੰਹਮਦ ਦਾ ਵਰਨਣ ਬੜੀ ਵਿਆਖਿਆ ਨਾਲ ਕਰਦੇ ਉਹਨਾਂ ਨੂੰ ਖ਼ਾਤਮ ਅਲਅੰਬੀਆਂ ਭਾਵ ਆਖ਼ਰੀ ਨਬੀ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦਾ ਉਦੇਸ਼ ਵੀ ਇਹੋ ਹੈ। ਕੁਰਾਨ ਮਜੀਦ, ਪ੍ਰਾਚੀਨ ਅਰਬ ਦੇਸ਼ ਦਾ ਇਤਿਹਾਸ ਅਤੇ ਅਰਬਾਂ ਦੀ ਕੌਮ ਦੇ ਪਿਛੋਕੜ ਨੂੰ ਸਮਝਣ ਵਾਸਤੇ ਇਹ ਹਥਲਿਖਤ ਬਹੁਤ ਲਾਭਕਾਰੀ ਹੈ।

ਆਰੰਭਕਾ : ਰਬੁਲ ਸਈਰ ਬ ਇਸਮਿਲਾਹਿ ਅਰਹਿਮਾਨਿ ਅਲਰਹੀਮ ਵ ਤੁਮਮ ਬਿਲ ਖ਼ੈਰ ਬਅਦ ਅਜ਼ ਹਮਦੇ ਇਲਾਹੀ।

ਅੰਤਿਕਾ : ਈਨ ਕਿਤਾਬ ਮੁਸਤ ਤਾਬ ਅਤੁਮਾ ਬਾ ਕਸਿਸ ਅਲਅੰਬੀਆ ਏ ਇਸਲਾਮ ਦਰ ਹਕ ਵ ਮਿਲਕ ਮੀਆ ਖ਼ਾਨ ਮੁੰਹਮਦ ਜੀਓ ਸਰੰਜਾਮ ਯਾਫ਼ਤ ਬਕਮਾਲ ਫ਼ਜ਼ਲ ਵ ਹੁਸਨੇ ਤੌਫ਼ੀਕ

ਹੱਥ ਲਿਖਤ ਨੰ : MS 1225

ਸ੍ਰੋਤ : ਐਚ ਐਸ, ਐਚ ਐਸ ਅੰਮ੍ਰਿਤਸਰ

ਸਿਰਲੇਖ : **ਇਲਮੇ ਜਅਫ਼ਰ ਜਾਮਿਆ (ਭਾਗ ਪਹਿਲਾ) ਫ਼ਾਰਸੀ**

ਲਿਖਾਰੀ : ਰਜ਼ਾ ਅਸ਼ਤਰੀ

ਸਮਾਂ : 1221 ਹਿਜਰੀ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 23 X 15 ਸ.ਮ. ਲਿਖਤ : 21 X 12 ਸ.ਮ. ਨਸਾਖ਼

ਵੇਰਵਾ : ਇਹ ਹਥਲਿਖਤ ਗੁਲਾਬੀ, ਲਾਲ ਰੰਗ ਤੇ ਕਾਲੀ ਸਿਆਹੀ ਨਾਲ ਲਿਖੀ ਹੋਈ ਹੈ। ਪੁਸ਼ਤਾ ਬਿਖਰਿਆ। ਕਾਗ਼ਜ਼ ਕਦੀਮ ਜ਼ਰਦ। ਪ੍ਰਤੀ ਪੰਨਾ ਸਤਰਾਂ ਇਕਸਾਰ ਨਹੀਂ। ਪਹਿਲੇ ਪਹਿਲੇ ਪੰਨੇ ਉਤੇ ਡਿਜ਼ਾਇਨ ਬਣਿਆ। ਸੁਰਖ਼ੀਆਂ ਸੁਰਖ਼ ਤੇ ਸਿਆਹ ਤੇ ਨੀਲੀ ਰਲੀਆਂ ਮਿਲੀਆਂ। ਜੱਦਵਲਾਂ (ਟੇਬਲਜ਼) ਵਿਸ਼ੇ ਅਨੁਕੂਲ ਤੇ ਗਿਣਤੀ ਅਨੁਸਾਰ ਚੋਖੇ ਹਨ। ਹਾਸ਼ੀਏ ਲਾਈਨਦਾਰ ਲਾਲ ਰੰਗ ਦੇ।

ਆਮ ਵੇਰਵਾ : ਇਸ ਪੁਸਤਕ ਦਾ ਵਿਸ਼ਾ ਇਲਮੇ ਜਅਫ਼ਰ ਹੈ। ਲੇਖਕ ਨੇ ਦਸ ਅਧਿਆਇਆਂ ਵਿਚ ਵਿਸ਼ੇ ਨੂੰ ਵੰਡਿਆ ਹੈ। ੳ) ਕਵਾਇਦ (ਅਸੂਲ) ਇਲਮੇ ਜਾਫ਼ਰ ਅ) ਇਲਮੇ ਇਸਤਲਾਬ ਅਤੇ ਉਸ ਦੀਆਂ ਦਸ ਕਿਸਮਾਂ ੲ) ਦਰ ਪੈਦਾ ਅਵੁਰਦਨ ਸਨਹਾਏ ਹਿਜਰੀ ਸ) ਨਜੂਮ ਦੀਆਂ ਅੱਠ ਸਮੱਸਿਆਵਾਂ ਹ) ਤਕਵੀਮ (ਜੰਤਰੀ) ਦਾ ਗਿਆਨ ਅਤੇ ਸ੍ਰੇਸ਼ਟਤਾ ਕ) ਜਾਫ਼ਰ ਇਲਮ ਅਨੁਸਾਰ ਜੰਤਰੀ ਤੇ ਕਿਸਮਾਂ ਖ) ਇਲਮੇ ਰਮਲ ਅਤੇ ਉਸ ਨਾਲ ਸੰਬੰਧਿਤ ਸਾਰਣੀਆਂ ਗ) ਅਬੂ ਰੀਹਾਨ ਬੈਰੂਨੀ ਤੇ ਸ਼ੇਖ਼ ਅਬੂ ਅਲੀ ਸੀਨਾ ਦੇ ਸਵਾਲ ਜਵਾਬ ਤੇ ਫ਼ਲਸਫ਼ਾ ਘ) ਭਾਰਤੀਆਂ ਦਾ ਪ੍ਰਾਚੀਨ ਫ਼ਲਸਫ਼ਾ ਙ) ਖ਼ਾਬ (ਸੁਪਨੇ) ਦੇ ਤਰੀਕੇ ਅਤੇ ਹਈਅਤ (ਜੀਵਨ) ਦਾ ਗਿਆਨ। ਹਿੰਦਸਾ ਗਿਆਨ ਉਪਰ ਇਹ ਪੁਸਤਕ ਲਾਸਾਨੀ ਹੈ। ਲੇਖਕ ਨੇ ਅੰਕ ਵਿਗਿਆਨ ਵਿਚ ਅਖਰਾਂ ਦੇ ਮਹਤਵ ਤੇ ਸੰਖਿਆ ਗੁਣ ਲਛਣ ਅਭਿਵਿਅਕਤ ਕੀਤੇ ਹਨ। ਇਸ ਹਥਲਿਖਤ ਵਿਚ ਵਖ ਵਖ ਰਾਸ਼ੀਆਂ ਟੇਬਲਾਂ ਰਾਹੀਂ ਪ੍ਰਗਟਾਈਆਂ

ਗਈਆਂ ਹਨ। ਤਾਵੀਜ਼ ਬਣਾਉਣ ਦੀਆਂ ਵਿਧੀਆਂ ਤੇ ਮਹੱਤਵ ਵੀ ਵਰਣਿਤ ਹਨ। ਰਾਸ਼ੀਆਂ-ਬੁਰਜਾਂ ਦੇ ਮੇਲ ਸੁਮੇਲ ਨੂੰ ਲੇਖਕ ਨੇ ਭਲੀਭਾਂਤ ਅਭਿਵਿਅਕਤ ਕੀਤਾ ਹੈ। ਪਹਿਲੇ ਪਹਿਲੇ ਪੰਨੇ ਉਤੇ ਤੇ ਕਾਤਿਬ ਦੇ ਈਰਾਨੀ ਹੋਣ ਦਾ ਮਿਲਦਾ ਦਰਜ ਹੈ।

ਆਰੰਭਕਾ : ਸਪਾਸ ਵ ਸਤਾਈਸ਼ੇ ਹਕੀਮੀ ਰਾ ਸਜ਼ਦ ਕਿ ਦਰਜਾਤੇ ਇਰਤਫ਼ਾਅ ਅਲਵਿਜ਼ਤੁਲ ਕਿਤਾਬ ਕਿ ਬਰੀਆ ਬਾ ਬੇਸ਼ ਇਲਾਕਾ........................

ਅੰਤਿਕਾ : ਨਕੀਰੇ ਈਨ ਨੁਕਤਾ ਰਾ ਮਹਮੂਦ ਖ਼ਵਾਨਦ ਬਆਈਨ ਦੀਦਹ ਅਮ ਅਜ਼ ਹਕੀਰ ਅਲਆਨ- ਹਕੀਰ ਰਜ਼ਾ ਅਸ਼ਤਰੀ

ਹੱਥ ਲਿਖਤ ਨੰ : MS 1226

ਸ੍ਰੋਤ : H.S, H.S, Asr

ਸਿਰਲੇਖ : **ਇਲਮੇ ਰਮਲ ਇਲਮੇ ਨਜੂਮ (ਫ਼ਾਰਸੀ-ਅਰਬੀ)**

ਲਿਖਾਰੀ : ਦਰਜ ਨਹੀਂ

ਸਮਾਂ : ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ

ਸਥਾਨ : ਅਗਿਆਤ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 18 X 12 ਸ.ਮ. ਲਿਖਤ: 16 X 9 ਸ.ਮ. ਕੂਫ਼ੀ ਤੇ ਸ਼ਿਕਸਤਾ

ਮੂਲ ਜਾਣਕਾਰੀ : ਕਾਗ਼ਜ਼ ਪੁਰਾਣਾ ਪੀਲਾ। ਪ੍ਰਤੀ ਪੰਨਾ 13-14 ਸਤਰਾਂ। ਅਰਬੀ ਪੰਨਿਆਂ ਵਿਚ ਸਤਰਾਂ ਘਟ ਤੇ ਲਿਖਤ ਕੂਫ਼ੀ। ਮੂਲਪਾਠ ਸਿਆਹੀ ਨਾਲ ਲਿਖਿਆ ਅਤੇ ਸਿਰਲੇਖ ਲਿਖਤ- ਲਾਲ ਰੰਗ ਨਾਲ ਕੀਤੀ ਹੈ। ਜਦਵਲਾਂ (ਟੇਬਲਜ਼) ਵਿਚ ਲਾਲ-ਕਾਲਾ ਰੰਗ ਕੂਫ਼ੀ ਲਿਖਤ। ਅਰਬੀ ਇਬਾਰਤ ਨੂੰ ਕੂਫ਼ੀ ਲਿਖਤ ਰਾਹੀਂ ਵਖਰਿਆਇਆ ਹੈ।

ਆਮ ਵੇਰਵਾ : ਇਸ ਹਥਲਿਖਤ ਦਾ ਵਿਸ਼ਾ ਇਲਮੇ ਨਜੂਮ ਅਤੇ ਮਨੋਵਿਗਿਆਨ ਹੈ। ਲੇਖਕ ਦਾ ਕਥਨ ਹੈ ਕਿ ਵਿਅਕਤੀ ਦਾ ਵਜੂਦ ਆਬ, ਖ਼ਾਕ, ਅਗਨ, ਹਵਾ ਭਾਵ ਜਲ, ਮਿਟੀ, ਅਗ ਤੇ ਵਾਯੂ ਤੋਂ ਬਣਿਆ ਹੈ। ਇਲਮੇ ਰਮਲ ਵਿਚ ਵਿਅਕਤੀਆਂ ਦੀ ਮਾਨਸਿਕਤਾ-ਸੁਭਾਅ ਉਹਨਾਂ ਦੇ ਵਜੂਦ ਉਤੇ ਤਾਰਿਆਂ ਦਾ ਪ੍ਰਭਾਵ ਆਦਿ ਅਧਿਐਨ ਕੀਤੇ ਜਾਂਦੇ ਹਨ। ਲੇਖਕ ਨੇ ਵਿਸ਼ਿਆਂ ਨੂੰ ਮਹਤਵਪੂਰਨ ਸੰਕੇਤਾਂ ਰਾਹੀਂ ਅਭਿਵਿਅਕਤ ਕੀਤਾ ਹੈ। ਇਹ ਗਿਆਨ ਸ਼ਾਖ਼ਾ ਨਜੂਮ ਵਿਦਿਆ ਦਾ ਹੀ ਇਕ ਭਾਗ ਹੈ ਇਸਨੂੰ ਤੱਤ ਵਿਗਿਆਨ ਵੀ ਕਹਿੰਦੇ ਹਨ। ਅੰਕ ਵਿਗਿਆਨ ਜਾਫ਼ਰੀ ਇਲਮ ਵਿਚ ਜਿਥੇ ਸ਼ਬਦਾਂ Phonetics ਨੂੰ ਅੰਕੜਿਆਂ (Figures) ਵਿਚ ਅੰਤਰ ਸੰਬੰਧਤ ਕੀਤਾ ਗਿਆ ਹੈ। ਉਥੇ ਇਲਮੇ ਰਮਲ ਵਿਚ ਪੂਰੇ ਵਾਕਾਂ ਨੂੰ ਚਿੰਨ੍ਹਾਂ ਰਾਹੀਂ ਦਰਸਾਇਆ ਗਿਆ ਹੈ। ਲੇਖਕ ਨੇ ਇਸ ਹਥਲਿਖਤ ਵਿਚ ਮਾਨਵੀਂ ਜਿਸਮ ਦਾ ਅਧਿਐਨ ਕਰਨ ਉਪਰੰਤ ਮਹਤਵਪੂਰਨ ਸਿਟੇ ਅਭਿਵਿਅਕਤ ਕੀਤੇ ਹਨ ਜਿਵੇਂ:

"ਅਗਨੀ ਕੌੜੀ ਹੈ......ਹਵਾ ਮਿਠੀ। ਪਾਣੀ ਮਿਠਾ, ਖਾਕ ਸ਼ੋਰਾ ਹੈ ਭਾਵ ਸਲੂਣੀ ਅਗਨ- ਪੱਛਮ ਵਲੋਂ, ਹਵਾ ਪਛਮ ਵਲੋਂ ਪਾਣੀ ਉਤਰ ਵਲੋਂ ਅਤੇ ਮਿਟੀ ਦਖਣ ਵਲੋਂ ਆਏ ਹਨ। ਅਗਨ ਸਫ਼ੇਦ ਹੈ। ਹਵਾ ਖ਼ੂਨ, ਪਾਣੀ ਬਲਗ਼ਮ, ਮਿਟੀ ਸ਼ੋਰੇ ਜਿਹੀ ਅਗਨੀ ਨਜ਼ਰ ਹੈ, ਹਵਾ- ਗਲਬਾਤ ਕਰਨ ਦੀ ਤੌਫ਼ੀਕ, ਪਾਣੀ ਮਿਲਾਵਾ ਮੁਲਕਾਤੀ ਅਤੇ ਮਿਟੀ - ਖ਼ਵਾਹਿਸ਼ਾਂ। ਅਗਨੀ ਰੂਹ ਹੈ ਹਵਾ ਅਕਲ ਹੈ ਪਾਣੀ ਨਫ਼ਸ (ਮਨ) ਹੈ ਤੇ ਖ਼ਾਕੀ ਜਿਸਮ ਆਤਿਸ਼ ਗਰਮ ਤੇ ਸਵਾਦੀ ਹੈ। ਹਵਾ ਗਰਮ ਤੇ ਸਵਾਦੀ, ਪਾਣੀ ਠੰਡਾ ਤੇ ਸਵਾਦੀ ਮਿਟੀ ਖ਼ੁਸ਼ਕ।.................."

ਸ਼ਬਦਕੋਸ਼ ਅਨੁਸਾਰ ਅਜਿਹੇ ਗਿਆਨ ਨੂੰ ਜੋਤਸ਼ ਵੀ ਕਹਿੰਦੇ ਹਨ। ਇਸ ਵਿਚ ਤੱਤ ਵਿਗਿਆਨ ਵਧੇਰੇ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਵਿਅਕਤੀਆਂ ਦੇ ਸੁਭਾਵ ਉਕਤ ਤੱਤਾਂ ਉਤੇ ਆਧਾਰਿਤ ਹੁੰਦੇ ਹਨ।

ਆਰੰਭਕਾ : ਕਲਮਾਏ ਇਫ਼ਤਤਾਹ:
ਹਮਦ ਅਕਮਲ ਵ ਸ਼ੁਕਰ ਅਜਮਲ ਬਅਦ ਜ਼ਾਤ ਹਮਲ ਲਾਇਕ ਫ਼ਰਦਾ ਨੀਸਤ ਕਿ ਜਮੀਆ ਸ਼ਈਉਨ ਆਫ਼ਰੀਦ............

ਅੰਤਿਕਾ : ਦੋ ਬਰੰਜ ਅਜ਼ ਫ਼ਰਕ ਮਜਰੂਰ ਯਕ ਅਸਨਤ ਸਿਲਾ ਬਾ ਵਜਾ ਖ਼ੁਰੰਦ ਅਜਾਇਬ ਪਿੰਦਾਰੰਦ
ਅਲਹ ਵ ਅਲਾਹੂ ਅਇਲਮ ਅਲਸਵਾਬ

ਹੱਥ ਲਿਖਤ ਨੰ : MS 1227
ਸ੍ਰੋਤ : H.S, H.S, Asr
ਸਿਰਲੇਖ : **ਮੁਕਦਮਾ ਨੰਬਰ 42 ਨਕਲ ਫ਼ੈਸਲਾ ਕੋਰਟ ਮਿਤੀ 18-4-1859 (ਉਰਦੂ)**
ਲਿਖਾਰੀ : ਮਹਿਕਮਾ ਸਾਹਿਬ ਜੂਡੀਸ਼ੀਅਲ ਸਰਕਾਰ ਪੰਜਾਬ
ਸਮਾਂ : ਦਰਜ ਨਹੀਂ
ਰਚਨਾ ਕਾਲ : ਈ. 1859
ਸਥਾਨ : ਦਰਜ ਨਹੀਂ
ਪੱਤਰੇ : 4
ਚਿੱਤਰ : ਕੋਈ ਨਹੀਂ
ਆਕਾਰ : 25 X 18 ਸ.ਮ. ਲਿਖਤ : 25 X 15ਸ.ਮ. ਸ਼ਿਕਸਤਾ
ਮੂਲ ਜਾਣਕਾਰੀ : ਮੂਲ ਲਿਖਤ ਸਿਆਹੀਦਾਰ। ਪ੍ਰਤੀ ਪੰਨਾ ਸਤਰਾਂ 17-18 (ਵਧ-ਘਟ)। ਪੁਸ਼ਤਾ ਪਿੰਨਦਾਰ। ਜਿਲਦ ਰਹਿਤ। ਕਾਗ਼ਜ਼ ਕਦੀਮ ਭੁਰਵਾਂ।
ਆਮ ਵੇਰਵਾ : ਇਸ ਫ਼ੈਸਲੇ ਦਾ ਵਿਸ਼ਾ ਦਰਬਾਰ ਸਾਹਿਬ ਦੇ ਰਾਗੀਆਂ ਅਤੇ ਪੁਜਾਰੀਆਂ ਵਿਚਕਾਰ ਪੂਜਾ ਸੇਵਾ ਫਲ ਵਿਚ ਵੰਡ ਕਰਨਾ ਹੈ। ਇਸ ਫ਼ੈਸਲੇ ਨੂੰ ਰਾਜਾ ਤੇਜਾ ਸਿੰਘ, ਸਰਦਾਰ ਸ਼ਮਸ਼ੇਰ ਸਿੰਘ, ਜੈਮਲ ਸਿੰਘ, ਮਹਿਤਾਬ ਸਿੰਘ, ਦਿਆਲ ਸਿੰਘ, ਸੁੰਦਰ ਸਿੰਘ, ਸਰਦਾਰ ਲਾਲ ਸਿੰਘ ਤਲਵੰਡੀ ਵਾਲਾ, ਸਰਦਾਰ ਦੇਵ ਸਿੰਘ ਕਮੇਦਾਨ ਆਦਿ ਦੇ ਦਸਤਖ਼ਤਾਂ ਹੇਠ ਜਾਰੀ ਕੀਤਾ ਹੋਇਆ ਹੈ।

ਹੱਥ ਲਿਖਤ ਨੰ : MS 1228
ਸ੍ਰੋਤ : H.S, H.S, Asr
ਸਿਰਲੇਖ : **ਹਾਲਾਤ ਖ਼ਾਨਦਾਨੇ ਮੁੰਹਮਦ (ਅਧੂਰੀ) (ਫ਼ਾਰਸੀ)**
ਲਿਖਾਰੀ : ਅਗਿਆਤ
ਸਮਾਂ : ਅਗਿਆਤ
ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 20 X 14 ਸ.ਮ. ਲਿਖਤ : 14 X 7 ਸ.ਮ. ਨਸਤਾਲੀਕ

ਮੂਲ ਜਾਣਕਾਰੀ : ਮੂਲਪਾਠ ਸਿਆਹੀ ਨਾਲ। ਸੁਰਖ਼ੀਆਂ ਤੇ ਹਾਸ਼ੀਆ ਸੁਰਖ਼। ਹਾਸ਼ੀਆ ਡਬੀਦਾਰ ਦੋ ਲਾਈਨਾਂ ਦਾ। ਕਾਵਿ ਦੋ ਕਾਲਮੀ ਗਦ-ਨਿਰੰਤਰ। ਕਾਗ਼ਜ਼ ਕਦੀਮ ਜ਼ਰਦ। ਪ੍ਰਤੀ ਪੰਨਾ ਔਸਤਨ 12 ਸਤਰਾਂ ਹਵਾਲੇ ਹਾਸ਼ੀਏ ਤੋਂ ਬਾਹਰ। ਪੁਸ਼ਤਾ ਸੁਰਖਿਅਤ ਕੀਤਾ।

ਆਮ ਵੇਰਵਾ : ਹਥਲਿਖਤ ਦਾ ਮੂਲ ਵਿਸ਼ਾ ਮੁੰਹਮਦ ਸਾਹਿਬ ਦੇ ਜੀਵਨ ਦੇ ਆਖ਼ਰੀ ਸਾਲ ਅਤੇ ਉਹਨਾਂ ਦੀ ਬੇਟੀ ਫ਼ਾਤਮਾ ਤੇ ਉਸਦੇ ਪੁਤਰਾਂ ਹਸਨ ਹੁਸੈਨ ਦੇ ਹਾਲਾਤ ਵਰਣਨ ਹਨ। ਲੇਖਕ ਨੇ ਮੁੰਹਮਦ ਸਾਹਿਬ ਦੇ ਅਕਾਲ ਚਲਾਣੇ ਤੋਂ ਪਿਛੋਂ ਬਾਕੀ ਉਸ ਕਬੀਲੇ ਅਤੇ ਇਸਲਾਮੀ ਅਲੰਮਬਰਦਾਰ ਖ਼ਲੀਫ਼ਾ ਅਬੂਬਕਰ; ਹਜ਼ਰਤ ਅਲੀ ਦੇ ਪੁਤਰਾਂ ਤੇ ਬੀਬੀ ਫ਼ਾਤਮਾ ਦੇ ਬਚਿਆਂ ਹਸਨ ਤੇ ਹੁਸੈਨ ਦੇ ਜੀਵਨ ਹਾਲਾਤ ਕਲਮਬੰਦ ਕੀਤੇ ਹਨ। ਮੁਢ ਵਿਚ ਲੇਖਕ ਨੇ ਉਸ ਵੇਲੇ ਦੇ ਹਾਲਾਤ ਨੂੰ ਵਰਣਨ ਕਰਦੇ ਕਾਵਿ ਰੂਪ ਕਸੀਦੇ ਵਰਣਨ ਕੀਤੇ ਹਨ। ਉਸ ਤੋਂ ਬਾਅਦ ਲੇਖਕ ਦੇ ਉਕਤ ਹਸਤੀਆਂ ਦਾ ਵਰਣਨ ਵਾਰਤਕ ਵਿਚ ਕੀਤਾ ਹੈ। ਇਸ ਪੁਸਤਕ ਵਿਚ ਗੌਣ ਰੂਪ ਵਿਚ ਮੁੰਹਮਦ ਸਾਹਿਬ ਦੇ ਹਾਲਾਤ ਦਰਜ ਹਨ।

ਆਰੰਭਕਾ : ਕਾਸ਼ ਕਿ ਬੂਦੇ ਮਰਾ ਬਰਮੂ ਬਰ ਤਨ ਦੀਦਹ ਤਾ ਬਰੀਂ ਚਸ਼ਮੋਂ ਚਿਰਾਗ਼ੇ ਅਜੰਮਨ ਬ ਕਰਗਸੀ

ਅੰਤਿਕਾ : ਅਵੱਲ ਬਰੀਨ ਪੋਸ਼ਾਨੀਦਨ ਬਅਦ ਅਜ਼ ਆਨ ਮੂਏ ਹਾ ਯਾ ਫ਼ਤੰਦ ਦਰ ਹਿੱਸਾ ਕਰਦਨ...

ਹੱਥ ਲਿਖਤ ਨੰ : MS 1261

ਸ੍ਰੋਤ : H.S, H.S, Asr

ਸਿਰਲੇਖ : **ਮਹਾਭਾਰਤ (ਫ਼ਾਰਸੀ ਅਨੁ:) ਦਰੋਣ ਪਰਬ**

ਲਿਖਾਰੀ : ਸਰਪ੍ਰਸਤ ਲਾਲਾ ਅਜਮੇਰ ਚੰਦ/ ਸ਼ੇਖ਼ ਅਬੁਲਫ਼ਜ਼ਲ

ਸਮਾਂ : 1046 ਹਿਜਰੀ

ਰਚਨਾ ਕਾਲ : 1046 ਹਿਜਰੀ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 28 X 17.5 ਸ.ਮ. ਲਿਖਤ : 22.5 X 11.5 ਸ.ਮ.

ਮੂਲ ਜਾਣਕਾਰੀ : ਕਾਗ਼ਜ਼ ਕਦੀਮ ਜ਼ਰਦ ਕਿਰਮ ਖਾਧਾ। ਸਫ਼ੇ ਹਾਸ਼ੀਆ ਲਾਈਨਦਾਰ। ਬਾਹਰੀ ਹਾਸ਼ੀਆ ਕਾਲਾ। ਅੰਦਰੂਨੀ ਦੋਹਰੀ ਲਾਲ ਲਕੀਰ ਡਬੀ। ਮੂਲ ਪਾਠ ਸਿਆਹ। ਸੁਰਖ਼ੀਆਂ ਸੁਰਖ਼। ਪ੍ਰਤੀ ਪੰਨਾ ਔਸਤਨ 19 ਸਤਰਾਂ। ਸੋਧਾਂ ਤੇ ਵਾਧੇ ਹਾਸ਼ੀਏ ਤੋਂ ਬਾਹਰੀ ਥਾਂ ਉਤੇ ਕੀਤੇ ਹਨ। ਮਹਤਵਪੂਰਨ ਤਥਾਂ ਹੇਠ ਲਾਲ ਲਕੀਰ ਲਾਈ ਹੈ। ਪੁਸ਼ਤਾ ਬਿਖਰਿਆ ਹੋਇਆ ਜੁਜ਼ਬੰਦੀ ਟੁਟੀ।

ਆਮ ਵੇਰਵਾ : ਪੋਥੀ ਦੇ ਆਰੰਭ ਵਿਚ ਮਹਾਭਾਰਤ ਬਾਰੇ ਜਾਣਕਾਰੀ-ਇਸ ਦੇ ਛੇ ਲਖ ਸਲੋਕਾਂ ਵਿਚ ਲਿਖੇ ਹੋਣਾ। ਬਿਆਸ ਰਚਨਾ- ਸਲੋਕਾਂ ਦੀ ਗਿਣਤੀ ਵਿਚ ਮਤਭੇਦ। ਅਧਿਆਇ ਵੰਡ ਬਨਾਮ ਪਰਬ, ਆਦਿ ਪਰਬ (8804 ਸਲੋਕ) ਸਨਯਾ ਪਰਬ (2511 ਸਲੋਕ), ਅਬਨ ਪਰਬ (11684 ਸਲੋਕ), ਵਿਰਾਟ ਪਰਬ (6328), ਹਖਮ ਪਰਬ (5884 ਸਲੋਕ), ਦਰੋਦਯਾ ਪਰਬ (8909 ਸਲੋਕ), ਕਰਣ ਪਰਬ (4984), ਸ਼ਲਪਰਬ (1020 ਸਲੋਕ), ਸੂਤਕ ਪਰਬ (880 ਸਲੋਕ), ਅਗ਼ਜ਼ੀ ਪਰਬ, ਸਾਂਤਾ ਪਰਬ (19734), ਰਕਪਰਬ (8000 ਸਲੋਕ), ਜਗ ਅਸਮੇਧ ਪਰਬ (308), ਅਸਰਮ ਪਰਬ (500 ਸਲੋਕ), ਮਵਸਲ ਪਰਬ (300 ਸਲੋਕ), ਬ੍ਰਿਸਹਾ ਪਰਬ (320), ਮਰਕਾਰਧੀ ਪਰਬ (4530 ਸਲੋਕ) ਜਾਣਕਾਰੀ ਦੇਣ ਬਾਦ ਸ਼ੇਖ਼ ਅਬੁਲ ਫ਼ਜ਼ਲ ਦਾ ਨਾਮ ਦਿਤਾ ਹੈ ਤੇ ਰਚਨਾ ਕਾਲ 8 ਰਬੀਉਲ ਸਾਨੀ 1046 ਹਿਜਰੀ ਰਚਨਾ ਕਾਲ ਦਰਜ ਹੈ। ਰਚਨਾ ਦਾ ਮੌਜੂਦਾ ਰੂਪ ਸ਼ੇਖ਼ ਦੀ ਮ੍ਰਿਤੂ ਅਤੇ ਪਿਛੋਂ ਵਜੂਦ ਵਿਚ ਆਇਆ। ਲਿਖਣ ਸਾਮਗਰੀ ਮਹਾਭਾਰਤ ਕਥਾਨਕ ਵਾਂਗ ਹੀ ਯਥਾਰਥ ਤੋਂ ਮਿਥ ਦਾ ਮਿਸ਼ਰਨ ਹੈ। ਲੇਖਕ ਨੇ ਲਿਖਤ ਨੂੰ ਪ੍ਰਭਾਵਸ਼ਾਲੀ ਬਨਾਉਣ ਵਾਸਤੇ ਵਾਰਤਕ ਦੇ ਨਾਲ ਨਾਲ ਕਾਵਿ

ਟੂਕਾਂ ਦੀ ਵਰਤੋਂ ਵੀ ਕੀਤੀ ਹੈ। ਉਹ ਕਾਵਿ ਟੋਟਕੇ ਜਾਂ ਤਾਂ ਉਸਨੇ ਸਲੋਕਾਂ ਦਾ ਅਨੁਵਾਦ ਕੀਤਾ ਹੈ ਜਾਂ ਖ਼ੁਦ ਰਚੇ ਹਨ। ਇਸ ਹਥ ਲਿਖਤ ਵਿਚ ਸੰਪੂਰਨ ਕਥਾ ਮਹਾਭਾਰਤ ਦੀ ਦਰਜ ਹੈ। ਹਰ ਅਧਿਆਇ ਪਰਬ ਦੇ ਮੁਢ ਵਿਚ ਮੂਲ ਦੇ ਸਲੋਕਾਂ ਦੀ ਸੰਖਿਆ ਵਰਣਨ ਕੀਤੀ ਹੈ।

ਆਰੰਭਿਕਾ : ਈਨ ਹਜ਼ਦਹ ਹਜ਼ਾਰ ਆਲਮ ਅਜ਼ ਸ਼ੌਕੇ ਤੋ ਮਸਤ ਸਰ ਦਰ ਰਹੇ ਜੁਸਤਜੂ। ਜਾਨ ਬਰ ਕਫ਼ ਦਸਤ ਪਰ ਤਖ਼ਤਾ ਸਿਆਹ ਗਸ਼ਤ

ਅੰਤਿਕਾ : ਹਸਬ ਫ਼ਰਮਾਇਸ਼ ਲਾਲਾ ਸਾਹਿਬ ਮੁਨਬਹ ਜੂਦੋ ਅਹਸਾਨ ਫ਼ੈਜ਼ ਬਖ਼ਸ਼ ਫ਼ੈਜ਼ ਰਸਾਨ ਲਾਲਾ ਅਜਮੇਰ ਚੰਦ ਜੀ ਸਲੇ ਅਲਹ ਤਆਲਾ ਅਜ਼ ਆਫ਼ਾਤ ਵਾ ਬਲਯਾਤ

ਹੱਥ ਲਿਖਤ ਨੰ : MS 1280

ਸ੍ਰੋਤ : M.S Chawla

ਸਿਰਲੇਖ : **ਨਕਸ਼ਾ ਬਾਬਾ ਅਟਲ ਸਾਹਿਬ ਸ਼ਹਿਰ ਤਹਿਸੀਲ ਅੰਮ੍ਰਿਤਸਰ (ਉਰਦੂ)**

ਲਿਖਾਰੀ : ਪੰਜਾਬ ਸਰਕਾਰ ਗਜ਼ਟ 16 ਅਪਰੈਲ 1928 ਈ.

ਸਮਾਂ : 1928 ਈ.

ਰਚਨਾ ਕਾਲ : ਦਰਜ ਨਹੀਂ

ਸਥਾਨ : ਅੰਮ੍ਰਿਤਸਰ

ਪੱਤਰੇ : ਇਕ ਵੱਡ ਆਕਾਰੀ

ਚਿੱਤਰ : ਕੋਈ ਨਹੀਂ

ਆਕਾਰ : 83 X 90 ਸ.ਮ. ਲਿਖਤ : 83 X 90 ਸ.ਮ.

ਮੂਲ ਜਾਣਕਾਰੀ : ਪੂਰੇ ਆਕਾਰ ਦਾ ਲੈਜਰ ਸ਼ੀਟ ਜੋ ਰੰਗ ਬਦਲ ਕੇ ਜ਼ਰਦ ਹੋ ਚੁਕਾ ਹੈ। ਪੁਸ਼ਤੇ ਉਤੇ ਪੂਰੇ ਦਾ ਪੂਰਾ ਮਲਮਲ ਚੜ੍ਹਿਆ ਹੈ। ਪ੍ਰਮੁਖ ਸਥਾਨ ਲਾਲ ਰੰਗ ਨਾਲ ਅਭਿਵਿਅਕਤ ਕੀਤੇ ਹਨ। ਬਾਕੀ ਰਸਤੇ, ਸੜਕਾਂ, ਤਾਲਾਬ, ਡਿਉਢੀਆਂ, ਸਮਾਧਾਂ ਸਿਆਹੀ ਨਾਲ ਦਰਜ ਹਨ। ਸਮਾਧਾਂ, ਖੂਹ ਜੋ ਆਮ ਹਨ ਗੋਲ ਦਾਇਰੇ ਦੇ ਰੂਪ ਵਿਚ ਅਭਿਵਿਅਕਤ ਕੀਤੇ ਹਨ। ਬਾਬਾ ਅਟਲ ਦੀ ਇਮਾਰਤ ਨੂੰ ਬਹੁ ਕੋਣੀ ਚਕਰਾਂ ਦੇ ਰੂਪ ਵਿਚ ਬਿਆਨਿਆ ਹਨ।

ਆਮ ਵੇਰਵਾ : ਇਸ ਨਕਸ਼ੇ ਵਿਚ ਇਕ ਇੰਚ = 8 ਇੰਚ ਦਾ ਸਕੇਲ ਵਰਤੋਂ ਵਿਚ ਲਿਆਂਦਾ ਗਿਆ ਹੈ। ਚਾਰਾਂ ਦਿਸ਼ਾਵਾਂ ਨੂੰ ਨਕਸ਼ੇ ਤੋਂ ਬਾਹਰ ਲਕੀਰਾਂ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ। ਬਾਬਾ ਅੱਟਲ ਇਮਾਰਤ ਪ੍ਰਕਾਸ਼ ਸਥਾਨ ਦੁਕਾਨਾਂ, ਮਕਾਨ, ਡਿਉਢੀਆਂ, ਥੜ੍ਹੇ, ਲੰਗਰ ਇਮਾਰਤ, ਬਾਜ਼ਾਰ ਆਦਿ ਵਿਸ਼ੇਸ਼ ਪੈਮਾਨੇ, ਡੂਲ ਅਰਜ਼ ਤੇ ਰਕਬੇ ਸਮੇਤ ਦਰਜ ਹਨ। ਦੱਖਣ ਦਿਸ਼ਾ ਵਿਚ ਖ਼ਾਲੀ ਪਈ ਜ਼ਮੀਨ (ਜਿਸ ਥਾਂ ਅੱਜ ਕਲ ਤੇਜਾ ਸਿੰਘ ਸਮੁੰਦਰੀ ਹਾਲ ਅਤੇ ਰਸਤਾ ਹੈ, ਪਲੇਨ ਦਰਸਾਈ ਹੈ ਇਸ ਨਕਸ਼ੇ ਦਾ ਮੁਖ ਮਹਤਵ ਇਹੋ ਹੈ ਕਿ ਗੁਰਦਵਾਰਾ ਬਾਬਾ ਅਟਲ ਬਿਲਡਿੰਗ ਦੇ ਚੌਗਿਰਦੇ ਦਾ 1928 ਈ. ਵਾਲੀ ਦਸ਼ਾ ਵਰਣਨ ਕਰਦਾ ਹੈ। ਪ੍ਰਮੁਖ ਬਿਲਡਿੰਗ ਦਾ ਰਕਬਾ ਨਿਮਨ ਪ੍ਰਕਾਰ ਦਰਜ ਹੈ:

1. ਦਖਣ ਵਿਚ 20 ਫੁਟ X $11^{3/4}$ ਫੁਟ ਦੋ ਕਮਰੇ
2. ਲੰਗਰ ਹਾਲ 20.9 ਫੁਟ $35^{1/2}$ ਫੁਟ X 2.4 ਫੁਟ X 2.4 ਫੁਟ
3. ਧਰਮਸ਼ਾਲਾ ਬਾਬਾ ਅਟਲ 15.3 ਫੁਟ X $35^{1/2}$ ਫੁਟ
4. ਪ੍ਰਕਾਸ਼ ਸਥਾਨ ਬਾਬਾ ਅਟਲ ਸਤ ਕੋਣਾ ਹਰ ਬਾਹੀ 18.6 ਫੁਟ
5. ਡਿਉਢੀ ਬਾਬਾ ਅਟਲ 33 ਫੁਟ X12 ਫੁਟ
6. ਸਮਾਧਾਂ 2.4 ਫੁਟ ਲੰਬਾਈ

7. ਸਮਾਧ ਪ੍ਰਕਾਸ਼ ਸਥਾਨ ਰਕਬਾ ਦਰਜ ਨਹੀਂ
8. ਪ੍ਰਕਾਸ਼ ਸਥਾਨ ਨਾਲ ਦਖਣ ਵਿਚ ਲਗਦੀ ਬਾਗ਼ਦਾਰੀ ਇਕ
9. ਬਾਗ਼ਦਾਰੀ ਨਾਲ ਪਛਮ ਵੰਨੇ 12.0X ਫੁਟ 26 ਫੁਟ ਡਿਉਢੀ
10. ਰਸਤਾ 12.5X10.2 ਫੁਟ
11. ਮਕਾਨ ਰਿਹਾਇਸ਼ੀ ਬਾਬਾ ਅਟਲ 18X13.2 ਫੁਟ
12. ਸਮਾਧ 12X12 ਫੁਟ
13. ਬਾਬਾ ਅਟੱਲ ਦੀ ਰਿਹਾਇਸ਼ ਨਾਲ ਦਖਣੀ ਪਛਮੀ ਖਿਤੇ ਵਿਚ 5 ਦੁਕਾਨਾਂ ਵਖ ਵਖ ਆਕਾਰ
14. ਪੂਰੇ ਦਾ ਪੂਰਾ ਗੁਰਦੁਆਰਾ ਖ਼ਿਤੇ ਦੇ ਬਾਹਰ ਵਾਰ ਪਛੱਮ ਵਿਚ ਗੁਲਾਬ ਸਿੰਘ ਦੇ ਮਕਾਨ, ਸੰਗਲਵਾਲੀ ਗਲੀ, ਭਾਈ ਅਰਜਨ ਸਿੰਘ ਦੇ ਮਕਾਨ
15. ਉਤਰੀ ਖਿਤੇ ਵਿਚ ਮੌਜੂਦ ਬਾਜ਼ਾਰ ਆਦਿ

ਆਰੰਭਿਕਾ :
ਅੰਤਿਕਾ :

ਹੱਥ ਲਿਖਤ ਨੰ : MS 5007
ਸ੍ਰੋਤ : ਅਗਿਆਤ
ਸਿਰਲੇਖ : **ਮਜਲਿਸ ਇਫ਼ਰੋਜ਼ (ਫ਼ਾਰਸੀ)**
ਲਿਖਾਰੀ : ਇਬਨ ਯੁਮਨ
ਸਮਾਂ : ਦਰਜ ਨਹੀਂ
ਰਚਨਾ ਕਾਲ : ਅਗਿਆਤ
ਸਥਾਨ : ਦਰਜ ਨਹੀਂ
ਪੱਤਰੇ : 58
ਚਿੱਤਰ : ਕੋਈ ਨਹੀਂ
ਆਕਾਰ : 7.2 X 16.5 ਸ.ਮ. ਲਿਖਤ : 7.2 X 16.5 ਸ.ਮ. ਨਸਤਾਲੀਕ
ਵੇਰਵਾ : ਲਾਲ ਰੰਗ ਵਿਚ ਦੋਹਰੀ ਲਕੀਰ ਦੇ ਹਾਸ਼ੀਏ ਤੇ ਡਬੀਆਂ ਬਣਾਕੇ ਕਾਵਿ ਬੰਦਾਂ ਨੂੰ ਵਖ ਵਖ ਕੀਤਾ ਹੈ। ਲਿਖਤ ਸਿਆਹੀ ਕਾਲੀ। ਮਸਨਵੀਆਂ ਦੀਆਂ ਲਾਲ ਡਬੀਆਂ ਵਡੀਆਂ, ਕਿੱਤਿਆਂ ਦੀ ਉਸ ਤੋਂ ਛੋਟੀਆਂ, ਗ਼ਜ਼ਲਾਂ ਡੱਬੇ ਬੰਦਵਾਰ ਹਨ।
ਆਮ ਵੇਰਵਾ : ਇਬਨ ਯੁਮਨ ਦੇ ਇਸ ਕਾਵਿ ਸੰਗ੍ਰਹਿ ਵਿਚ ਗ਼ਜ਼ਲਾਂ ਮਸਨਵੀਆਂ ਅਤੇ ਕਿੱਤੇ (ਟੋਟਕੇ-ਕਾਵਿ) ਦਰਜ ਹਨ। ਗ਼ਜ਼ਲਾਂ ਦੇ ਬੰਦ ਵਧ ਘਟ ਹਨ ਇਕਸਾਰ ਨਹੀਂ। ਆਖ਼ਰੀ ਬੰਦ ਨੂੰ ਕਵੀ ਨੇ ਵਖਰੀ ਡਬੀ ਵਿਚ ਅਭਿਵਿਅਕਤ ਕੀਤਾ ਹੈ। ਗ਼ਜ਼ਲਾਂ ਦਾ ਵਿਸ਼ਾ ਸੂਫ਼ੀਵਾਦੀ ਵਿਚਾਰਧਾਰਾ ਦੀ ਅਭਿਵਿਅਕਤੀ ਹੈ। ਪਹਿਲੇ ਚੌਂਤੀ ਪੰਨਿਆਂ ਉਤੇ ਰਹਸਵਾਦੀ ਗ਼ਜ਼ਲਾਂ ਹਨ। 35-36 ਉਤੇ ਤਿੰਨ ਰੁਬਾਈਆਂ ਬਾਅਦ॥ ਕਾਵਿ ਟੋਟਕੇ ਦਰਜ ਹਨ।
ਆਰੰਭ : ਐ ਖ਼ੁਸ਼ ਆਨ ਸਾਹਬ ਨਜ਼ਰੇ ਤੋਂ ਬਰਖ਼ੁਰਦਾਰ ਅਸਤ ਜਾਨ ਬਾ ਜਾਨਾਨ ਮੀ ਸਪੁਰਦ ਵ ਦੀਦਾਹ ਬਾ ਦੀਦਾਰ ਅਸਤ॥
ਅੰਤ : ਚੰਦ ਆਨ ਕਿ ਪਾਮਾਲ ਬੂਦਮ ਬਰ ਸਰ ਆਮਦਮ ਈਨ ਕਿਰਾਬਾ (.........ਪੰਨਾ ਫਟਿਆ ਹੈ)

ਹੱਥ ਲਿਖਤ ਨੰ : MS 5008
ਸ੍ਰੋਤ : ਦਰਜ ਨਹੀਂ
ਸਿਰਲੇਖ : **ਯੂਸਫ਼ ਜ਼ੁਲੈਖ਼ਾ (ਫ਼ਾਰਸੀ)**
ਲਿਖਾਰੀ : ਨਾਮੀ, ਅਬਦੁਲ ਰਹਮਾਨ ਨਕਲ ਕਰਤਾ ਦਾ ਨਾਮ ਦਰਜ ਨਹੀਂ।
ਸਮਾਂ : ਅਠਵੀਂ ਸਦੀ ਹਿਜਰੀ
ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 24 X 18 ਸ.ਮ. ਲਿਖਤ : 12 X 8 ਸ.ਮ. ਨਸਤਾਲੀਕ
ਵੇਰਵਾ : ਕਾਗ਼ਜ਼ ਕਦੀਮ ਜ਼ਰਦ ਦੋ ਕਿਸਮ ਦਾ ਲਗਾ ਹੈ ਪਹਿਲੇ ਭਾਗ ਵਿਚ ਕਾਗ਼ਜ਼ ਉਤੇ ਲਾਈਨ ਦਾ ਹਾਸ਼ੀਆ ਨਹੀਂ ਕਾਗ਼ਜ਼ ਵੀ ਪਤਲਾ ਹੈ। ਦੂਜੇ ਭਾਗ ਵਿਚ ਲਾਈਨਦਾਰ ਹਾਸ਼ੀਆ ਲਾਲ ਸਿਆਹੀ ਦਾ। ਹਾਸ਼ੀਏ ਲਾਲ ਦੋ ਕਾਲਮੀ ਹਨ। ਸੁਰਖ਼ੀਆਂ ਸੁਰਖ਼ ਦੋ ਕਾਲਮਾਂ ਵਿਚਕਾਰ ਹਨ।
ਆਮ ਵੇਰਵਾ : ਬਹਿਰ ਰਮਲ ਵਿਚ ਰਚਿਤ ਇਸ ਮਸਨਵੀ ਵਿਚ ਜਾਮੀ ਨੇ ਯੂਸਫ਼ ਜ਼ੁਲੈਖ਼ਾਂ ਦੀ ਮਿਸਰ ਦੇਸ ਦੀ ਪ੍ਰੇਮ ਕਥਾ ਨੂੰ ਬਿਆਨਿਆ ਹੈ। ਜੋ ਕੁਰਾਨ ਦੀ ਕਸਿਸ ਅਲੰਬੀਆ ਅਤੇ ਬਾਈਬਲ ਦੇ GENSIS ਵਿਚ ਦਰਜ ਹੈ। ਕੁਰਾਨ ਵਿਚ ਸੂਰਇ ਯੂਸਫ਼ ਵਿਚਲੀ ਕਥਾ ਇਸ ਮਸਨਵੀ ਵਿਚ ਵਰਣਿਤ ਹੈ।
ਆਰੰਭ : ਕਲਮਾ ਇਫ਼ਤਤਾਹ:
ਇਲਾਹੀ ਗੁੰਚਾਏ ਉਮੀਦ॥ ਬਿਗੁਸ਼ਾ ਕਲੀ ਅਜ਼ ਅਜ਼ ਰੋਜਾਏ ਜਾਵੈਦ ਬਨੁਮਾ
ਅੰਤ : ਤੁਮਤ ਤਮਾਮ ਕਿਤਾਬ ਜੁਲੈਖ਼ਾ ਯੂਸਫ਼ ਮੌਲਾਨਾ ਜਾਮੀ ਰਹਮਤੁਲਾ ਅਲਾ

ਹੱਥ ਲਿਖਤ ਨੰ : MS 5009
ਸ੍ਰੋਤ : ਦਰਜ ਨਹੀਂ
ਸਿਰਲੇਖ : **ਅਰਬੀ-ਫ਼ਾਰਸੀ ਗ੍ਰਾਮਰ**
ਲਿਖਾਰੀ : ਕਰਮ ਇਲਾਹੀ
ਸਮਾਂ : 17 ਜਨਵਰੀ 1869 ਈ.
ਰਚਨਾ ਕਾਲ : ਦਰਜ ਨਹੀਂ
ਸਥਾਨ : ਲਾਹੌਰ
ਪੱਤਰੇ : 67
ਚਿੱਤਰ : ਕੋਈ ਨਹੀਂ
ਆਕਾਰ : 23 X 13 ਸ.ਮ. ਲਿਖਤ : 16 X 7 ਸ.ਮ. ਨਸਾਖ਼ ਤੇ ਕੂਫ਼ੀ
ਵੇਰਵਾ : ਦੋਹਰੀ ਲਾਈਨ ਡਬੀਦਾਰ ਹਾਸ਼ੀਆ। ਬਾਹਰੀ ਹਾਸ਼ੀਆ ਨੀਲਾ ਦਰੂਨੀ ਦੋਹਰੀ ਲਾਈਨ ਲਾਲ ਰੰਗ ਹਾਸ਼ੀਆ। ਸੁਰਖ਼ੀਆਂ ਸੁਰਖ਼ ਮੂਲ ਪਾਠ ਸਿਆਹ। ਕਾਗ਼ਜ਼ ਕਦੀਮ ਜ਼ਰਦ। ਖ਼ੁਸ਼ਖ਼ਤ । ਪ੍ਰਤੀ ਪੰਨਾ ਸਤਰਾਂ ਔਸਤਨ 15 । ਹਵਾਲੇ ਹਾਸ਼ੀਏ ਤੋਂ ਬਾਹਰ ਵੀ ਦਰਜ ਹਨ। ਪੁਸ਼ਤਾ ਸੁਰਖਿਅਤ।
ਆਮ ਵੇਰਵਾ : ਫ਼ਾਰਸੀ ਤੇ ਅਰਬੀ ਦੀ ਵਿਆਕਰਣ ਦੇ ਵਿਸ਼ੇ ਦੀ ਇਹ ਪੁਸਤਕ ਗੌਰਮਿੰਟ ਸਕੂਲ ਲਾਹੌਰ ਦੀ ਮਾਲਕੀ ਵਿਚ ਰਹੀ। ਵਿਸ਼ੇ ਪਖੋਂ ਲੇਖਕ ਨੇ ਪਹਿਲੇ ਭਾਗ ਵਿਚ ਫ਼ਾਰਸੀ ਦੀ ਗ੍ਰਾਮਰ ਬਿਆਨ ਕੀਤੀ ਹੈ। ਇਸਮ- ਉਹਨਾਂ ਦੀਆਂ ਕਿਸਮਾਂ ਜ਼ਮੀਰਾਂ ਤੇ ਉਹਨਾਂ ਦੀਆਂ ਕਿਸਮਾਂ ਫ਼ਿਅਲ-ਕਿਰਿਆਵਾਂ ਦਾ ਵਰਣਨ। ਉਪਰੰਤ ਦੂਸਰੇ ਹਿਸੇ ਵਿਚ ਅਰਬੀ ਭਾਸ਼ਾ ਦੀ ਵਿਆਕਰਣ ਵੀ ਇਸੇ ਪ੍ਰਕਾਰਜ ਦਰਜ ਕੀਤੀ ਹੈ। ਅਰਬੀ ਦੀਆਂ ਟੂਕਾਂ ਤੇ ਹਵਾਲੇ ਲੇਖਕ ਨੇ ਕੂਫ਼ੀ ਲਿਪੀ ਵਿਚ ਹਾਸ਼ੀਏ ਤੋਂ ਬਾਹਰ ਦਰਜ

ਕੀਤੇ ਹਨ। ਦੋਹਾਂ ਭਾਸ਼ਾਵਾਂ ਦੇ ਸੀਗੇ ਵੀ ਵਰਣਿਤ ਹਨ ਤੇ ਲੇਖਕ ਦਾ ਮੂਲ ਆਧਾਰ ਅੰਗਰੇਜ਼ੀ ਗਰਾਮਰ ਹੈ। ਉਸੇ ਆਧਾਰ ਉਤੇ ਉਸਨੇ ਅਰਬੀ ਦੇ ਅੰਗ ਫ਼ਾਰਸੀ ਗ੍ਰਾਮਰ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ।

ਆਰੰਭ : ਬਦਾਨ ਅਸਅਦਰ ਅਲਹ ਤਆਲਾ ਫ਼ੀ ਅਲਦਾਰੀ ਨਾਂ ਕਿ ਕਲਮਾਤੇ ਲੁਗ਼ਤ ਅਰਬ ਬਰ ਸੈ ਕਿਸਮਤ ਅਸਤ

ਅੰਤ : ਖ਼ਤੇ ਮਨ ਜ਼ਸ਼ਤ ਅਸਤ ਵ ਤਬਾਹੂ ਹੈਫ਼ ਅਜ਼ੀ ਕਾਗ਼ਜ਼ ਕਿ ਕਰਦਮ ਸਿਆਹ

ਹੱਥ ਲਿਖਤ ਨੰ : MS 5010

ਸ੍ਰੋਤ : ਦਰਜ ਨਹੀਂ

ਸਿਰਲੇਖ : **ਜੁਜ਼ੂ ਅਸਾਸੇ ਅਸਲੀ (ਫ਼ਾਰਸੀ ਤੇ ਅਰਬੀ)** ਤਿੰਨ ਭਾਗ

ਲਿਖਾਰੀ : ਅਮਾਨੁਲਾ ਵਲਦ ਸ਼ੈਖ਼ ਹਿਦਾਦ

ਸਮਾਂ : ਹਿਜਰੀ 1107, 7, ਸ਼ਿਵਾਲ

ਰਚਨਾ ਕਾਲ : ਬਾਹਰਵੀਂ ਸਦੀ ਹਿਜਰੀ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀ

ਚਿੱਤਰ : ਕੋਈ ਨਹੀਂ

ਆਕਾਰ : 23 X 14.5 ਸ.ਮ. ਲਿਖਤ : 17 X 10 ਸ.ਮ. ਨਸਤਾਲੀਕ

ਵੇਰਵਾ : ਕਿਰਮ ਖਾਧਾ ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਸੁਰਖਿਅਤ। ਸੁਰਖ਼ੀਆਂ ਸੁਰਖ਼ ਮੂਲ ਪਾਠ ਸਿਆਹੀ ਨਾਲ ਲਿਖਿਆ। ਪ੍ਰਤੀ ਪੰਨਾ ਔਸਤਨ 13 ਸਤਰਾਂ ਦਰਜ ਹਨ।

ਆਮ ਵੇਰਵਾ : **ਪਹਿਲਾ ਭਾਗ** ਅਠ ਅਧਿਆਇ ਵਿਚ ਹੈ। ਵਜ਼ੂ ਮੁਖ ਤੌਰ ਉਤੇ ਬਿਆਨ ਕੀਤਾ ਹੈ ਉਪਭਾਗਾਂ ਵਿਚ ਵਜ਼ੂ ਸ਼ਰਤਾਂ ਤੇ ਢੰਗ, ਸੁੰਨਤ ਮੁਸਤਜਾਬ ਵਜ਼ੂ ਵਿਚ ਮਨਾਹੀਆਂ, ਮਕਰੂਹਾਤ (ਮਨ੍ਹਾ ਕੀਤੇ ਕਾਰਜ) ਬਿਆਨ ਦਰਜ ਹਨ । **ਦੂਸਰਾ ਭਾਗ ਇਲਮੇ ਫ਼ਿਕਾਅ** ਇਹ ਅਰਬੀ ਭਾਸ਼ਾ ਵਿਚ ਲਿਖਿਆ ਹੈ। ਇਸ ਵਿਚ ਪਹਿਲਾ ਪਾਠ ਕੁਰਾਨ ਸੁੰਨਤ ਦੇ ਦਸੇ ਜ਼ਰੂਰੀ ਫ਼ਰਜ਼, ਦੂਜੇ ਅਧਿਆਇ ਵਿਚ ਸ਼ਲਾਘਾਜੋਗ ਕੰਮ (ਵਾਜਿਬਾਤ) ਫਿਰ ਨਮਾਜ਼, ਨਿਖੇਧਣਜੋਗ ਕਾਰਜ ਤੇ ਕਿਰਾਤ (ਕੁਰਾਨੀ ਪਾਠ), ਨਫ਼ਰਤਜੋਗ ਕਾਰਜ ਤੇ ਫ਼ਸਾਦ ਆਦਿ ਨੌ ਅਧਿਆਇ ਹਨ। **ਤੀਸਰਾ ਭਾਗ** ਫ਼ਾਰਸੀ ਭਾਸ਼ਾ ਵਿਚ ਹੈ ਜਿਸ ਵਿਚ ਵਜ਼ੂ ਉਤੇ ਲੰਮੀ ਬਹਿਸ, ਗ਼ੁਸਲ ਨਮਾਜ਼, ਰੋਜ਼ੇ ਦੇ ਮਹਤਵ ਬਿਆਨੇ ਹਨ। ਲੇਖਕ ਨੇ ਫ਼ਾਰਸੀਦਾਨਾਂ ਦੇ ਸ਼ਿਅਰਾਂ ਰਾਹੀਂ ਆਪਣੇ ਵਰਣਨ ਨੂੰ ਠੋਸ ਸਾਬਤ ਕੀਤਾ ਹੈ।

ਆਰੰਭ : ਕਲਮਾਤੇ ਫ਼ਾਤਿਹਾ :
ਅਲਹਮਦ ਲਿਲਾਹਿ ਅਲਰਬਿ ਅਲਆਮੀਨ ਵ ਅਲਆਕਬਤ ਅਲਮੁਤਿਕੀਨ ਵ ਅਲਸਲਾਤੂ ਅਲੈ ਰਸੂਲਹੂ ਮੁੰਹਮਦ ਵ ਅਲਾ ਅਜਮਾਈਨ

ਅੰਤ : ਕਾਤਿਬ ਫ਼ਕੀਰ ਹਕੀਰ ਰਾ ਚਿ ਅਲੈ ਫ਼ਜ਼ਲ ਅਲਹ ਵਲਦ ਮਰਹੂਮ ਸ਼ੈਖ਼ ਹਿਦਾਦ ਬਾ ਤਾਰੀਖ਼ੇ ਹਸ਼ਤਮ ਸ਼ਹਿਰ ਸ਼ਿਵਾਲ ਹਿਜਰੀ 1107

ਹੱਥ ਲਿਖਤ ਨੰ : MS 5011

ਸ੍ਰੋਤ : ਦਰਜ ਨਹੀਂ

ਸਿਰਲੇਖ : **ਮਸਨਵੀ ਨਿਆਮਤ ਖ਼ਾਨ ਆਲੀ (ਫ਼ਾਰਸੀ-ਅਰਬੀ)**

ਲਿਖਾਰੀ : ਨਿਆਮਤ ਖ਼ਾਨ

ਸਮਾਂ : ਅਗਿਆਤ

ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀ
ਚਿੱਤਰ : ਕੋਈ ਨਹੀਂ
ਆਕਾਰ : 23 X 15.5 ਸ.ਮ. ਲਿਖਤ : 16 X 10 ਸ.ਮ. ਨਸਤਾਲੀਕ
ਵੇਰਵਾ : ੳ) ਪੁਸਤਕ ਦਾ ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਬਿਖਰਿਆ ਹੋਇਆ ਪ੍ਰਤੀ ਪੰਨਾ 15 ਸਤਰਾਂ। ਸੁਰਖ਼ੀਆਂ ਸੁਰਖ਼। ਅ) ਵਾਰਤਕ ਭਾਗ ਦੀਆਂ ਸੁਰਖ਼ੀਆਂ ਵੀ ਸਿਆਹ। ਸਮੁਚਾ ਮੂਲਪਾਠ ਸਿਆਹੀਦਾਰ। ਮਸਨਵੀ ਦੀ ਭਾਸ਼ਾ ਫ਼ਾਰਸੀ ਹੈ ਅਤੇ ਰਿਸਾਲਾ ਅਰਬੀ ਭਾਸ਼ਾ ਵਿਚ ਹੈ।
ਆਮ ਵੇਰਵਾ : 1) ਇਸ ਹਥਲਿਖਤ ਵਿਚ ਵਖ ਵਖ ਭਾਗ ਹਨ। ਪਹਿਲੇ ਭਾਗ ਵਿਚ ਨਿਅਮਤਖ਼ਾਨ ਦੀ ਮਸਨਵੀ ਦਰਜ ਹੈ। ਜੋ ਬਹਰ ਤਿਕਾਰਬ ਵਿਚ ਲਿਖੀ ਹੈ। ਲੇਖਕ ਨੇ ਤਮਸੀਲਾਂ ਤੇ ਹਿਕਾਇਤਾਂ ਰਾਹੀਂ ਵਿਸ਼ੇ ਦੀ ਉਸਾਰੀ ਤੇ ਨਿਭਾਅ ਕੀਤਾ ਹੈ। 2) ਦੂਜੇ ਭਾਗ ਵਿਚ ਕਿਸੇ ਮੌਲਵੀ ਦਾ ਧਾਰਮਿਕ ਖ਼ੁਤਬਾ 3) ਤੀਸਰਾ ਭਾਗ ਮੌਲਾਨਾ ਫ਼ਾਜ਼ਲੀ ਹਿੰਦਵੀ ਦੇ ਵਿਚਾਰਾਂ ਦਾ ਫ਼ਾਰਸੀ ਅਨੁਵਾਦ ਅਤੇ ਚੌਥੇ 4) ਭਾਗ ਵਿਚ ਕਾਤਿਬ ਨੇ ਸਊਤੁਲ ਵਰਕ ਦੇ ਸਿਰਲੇਖ ਹੇਠ ਅਰਬੀ ਭਾਸ਼ਾ ਵਿਚ ਵਖ ਵਖ ਫ਼ਸਲਾਂ ਅਧਿਆਇਆਂ ਵਿਚ ਇਸਲਾਮੀ ਧਾਰਮਿਕ ਵਿਚਾਰਧਾਰਾ ਨੂੰ ਅਭਿਵਿਅਕਤ ਕੀਤਾ ਹੈ।
ਆਰੰਭ : ਸ਼ਜ਼ਰ ਫ਼ੀ ਫ਼ਸਲੋ ਆਬ ਵ ਸਵਾਦ ਸਫ਼ਾਏ ਕਿਤਾਬ ਦਰੀ ਚਲਹਮ
ਅੰਤ : ਫ਼ੀ ਹਾਜ਼ਾ ਅਲਮੁਗ਼ਾਮ ਵ ਨਖ਼ਈਤਮ ਅਲਰਿਸਾਲਾ ਬਾ ਅਲਖ਼ਤੀਆ ਵ ਅਲ ਇਸਲਾਮ

ਹੱਥ ਲਿਖਤ ਨੰ : MS 5012
ਸ੍ਰੋਤ : ਦਰਜ ਨਹੀਂ
ਸਿਰਲੇਖ : **ਵਕਾਈਏ ਨੇਅਮਤਖ਼ਾਨ ਅਲੀ (ਫ਼ਾਰਸੀ)**
ਲਿਖਾਰੀ : ਨਿਅਮਤਖ਼ਾਨ /ਫ਼ਜ਼ਲੁਦੀਨ
ਸਮਾਂ : ਦਰਜ ਨਹੀਂ
ਰਚਨਾ ਕਾਲ : ਦਰਜ ਨਹੀਂ
ਸਥਾਨ : ਦਰਜ ਨਹੀਂ
ਪੱਤਰੇ : ਕ੍ਰਮਾਂਕ ਦਰਜ ਨਹੀ
ਚਿੱਤਰ : ਕੋਈ ਨਹੀਂ
ਆਕਾਰ : 23 X 13 ਸ.ਮ. ਲਿਖਤ : 18 X 9.5 ਸ.ਮ. ਸ਼ਿਕਸਤਾ ਤੇ ਨਸਤਾਲੀਕ
ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਮਜ਼ਬੂਤ ਪੱਕਾ। ਸੁਰਖ਼ੀਆਂ ਸੁਰਖ਼ ਤੇ ਮਿਤਨ ਸਿਆਹੀਦਾਰ। ਕਾਵਿ ਭਾਗ ਦੋ ਕਾਲਮਾਂ ਤੇ ਵਿਆਖਿਆ ਵਗ਼ੈਰਾ ਨਿਰੰਤਰ ਸਤਰਾਂ ਵਿਚ ਕੀਤੀ ਹੈ। ਸੋਧ ਸਿਆਹੀ ਨਾਲ ਕੀਤੀ ਹੋਈ ਹੈ ਅਤੇ ਲਿਖਤ ਦੋ ਹਥਾਂ ਦੀ ਲਿਖੀ ਹੋਈ ਹੈ।
ਆਮ ਵੇਰਵਾ : ਇਸ ਹਥਲਿਖਤ ਵਿਚ ਨਿਅਮਤ ਖ਼ਾਨ ਦੀਆਂ ਰਚਨਾਵਾਂ 1) ਹੁਸਨੋ ਇਸ਼ਕ ਮਸਨਵੀ 2) ਵਕਾਈਏ ਹੈਦਰਾਬਾਦ (35 ਘਟਨਾਵਾਂ) 3) ਖ਼ਵਾਨੇ ਜੰਗ ਦਰਜ ਨਹੀਂ। ਇਹ ਰਚਨਾਵਾਂ ਵਾਰਤਕ ਤੇ ਕਵਿਤਾ ਮਿਲਾਕੇ ਲਿਖੀਆਂ ਗਈਆਂ ਹਨ। ਇਸੇ ਪੁਸਤਕ ਵਿਚ ਨਿਅਮਤ ਖ਼ਾਨ ਨੇ ਇਸਲਾਮੀ ਧਰਮ ਦੇ ਵਡੇਰਿਆਂ ਦੀ ਸਿਫ਼ਤ ਕੀਤੀ ਹੈ। ਪਹਿਲੀਆਂ ਪੋਥੀਆਂ ਵਿਚ ਜੰਗੀ ਚਾਲਾਂ ਪਰ ਅਖ਼ੀਰ ਵਿਚ ਮੀਰਾਨ ਸ਼ਾਹ, ਮੁਹੰਮਦ ਸ਼ਾਹ, ਅਬੂਸਈਦ, ਉਮਰ ਸ਼ੈਖ਼, ਬਾਬਰ ਬਾਦਸ਼ਾਹ, ਹਮਾਯੂੰ, ਅਕਬਰ, ਸ਼ੇਖ਼ ਨਜ਼ਾਮੁ, ਰਸੂਲ ਸ਼ਾਹ ਮੀਆਂ, ਖ਼ਵਾਜਾ ਅਹਮਦ, ਅਫ਼ੀਦੀਨ ਅਤੇ ਅਮੀਰ ਖ਼ੁਸਰੋ ਆਦਿ ਦੀ ਸਿਫ਼ਤ ਕੀਤੀ ਹੈ।
ਆਰੰਭ : ਕਲਮਾਤੇ ਇਫ਼ਤਤਾਹ

ਹਦੀਸੇ ਇਸ਼ਕ ਸ਼ੁਦ ਜ਼ੈਬੇ ਬਯਾਨਮ । ਚੂੰ ਸ਼ਮਅ ਉਫ਼ਤਾਦ ਆਤਿਸ਼ ਬਰ ਜ਼ਬਾਨਮ ।

ਅੰਤ : ਤੁਮਤ ਤਮਾਮ ਸ਼ੁਦ ਹਜ਼ਾ ਅਲ ਨੁਸਖਾ ਬ ਅਊਨ ਅਲਾਹ ਅਲਮਾਲਕ ਅਲਵਹਾਬ ਜਲ ਜਲਾਲ ਆਖ਼ਰੀਨ ਸੈ ਵਰਕ ਬ ਯਦੇ ਅਲਹਕੀਰ ਅਲਜ਼ਈਫ਼ ਫ਼ਜ਼ਲੂ ਦੀਨ ਤਹਿਰੀਰ ਦਰ ਆਮਦ

ਹੱਥ ਲਿਖਤ ਨੰ : MS 5013

ਸ੍ਰੋਤ : ਪੂਰਨ ਸਿੰਘ ਹੁਨਰ

ਸਿਰਲੇਖ : **ਅਨਵਾਰ ਸਹੇਲੀ (ਫ਼ਾਰਸੀ)**

ਲਿਖਾਰੀ : ਨਕਲ ਗ਼ੁਲਾਮ ਫ਼ਰੀਦ ਡਾਰ ਮੁੰਹਮਦ ਦਾਨੀਆਲ

ਸਮਾਂ : ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਰਹਿਤ

ਚਿੱਤਰ : ਕੋਈ ਨਹੀਂ

ਆਕਾਰ : 26 X 16 ਸ.ਮ. ਲਿਖਤ : 19.5 X 10 ਸ.ਮ. ਸ਼ਿਕਸਤਾ

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਮੂਲ ਪਾਠ ਸਿਆਹ। ਸੁਰਖ਼ੀਆਂ ਸੁਰਖ਼ ਪ੍ਰਤੀ ਪੰਨਾ ਔਸਤਨ 19 ਸਤਰਾਂ। ਲਿਖਤ ਸੋਧ ਵੀ ਲਾਲ ਰੰਗ ਨਾਲ ਕੀਤੀ ਹੈ। ਪੁਸ਼ਤਾ ਮਜ਼ਬੂਤ ਸੁਰਖਿਅਤ ਕੀਤਾ ਗਿਆ ਜਿਲਦ ਪਕੀ।

ਆਮ ਵੇਰਵਾ : ਨੁਸਖ਼ੇ ਦਾ ਮੂਲ ਕੁਲੈਲਾ ਵ ਦਮਨਾ ਫ਼ਾਰਸੀ ਦੀ ਮੂਲ ਪੁਸਤਕ ਹੈ। ਇਹੋ ਪੁਸਤਕ ਅਯਾਰੇ ਦਾਨਿਸ਼ ਦੇ ਨਾਮ ਨਾਲ ਵੀ ਪ੍ਰਚਲਿਤ ਨਕਲ ਕਰਤਾ ਨੇ ਇਹ ਤਥ ਤਸਲੀਮ ਕੀਤਾ ਹੈ ਕਿ ਕੁਲੈਲਾ ਵ ਦਮਨਾ ਅਤੇ ਅਨਵਾਰ ਸਹੇਲੀ ਇਸੇ ਪੋਥੀ ਦੇ ਨਾਮ ਹਨ। ਅਸਲ ਰੂਪ ਵਿਚ ਪੁਸਤਕ ਪੰਚਤਤਰ ਸੰਸਕ੍ਰਿਤ ਪੁਸਤਕ ਦਾ ਅਨੁਵਾਦ ਹੈ ਤੇ ਉਕਤ ਨਾਵਾਂ ਹੇਠ ਇਹ ਪੁਸਤਕ ਸਮੇਂ ਸਮੇਂ ਅਨੂਚਿਤ ਕੀਤੀ ਜਾਂਦੀ ਰਹੀ। ਕੁਲੈਲਾ ਵ ਦਮਨਾ ਰੂਦਕੀ ਨੇ ਅਨੁਵਾਦ ਕੀਤੀ ਅਤੇ ਇਹ ਪੋਥੀ ਮੁੱਲਾ ਵਾਇਜ਼ (ਮੁਹਸਨੀ) ਦਾ ਅਨੁਵਾਦ ਹੈ। ਈਰਾਨ ਦੇ ਸਾਸਾਨੀ ਖ਼ਾਨਦਾਨ ਦੇ ਬਾਦਸ਼ਾਹਾਂ ਦੂਸਰੀ ਸਦੀ ਨੇ ਸਮੁਚੇ ਵਿਸ਼ਵ ਦੇ ਵਿਦਵਾਨਾਂ ਅਤੇ ਗ੍ਰੰਥ ਇਕਤਰ ਕਰਵਾ ਕੇ ਅਨੁਵਾਦ ਕਰਵਾਏ ਤਾਂ ਇਹ ਗ੍ਰੰਥ ਸੰਸਕ੍ਰਿਤ ਵਿਚੋਂ ਫ਼ਾਰਸੀ ਵਿਚ ਉਲਥਾ ਕੀਤਾ ਗਿਆ। ਆਧੁਨਿਕ ਖੋਜ ਨੇ ਸਿੱਧ ਕੀਤਾ ਹੈ ਕਿ ਪੰਚਤੰਤਰ ਦੇ ਰੂਪ ਵਿਚ ਇਸ ਪੁਸਤਕ ਵਿਚ ਪੂਰਵ ਆਰੀਅਨ ਕਬੀਲਿਆਂ, ਆਸਟਰੀਅਨ ਤੇ ਨੀਗ੍ਰੀਏ ਦੀਆਂ ਲੋਕ ਕਥਾਵਾਂ ਵੀ ਦਰਜ ਹਨ ।

ਆਰੰਭ : ਕਲਮਾਏ ਇਫ਼ਤਤਾਹ।: ਹਜ਼ਰਤ ਹਕੀਮ ਅਲੈ ਅਲਤਲਾਕ ਜਲਤ ਹੁਕਮਤ ਕਿ ਵਜ਼ਾਇਫ਼ ਲਤਾਇਫ਼ ਹਮਦੋ ਸਨਾ

ਅੰਤ : ਨਵਿਸ਼ਤਾ ਬਮਾਨਦ ਸਿਆਹ ਬਰ ਸਫ਼ੇਦ। ਨਵੀਸੰਦਾ ਰਾ ਨੀਸਤ ਫ਼ਰਦਾ ਉਮੀਦ ਇਲਾਹੀ ਬ ਦੇਹ ਅਜ਼ ਅਨਾਇਤ ਕੁਲੀਦ॥ ਦਰ ਕਸਰੇ ਇਲਮ ਵ ਵੁਸਅਤ ਮਜ਼ੀਦ॥

ਹੱਥ ਲਿਖਤ ਨੰ : MS 5014

ਸ੍ਰੋਤ : ਪੂਰਨ ਸਿੰਘ ਹੁਨਰ

ਸਿਰਲੇਖ : **ਤਨਕੀਦੀ ਕਿਤਾਬ ਮਹਿਮੂਦ ਨੀਸ਼ਾਪੁਰੀ ਦੇ ਦੀਵਾਨ ਉਪਰ ਆਲੋਚਨਾ (ਫ਼ਾਰਸੀ)**

ਲਿਖਾਰੀ : ਅਗਿਆਤ

ਸਮਾਂ : ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ
ਪੱਤਰੇ : 151
ਚਿੱਤਰ : ਕੋਈ ਨਹੀਂ
ਆਕਾਰ : 30 X 18 ਸ.ਮ. ਲਿਖਤ : 21 X 11 ਸ.ਮ. ਨਸਤਾਲੀਕ
ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਲਿਖਾਈ ਅਤਿ ਸੁੰਦਰ। ਸੁਰਖ਼ੀਆਂ ਸੁਰਖ਼। ਮਿਤਨ ਲਾਲ ਰੰਗ। ਦੋਹਰਾ ਹਾਸ਼ੀਆਦਾਰ ਸਫ਼ਾ। ਬਾਹਰੀ ਹਾਸ਼ੀਏ ਨੀਲੇ ਰੰਗ ਅਤੇ ਅੰਦਰੂਨੀ ਹਾਸ਼ੀਏ ਨੀਲੇ ਲਾਲ ਅਤੇ ਸੁਨਹਿਰੀ ਰੰਗਾਂ ਦੇ ਡਬੀਦਾਰ। ਪੁਸ਼ਤਾ ਬਿਖਰਿਆ।
ਆਮ ਵੇਰਵਾ : ਇਸ ਹਥਲਿਖਤ ਵਿਚ ਮਹਿਮੂਦ ਨੀਸ਼ਾਪੁਰੀ ਫ਼ਾਰਸੀ ਕਵੀ ਦੇ ਦੀਵਾਨ ਰਚਨਾਵਾਂ ਉਪਰ ਟੀਕਾ ਟਿਪਣੀ ਕੀਤੀ ਗਈ ਹੈ। ਟਿਪਣੀ ਕਰਤਾ ਮੁੰਹਮਦ ਬੁਰਹਾਨ ਕੁਰੈਸ਼ੀ ਨਾਮ ਰਖਦਾ ਹੈ। ਉਸਨੇ ਕਲਾਮ ਵਿਚੋਂ ਹਵਾਲੇ ਦੇ ਦੇ ਕੇ ਤਫ਼ਸੀਰ ਕੀਤੀ ਗਈ ਹੈ। ਖ਼ਾਸ ਖ਼ਾਸ ਬੈਂਤ ਲਾਲ ਰੰਗ ਵਿਚ ਦਿਤੇ ਹਨ। ਰਚਨਾਕਾਰ ਦੀ ਵਰਤੀ ਹੋਈ ਸ਼ਬਦਾਵਲੀ ਉਪਰ ਬਹੁਤ ਘੋਖ ਘੋਖ ਕੇ ਇਸ ਆਲੋਚਨਾ ਪੁਸਤਕ ਦੀ ਇਬਾਰਤ ਲਿਖੀ ਗਈ ਹੈ ਸੰਭਵ ਹੈ ਕਿ ਇਹ ਪੁਸਤਕ ਕਿਸੇ ਫ਼ਾਰਸੀ ਅਧਿਆਪਕ ਦੀ ਹੋਵੇ ਜੋ ਅੰਗਰੇਜ਼ੀ ਸਕੂਲ ਜਾਂ ਕਾਲਜ ਪ੍ਰਣਾਲੀ ਵਿਚ ਫ਼ਾਰਸੀ ਪੜ੍ਹਾਉਂਦਾ ਹੋਵੇ।
ਆਰੰਭ : ਕਲਮਾਏ ਇਫ਼ਤਤਾਹ: ਬਅਦ ਅਜ਼ ਹਮਦੋ ਸਨਾਏ ਬੇ ਇਨਤਹਾ ਮੁਰ ਖ਼ਾਲਕੀ ਰਾ ਕਿ ਕੂਨੋ ਮਕਾਨ ਰਾ...............
ਅੰਤ : ਮਾਯਾਨ ਬਾਖ਼ੈਰ ਬਾਦ ਤੁਮਤ ਤਮਾਮ ਸ਼ੁਦ ਨੁਸਖ਼ਾਏ ਮੁਤਰਕਾ ਬਾ ਅਊਨਅਲਾ ਤਆਲਾ

ਹੱਥ ਲਿਖਤ ਨੰ : MS 5015
ਸ੍ਰੋਤ : ਪੂਰਨ ਸਿੰਘ ਹੁਨਰ
ਸਿਰਲੇਖ : **ਮਜਮੂਆਏ ਸੁਲਤਾਨ ਅਲੀ ਤਬੀਬ (ਫ਼ਾਰਸੀ)**
ਲਿਖਾਰੀ : ਲਾਲਾ ਕਾਲੂ ਰਾਮ
ਸਮਾਂ : 1898 **ਈ:**
ਰਚਨਾ ਕਾਲ : ਦਰਜ ਨਹੀਂ
ਸਥਾਨ : ਅਗਿਆਤ
ਪੱਤਰੇ : 103
ਚਿੱਤਰ : ਸ਼ਾਮਿਲ ਹਨ
ਆਕਾਰ : 23 X 15 ਸ.ਮ. ਲਿਖਤ : 18.5 X 12.2 ਸ.ਮ. ਨਸਾਖ਼ ਤੇ ਸ਼ਿਕਸਤਾ
ਵੇਰਵਾ : ਸੁਰਖ਼ੀਆਂ ਸੁਰਖ਼। ਕਾਗ਼ਜ਼ ਜ਼ਰਦ ਕਦੀਮ। ਮੂਲਪਾਠ ਸਿਆਹ। ਤਸਵੀਰਾਂ ਰੰਗਦਾਰ। ਮੁਖ ਪੰਨੇ ਉਪਰ ਫੁਲ ਬੂਟੀਆਂ ਦੀ ਸਜਾਵਟ। ਪ੍ਰਤੀ ਪੰਨਾ ਸਤਰਾਂ ਇਕਸਾਰ ਨਹੀ । ਕੁਝ ਪੰਨੇ ਦੋਹਰੀ ਲਾਈਨ ਦੇ ਡਬੀਦਾਰ ਹਾਸ਼ੀਏ ਵਿਚ ਅਤੇ ਕੁਝ ਪੰਨੇ ਬਿਨਾਂ ਹਾਸ਼ੀਏ ਹਨ।
ਆਮ ਵੇਰਵਾ : ਪੁਸਤਕ ਵਖ ਵਖ ਭਾਗਾਂ ਉਤੇ ਨਿਰਧਾਰਿਤ ਹੈ।

**ੳ) ਦਸਤੂਰ ਉਲ ਇਲਾਜ** ਪਹਿਲਾ ਹਿਸਾ ਹੈ। ਲੇਖਕ ਨੇ ਇਹ 19 ਭਾਗਾਂ ਅਧਿਆਇਆਂ ਵਿਚ ਵੰਡਿਆ ਹੈ। 1) ਤਿਬ ਦੀਆਂ ਸੀਮਾਵਾਂ 2) ਤਿਬ ਪਾਬੰਦੀਆਂ 3) ਇਲਮੀ ਤੇ ਅਮਲੀ ਤਿਬ 4) ਸਰੀਰ ਵਿਚ ਜਲ ਅਧਿਕਤਾ 5) ਹਵਾ ਬਾਦੀ ਰੋਗ 6) ਜਿਸਮ ਤੱਤਾਂ ਦੀ ਪਛਾਣ 7) ਗਰਮੀ ਤਪਸ਼ ਦੀ ਅਧਿਕਤਾ ਤੇ ਸਰੀਰ 8) ਉਕਤ ਤਥਾਂ ਤੇ ਆਧਾਰਿਤ ਮਾਨਵੀ ਸੁਭਾਅ 9) ਉਕਤ ਤਤਾਂ ਵਿਚ ਸਮਾਨਤਾ 10) ਦਿਲ ਦੀ ਤਾਸੀਰ ਤੇ ਪ੍ਰਕਿਰਤੀ 11) ਦੀਰਘ ਆਯੂ 12) ਉਮਰ ਅਤੇ ਸੁਭਾਅ 13) ਸੁਭਾਅ ਅਤੇ ਹਾਲਾਤ ਦੇ ਸੰਬੰਧ 14) ਰੱਤ ਬਾਰੇ ਹਾਲਾਤ 15) ਬਲਗ਼ਮ ਦੇ ਵਿਸ਼ੇ ਬਾਰੇ 16) ਬਲਗ਼ਮ ਤੇ ਜਨੂੰਨ 17) ਸੁਫ਼ਰਾ ਦੀਆਂ ਦੋ ਕਿਸਮਾਂ 18) ਜਨੂੰਨ ਦੀਆਂ ਦੋ ਕਿਸਮਾਂ

19) ਹਾਜ਼ਮਾ ਤੇ ਹਾਲਾਤ-ਮਿਹਦੇ ਦੀ ਦਸ਼ਾ। ਇਹਨਾਂ ਅਧਿਆਇਆਂ ਵਿਚ ਲੇਖਕ ਨੇ ਹਿਕਮਤ ਦੇ ਨਿਅਮ ਅਸੂਲ ਤੇ ਨਿਜੀ ਅਨੁਭਵ ਡੂੰਘਾਈ ਨਾਲ ਵਰਣਨ ਕੀਤਾ ਹੈ। ਪਹਿਲੇ 26 ਪਤਰਿਆਂ ਉਪਰ ਇਸ ਪੁਸਤਕ ਵਿਚ ਉਕਤ ਵਿਸ਼ਿਆਂ ਦੀ ਨਕਲ ਹੈ।

**ਅ) ਰੁਮਾਂਟਿਕ ਰੁਬਾਈਆਂ** (29-47) ਮਹਿਮੂਦ ਅਤੇ ਅਯਾਜ਼ ਦੀ ਪ੍ਰੇਮ ਗਾਥਾ ਦਾ ਨਾਮ ਇਹਨਾਂ ਰੁਬਾਈਆਂ ਵਿਚ ਤਿੰਨ ਚਾਰ ਵਾਰ ਵਰਣਿਤ ਹੈ। ਰੁਬਾਈਆਂ ਦਾ ਵਿਸ਼ਾ ਤੇ ਛੰਦ ਪ੍ਰਬੰਧ ਉਮਰ ਖ਼ਿਆਮ ਵਾਲਾ ਹੈ। ਪਰ ਖ਼ਿਆਲ ਦੀ ਉਡਾਨ ਉਮਰ ਖਿਆਮ ਜੇਡੀ ਬੁਲੰਦ ਨਹੀਂ। ਹਿਜਰ-ਜੁਦਾਈ ਤੇ ਇਸ਼ਕ ਦੇ ਵਿਸ਼ੇ ਭਾਰੂ ਹਨ। ਪਹਿਲੇ ਕਿਸੇ ਵਿਦਵਾਨ ਨੇ ਇਸਨੂੰ ਬਖ਼ਸ਼ਉਲਾ ਦਾ ਮਹਮੂਦ ਨਾਮਾ, ਬਾਰਾਂ ਮਾਹ ਦਾ ਨਾਮ ਦਿਤਾ ਹੈ । ਪਰ ਬਾਰਾਂ ਮਾਹ ਵਾਲਾ ਛੰਦ ਨਹੀਂ ਅਤੇ ਨਾਹੀਂ ਬਖ਼ਸ਼ ਉਲਾ ਦਾ ਕਿਧਰੇ ਨਾਮ ਵਰਣਿਤ ਹੈ।

**ੲ) ਫ਼ਾਲਨਾਮਾ** ਮਿਤਨ ਵਿਚ ਦਰਜ ਹਵਾਲੇ ਅਨੁਸਾਰ ਕਿਹਾ ਜਾਂਦਾ ਹੈ ਕਿ ਇਹ ਰਚਨਾ ਹਿੰਦੀ ਤੋਂ ਫ਼ਾਰਸੀ ਵਿਚ ਅਨੁਵਾਦਿਤ ਹੈ। ਇਸ ਵਿਚ 64 ਖ਼ਾਨੇ ਬਣਾਕੇ ਕੁਝ ਅੰਕ ਅਤੇ ਸ਼ਬਦ (ਅਰਬੀ ਅਬਜਦ) ਵਿਚੋਂ ਦਰਜ ਕੀਤੇ ਗਏ ਹਨ (60-61)

**ਸ) ਬਾਰਾਮਾਹ ਬਖ਼ਸ਼ਉਲਾ ਭਰਾਈਂ** (51 ੳ-52 ਅ) ਪੰਜਾਬੀ ਭਾਸ਼ਾ ਵਿਚ ਮਾਹਨਾਮਾ ਦਰਜ ਹੈ। ਜਿਸਦਾ ਵਿਸ਼ਾ ਪ੍ਰੰਪਰਾਈ ਪਰ ਕਾਵਿ ਕਲਾ ਕੁਸ਼ਲਤਾ ਭਰਪੂਰ ਹੈ " ਜਬ ਛਿੜੀ ਮਹੀਨਾ ਫ਼ਰਾਨ, ਵਾਯੂੰ ਵਗਨ, ਸ਼ਾਖ਼ਾਂ ਲਗਨ, ਹੋਵਾਂ ਆਬਾਦੀਆਂ । ਹੁਣ ਕੌਂਤ ਖ਼ੂਬਾਂ ਦਾ ਆਯਾ, ਲੈ ਗਲ ਲਾਯਾ, ਮਤਲਬ ਪਾਯਾ, ਹੋਈਆਂ ਸ਼ਾਦੀਆਂ।" ਇਸੇ ਭਾਗ ਦੇ ਆਖ਼ਿਰ ਵਿਚ ਪੁਤਰ ਜੰਮਣ ਲਈ ਦੇਸੀ ਟੋਟਕੇ ਵੀ ਦਰਜ ਕੀਤੇ ਹਨ (53 ੳ- 59 ਅ) ਅਤੇ ਇਸੇ ਮੰਤਵ ਵਾਸਤੇ ਤਾਵੀਜ਼ ਵੀ ਦਰਜ ਕੀਤੇ ਹਨ।

ਹ) ਪੰਜਾਬੀ ਸ਼ਾਇਰੀ ਬਖ਼ਸ਼ਉਲਾ ਦੀ ਰਚੀ ਪੰਜਾਬੀ ਸ਼ਾਇਰੀ ਖ਼ੈਰੁਦੀਨ ਵਲਦ ਮੁਹਕਮ ਦੀਨ ਵਾਸੀ ਪਰਵਰਪੁਰਾ ਦੀ ਨਕਲ ਕੀਤੀ ਹੋਈ ਹੈ। ਇਸ ਸ਼ਾਇਰੀ ਦਾ ਬਿਆਨ ਢੰਗ ਤੇ ਵਿਸ਼ੇ ਪ੍ਰੰਪਰਾਈ ਹਨ।

ਕ) ਗਰਦਾਨਾਂ (71 ੳ- 78 ਅ) ਤੇ ਸੀਗੇ ਫ਼ਾਰਸੀ ਵਿਆਕਰਣ ਅਥਵਾ ਗਰਦਾਨਾਂ ਦਰਜ ਹਨ ਜੋ ਸ਼ਿਕਸਤਾ ਲਿਖੀ ਫ਼ਾਰਸੀ ਵਿਚ ਹਨ।

ਖ) ਤਾਵੀਜ਼ਾਤ (79 ੳ- 89 ਅ) ਪ੍ਰੰਪਰਾਈ ਤਾਵੀਜ਼ ਦਰਜ ਹਨ ਜਿਨ੍ਹਾਂ ਦੇ ਖ਼ਾਨੇ, ਆਕਾਰ ਤੇ ਹਰੂਫ਼ ਵਿਸ਼ੇਸ਼ ਤੌਰ ਉਤੇ ਦਰਜ ਹਨ।

ਗ) ਤਬੀਬੀ ਸ਼ਾਇਰੀ ਪੰਜਾਬੀ ਲੇਖਕ ਨੇ ਕਾਵਿ ਰੂਪ ਵਿਚ ਦੇਸੀ ਦਵਾਈਆਂ ਨੁਸਖ਼ਿਆਂ, ਇਲਾਜ ਆਦਿ ਤਬੀਬੀ ਬਾਰੇ ਪੰਜਾਬੀ ਕਵਿਤਾ ਲਿਖੀ ਹੈ। ਇਸ ਮੰਤਵ ਵਾਸਤੇ ਉਸਨੇ ਦੋ ਬੈਂਤੀ ਛੰਦ ਵਰਤਿਆ ਹੈ।

ਆਰੰਭ : ਜਵਾਹਰੇ ਹਮਦੋ ਸਨਾ ਖ਼ੁਦਾਏ ਇਜ਼ੋ ਜਲ ਕਿ ਹਕੀਮੇ ਹਾਜ਼ਿਕ ਅਸਤ ਵ ਸਤਾਇਸ਼ੇ ਸ਼ੁਕਰ ਬੇਕਿਆਸ

ਅੰਤ : ਮਗ਼ਜ਼ ਬਾਦਾਮ 9 ਤੋਲੇ, ਮਗ਼ਜ਼ ਅੰਜੀਰ 6, ਜੰਜ਼ਬੀਲ 6 ਤੋਲੀ, ਲਾਚੀ 2 ਤੋਲਾ।

ਹੱਥ ਲਿਖਤ ਨੰ : MS 5043

ਸ੍ਰੋਤ : H.S, H.S Asr

ਸਿਰਲੇਖ : **ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ (ਫ਼ਾਰਸੀ)**

ਲਿਖਾਰੀ : ਗੋਬਿੰਦ ਸਿੰਘ ਗੁਰੂ ਨਕਲ ਕਰਤਾ ਮੁਨਸ਼ੀ ਭਗਤ ਸਿੰਘ ਵ ਸ਼ਾਮ ਸਿੰਘ

ਸਮਾਂ : ਅਗਿਆਤ

ਰਚਨਾ ਕਾਲ : ਦਰਜ ਨਹੀਂ

ਸਥਾਨ : ਬਟਾਲਾ

ਪੱਤਰੇ : ਕ੍ਰਮਾਂਕ ਰਹਿਤ

ਚਿੱਤਰ : ਕੋਈ ਨਹੀਂ

ਆਕਾਰ : 29 X 18 ਸ.ਮ. ਲਿਖਤ : 21 X 14 ਸ.ਮ. ਸ਼ਿਕਸਤਾ

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਸੁਰਖਿਅਤ। ਮੂਲ ਪਾਠ ਸਿਆਹ। ਪ੍ਰਤੀ ਪੰਨਾ ਔਸਤਨ 17 ਸਤਰਾਂ ਪਰ ਵੱਧ ਘਟ ਕਿਤੇ ਕਿਤੇ ਹਨ ਸੁਰਖ਼ੀ ਕੋਈ ਨਹੀਂ। ਦੋ ਕਾਲਮੀ ਨਕਲ ਨਿਰੰਤਰ।

ਆਮ ਵੇਰਵਾ : ਜ਼ਫ਼ਰਨਾਮਾ ਗੋਬਿੰਦ ਸਿੰਘ ਗੁਰੂ ਦੀ ਇਹ ਨਕਲ ਆਮ ਪ੍ਰਾਪਤ ਪ੍ਰਤੀਆਂ ਨਾਲੋਂ ਭਿੰਨ ਹੈ। ਇਸ ਵਿਚ ਆਮ ਮਿਲਦੀਆਂ ਪ੍ਰਤੀਆਂ ਤੇ ਫ਼ਤਹਿਨਾਮਾ ਗੁਰੂ ਗੋਬਿੰਦ ਸਿੰਘ ਵਾਲੇ ਬੈਂਤ ਤਾਂ ਮੌਜੂਦ ਹਨ ਪਰਤੂੰ ਉਹਨਾਂ ਤੋਂ ਇਲਾਵਾ ਵੀ ਇਸ ਪ੍ਰਤੀ ਵਿਚ ਚੋਖਾ ਵਾਧਾ ਹੋਇਆ ਹੈ। ਉਕਤ ਨਕਲ ਕਰਤਾਵਾਂ ਦਾ ਸਰਪ੍ਰਸਤ ਜਗਤ ਸਿੰਘ ਵਲਦ ਸੁੰਦਰ ਸਿੰਘ ਸ਼ਾਮ ਸਿੰਘ ਦਾ ਨਾਮ ਆਖ਼ਰੀ ਬੰਦਾਂ ਵਿਚ ਦਰਜ ਹੈ। ਕਾਤਬਾਂ ਨੇ ਖ਼ਾਤਮੇ ਵਿਚ ਭਾਈ ਨੰਦ ਲਾਲ ਤੇ ਉਸ ਦੀ ਰਚਨਾ ਜ਼ਿੰਦਗੀ ਨਾਮਾ ਭੀ ਲਿਆ ਹੈ। ਪੂਰੀ ਰਚਨਾ ਦੇ ਬੰਦ ਵੰਡੇ ਹੋਏ ਹਨ ਹਰ ਬੰਦ ਦੇ ਬਾਅਦ "ਵਾਹਿਗੁਰੂ ਜੀ ਕੀ ਫ਼ਤਹਿ" ਲਿਖਿਆ ਅਤੇ ਅਗਲੀ ਦਾਸਤਾਨ ਸ਼ੁਰੂ ਕਰ ਦਿਤੀ ਗਈ ਹੈ। ਪਰ ਹਰ ਬੰਦ ਦੇ ਖ਼ਾਤਮੇ ਉਤੇ ਉਸਦਾ ਕ੍ਰਮਾਂਕ ਦਰਜ ਨਹੀਂ। ਅਖ਼ੀਰ ਵਿਚ ਬਾ ਫ਼ਜ਼ਲ ਮੁਰਸ਼ਦ ਹਕ ਦੇ ਸਿਰਲੇਖ ਪਿਛੋਂ ਮਸਨਵੀ ਸ਼ੁਰੂ ਕਰ ਦਿਤੀ ਹੈ ਜੋ ਦੂਸਰੀਆਂ ਪ੍ਰਤੀਆਂ ਵਿਚ ਭਾਈ ਨੰਦ ਲਾਲ ਦੇ ਨਾਮ ਨਾਲ ਅੰਕਿਤ ਕੀਤੀ ਜਾਂਦੀ ਹੈ। ਇਸ ਭਾਗ ਵਿਚ ਜ਼ਿੰਦਗੀ ਨਾਮਾ ਦੀ ਨਕਲ ਕਰ ਦਿਤੀ ਗਈ ਹੈ ਪਰ ਨੰਦ ਲਾਲ ਭਾਈ ਦਾ ਨਾਮ ਦੇ ਕੇ ਵਖਰਿਆਇਆ ਨਹੀਂ। ਸਰਬਲੋਹ ਗ੍ਰੰਥ ਦੀ ਵਰਤਮਾਨ ਪ੍ਰਚਲਿਤ ਪ੍ਰਤੀ ਵਿਚ ਗੁਰੂ ਸਾਹਿਬ ਦੇ ਨਾਮ ਨਾਲ ਫ਼ਾਰਸੀ ਦਾ ਬਹੁਤ ਰਚਨਾ ਜੋੜੀ ਮਿਲਦੀ ਹੈ ਜੋ ਦਸਮ ਗ੍ਰੰਥ ਵਿਚ ਵੀ ਦਰਜ ਨਹੀਂ। ਸੰਭਵ ਹੈ ਨਕਾਲਾਂ ਨੇ ਉਥੋਂ ਨਕਲ ਉਤਾਰ ਲਈ ਹੋਵੇ।

ਆਰੰਭ : ਏਕ ਅੰਕਾਰ ਸਤਗੁਰ ਪ੍ਰਸਾਦ। ਜ਼ਫ਼ਰਨਾਮਾ ਸ੍ਰੀ ਮੁਖ ਬਾਕ ਪਾਤਸ਼ਾਹੀ 10 – ਕਮਾਲ ਕਰਾਮਾਤ ਕਾਇਮ ਕਰੀਮ। ਰਜ਼ਾ ਬਖ਼ਸ਼ ਰਾਜ਼ਕ ਰਹਾਕੋ ਰਹੀਮ।

ਅੰਤ : ਖ਼ਤਮ ਕਰਦਮ ਮਸਨਵੀ ਤਸਨੀਫ਼ ਭਾਈ ਨੰਦ ਲਾਲ ਜ਼ਿੰਦਗੀਨਾਮਾ ਖਿਤਾਬਸ਼ ਸ਼ੁਦ ਜ਼ਿ ਗੋਬਿੰਦ ਸਿੰਘ ਅਕਾਲ

ਹੱਥ ਲਿਖਤ ਨੰ : MS 5073

ਸ੍ਰੋਤ : H.S, H.S, Asr

ਸਿਰਲੇਖ : **ਸ਼ਿਵ ਪੁਰਾਣ ( ਫ਼ਾਰਸੀ )**

ਲਿਖਾਰੀ : ਦਰਜ ਨਹੀਂ

ਸਮਾਂ : 1935 ਬਿਕਰਮੀ 1878 ਈ.

ਰਚਨਾ ਕਾਲ : ਦਰਜ ਨਹੀਂ

ਸਥਾਨ : ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 32 X 22 ਸ.ਮ. ਲਿਖਤ : 22.5 X 13 ਸ.ਮ. ਨਸਤਾਲੀਕ

ਵੇਰਵਾ : ਕਾਗ਼ਜ਼ ਕਦੀਮ ਜ਼ਰਦ-ਪੁਸ਼ਤਾ ਸੁਰਖਿਅਤ ਕੀਤਾ ਗਿਆ। ਸੁਰਖ਼ੀਆਂ ਸੁਰਖ਼ ਡਬੀਦਾਰ । ਦੋਹਰੀ ਲਾਈਨ ਦੇ ਹਾਸ਼ੀਏ ਵਿਚ ਖ਼ੁਸ਼ਖ਼ਤ ਲਿਖਤ ਹੈ। ਸ਼ਿਵ ਪੁਰਾਣ ਦੀ ਇਸ ਨਕਲ ਦੇ ਕਰਤਾ ਨੇ ਅਖਰ ਕਾਫ਼ੀ ਵਡੇ ਵਰਤੇ ਹਨ। ਪ੍ਰਤੀ ਪੰਨਾ ਔਸਤਨ 9 ਸਤਰਾਂ ਦਰਜ ਹਨ। ਹਵਾਲੇ ਵਜੋਂ ਹੋਰ ਕਿਸੇ ਭਾਸ਼ਾ ਦੀ ਵਰਤੋਂ ਨਹੀਂ ਕੀਤੀ।

ਆਮ ਵੇਰਵਾ : ਲੇਖਕ ਦਾ ਕਥਨ ਹੈ ਕਿ ਉਸਨੇ ਸੰਸਕ੍ਰਿਤ ਭਾਸ਼ਾ ਤੋਂ ਅਨਜਾਣ ਲੋਕਾਂ ਨੂੰ ਸ਼ਿਵ ਪੁਰਾਣ ਦਾ ਗਿਆਨ ਦੇਣ ਹਿਤ ਇਹ ਪੁਸਤਕ ਲਿਖੀ ਹੈ। ਲੇਖਕ ਦਾ ਅਕੀਦਾ ਧਾਰਮਿਕ ਤੇ ਸ਼ਰਧਾਮਈ ਹੈ ਸੰਸਕ੍ਰਿਤ

ਹਿੰਦੀ ਸਥਾਨਕ ਸ਼ਬਦ ਮੂਲ ਰੂਪ ਵਿਚ ਵਰਤੇ ਹਨ। ਕੁਲ 74 ਅਧਿਆਇ ਇਸ ਪੁਸਤਕ ਵਿਚ ਅਨੁਵਾਦ ਕੀਤੇ ਗਏ ਹਨ। ਇਸ ਦੇ ਲੇਖਕ ਨੇ ਆਪਣੇ ਬਾਬਤ ਕੋਈ ਜਾਣਕਾਰੀ ਨਹੀਂ ਦਿਤੀ ਪਰ ਸ੍ਰੀ ਓਮ ਗਣੇਸ਼ਾਇ ਨਮਹ ਦੇ ਸ਼ਬਦਾਂ ਨਾਲ ਪੁਸਤਕ ਦਾ ਮੁਢ ਬਧਾ ਹੈ ਸੋ ਉਹ ਕੋਈ ਹਿੰਦੂ ਹੋਣਾ ਸੰਭਾਵੀ... ਹੈ।

ਆਰੰਭ : ਸ੍ਰੀ ਗਣੇਸ਼ਾਇ ਨਮਹ: ਬਅਦ ਅਜ਼ ਸਨਾਇ ਬਿਸਿਆਰ ਵ ਹਮਦ ਬੇਸ਼ੁਮਾਰ ਕਿ ਅਸਹਬ ਕਲਮ ਵ ਨਗੀਨਾਏ ਕਾਗ਼ਜ਼ ਲੰਗ ਅਸਤ..................

ਅੰਤ : ਤਮਾਮ ਸ਼ੁਦ ਮਹਾਪੁਰਾਨ ਬਾ ਦਇਆਏ ਸ਼ਿਵ ਸਾਹਿਬ ਜੀ ਤਹਿਰੀਰ ਬਤਾਰੀਖ਼ 5 ਮਾਹ ਅਸੂਜ 1935

ਹੱਥ ਲਿਖਤ ਨੰ : MS 5074

ਸ੍ਰੋਤ : H.S, H.S, Asr

ਸਿਰਲੇਖ : **ਖ਼ਯਾਬਾਨੇ ਉਰਫ਼ਾਨ (ਫ਼ਾਰਸੀ)**

ਲਿਖਾਰੀ : ਅਜ਼ੀਜ਼ ਰੂੜੇ ਲਾਲ ਮੂਲ ਲੇਖਕ ਸਈਦ ਮੁੰਹਮਦ ਹਸਨ ਬਿਲਗਰਾਮੀ

ਸਮਾਂ : ਵੀਹਵੀਂ ਸਦੀ 8-12-23 ਤੋਂ 9-12-23

ਰਚਨਾ ਕਾਲ : 1923

ਸਥਾਨ : ਹੈਦਰਾਬਾਦ ਦਖਨ

ਪੱਤਰੇ : 243+24

ਚਿੱਤਰ : ਕੋਈ ਨਹੀਂ

ਆਕਾਰ : 32 X 20 ਸ.ਮ. ਲਿਖਤ : 30 X 17.5 ਸ.ਮ. ਨਸਾਖ਼

ਵੇਰਵਾ : ਕਾਗ਼ਜ਼ ਕਦੀਮ ਜ਼ਰਦ। ਪੁਸ਼ਤਾ ਸੁਰਖਿਅਤ। ਪ੍ਰਤੀ ਪੰਨਾ ਔਸਤਨ 17 ਸਤਰਾਂ। ਲਿਖਤ ਨਮੂਨੇਦਾਰ ਅਤਿ ਸੁੰਦਰ ਬਹੁਰੰਗੀ। ਲਾਲ, ਗੁਲਾਬੀ, ਕਾਲਾ, ਨੀਲਾ, ਜਾਮਨੂੰ, ਹਰਾ ਚੋਖੇ ਰੰਗ ਵਰਤੇ ਗਏ ਹਨ। Caligraphy ਦੀ ਉਤਮ ਮਿਸਾਲ ਹੈ। ਕੁਝ ਪੰਨਿਆਂ ਉਤੇ ਡਬੀਦਾਰ ਹਾਸ਼ੀਆ। ਦੋ ਕਾਲਮੀ ਲਿਖਤ। ਕੁਝ ਪੰਨੇ ਬਗ਼ੈਰ ਲਾਈਨਦਾਰ ਹਾਸ਼ੀਏ ਵੀ ਹਨ।

ਆਮ ਵੇਰਵਾ : ਪੁਸਤਕ ਦਾ ਮੂਲ ਸਈਦ ਮੁੰਹਮਦ ਹਸਨ ਬਿਲਗਰਾਮੀ ਨੇ ਲਿਖਿਆ ਹੈ ਮੂਲ ਪੋਥੀ ਨੂੰ ਉਸਮਾਨੀਆ ਸਰਕਾਰ ਹੈਦਰਾਬਾਦ ਵਲੋਂ 1924 ਵਿਚ ਮਾਰਚ ਮਹੀਨੇ ਛਾਪਿਆ ਗਿਆ। ਹਥਲੀ ਨਕਲ ਰੂੜੇ ਲਾਲ ਅਜ਼ੀਜ਼ ਨੇ ਤਿਆਰ ਕੀਤੀ ਹੈ। ਜੋ ਉਸਨੇ ਦਸੰਬਰ 1923 ਵਿਚ ਤਿਆਰ ਕੀਤੀ। ਇਸ ਦੇ 14 ਅਧਿਆਇਆਂ ਵਿਚ ਵਖ ਵਖ ਵਿਸ਼ੇ-ਤੌਹੀਦ ਮਾਅਰਫ਼ਤ, ਨਅਤ ਮੁਨਕਬਤ, ਸ਼ਰਫ਼ੇ ਇਨਸਾਨ ਵਾ ਫ਼ਜ਼ੀਲਤੇ ਆਫ਼ਰੀਨਸ਼ ਇਲਮੋ ਜਹਲ, ਖ਼ੁਦਸ਼ਨਾਸੀ, ਕਿਬਰ ਪਸਤੀ, ਰਿਆ ਵਾ ਸਾਲੂਸ, ਬੇ ਸਬਾਤੀਏ ਦੁਨੀਆਂ, ਅਜ਼ਲਤ, ਸੁਖ਼ਨ ਖ਼ਾਮੋਸ਼ੀ, ਤਾਇਤ, ਵਰਅ, ਲੁਤਫੋ ਕਰਮ, ਜਵਾਨੀ-ਪੀਰੀ ਗੁਨਾਹ ਤੋਬਾ, ਹਯਾਤ ਮੁਮਾਤ ਜਬਰ ਅਖ਼ਤਿਆਰ, ਆਖ਼ਰਤ, ਰਹਿਮਤੇ ਇਲਾਹੀ ਅਤੇ ਮਨਾਜਾਤ ਦੇ ਵਿਸ਼ੇ ਚੁਣੇ ਗਏ ਹਨ। ਲੇਖਕ ਨੇ ਪਹਿਲੇ ਭਾਗ ਵਿਚ ਸੌ ਤੋਂ ਉਪਰ ਫ਼ਾਰਸੀ ਵਿਦਵਾਨਾਂ ਤੇ ਕਵੀਆਂ ਦੇ ਬੰਦਾਂ ਵਿਚੋਂ ਰੁਬਾਈਆਂ ਤੇ ਕਾਵਿ ਟੋਟਕੇ ਚੁਣਕੇ ਤਰਤੀਬਵਾਰ ਕੀਤੇ ਹਨ। ਰੂੜੇ ਲਾਲ ਅਜ਼ੀਜ਼ ਦੇ ਆਪਣੇ ਕਲਮਾਤ ਵੀ ਪੋਥੀ ਵੀ ਦਰਜ ਹਨ। ਉਸਦਾ ਅਧਿਐਨ ਖੇਤਰ ਏਨਾ ਵਿਸਤ੍ਰਿਤ ਹੈ ਕਿ ਉਸਨੇ ਪੂਰੇ ਏਸ਼ੀਆ ਦੇ ਹਰ ਸਦੀ ਦੇ ਫ਼ਾਰਸੀ ਵਿਦਵਾਨਾਂ ਦੀ ਸ਼ਾਇਰੀ ਵਿਚੋਂ ਚੋਣ ਕਰ ਲਈ ਹੈ। ਇਸ ਵਿਚ ਬਾਬਾ ਅਫ਼ਜ਼ਲ ਕੋਹੀ ਵੀ ਦਰਜ ਹੈ ਅਤੇ ਅਮੀਰ ਖ਼ੁਸਰੋ ਦਿਹਲਵੀ ਵੀ ਅਤੇ ਰੂੜੇ ਲਾਲ ਅਜ਼ੀਜ਼ ਦਾ ਕਲਾਮ ਵੀ ਸ਼ਾਮਿਲ ਹੈ।

ਹਥਲਿਖਤ ਦੇ ਦੂਸਰੇ ਭਾਗ ਵਿਚ ਲਗਪਗ 24 ਪੰਨਿਆਂ ਉਪਰ ਹਕੀਮਾਂ ਵਿਦਵਾਨਾਂ ਤੇ ਯੁਗ ਪੁਰਖਾਂ ਦੀਆਂ ਨਸੀਹਤਾਂ ਤੇ ਅਕਵਾਲ ਦਰਜ ਹਨ ਜੋ ਗਿਣਤੀ ਵਿਚ ਦੋ ਸੌ ਛਿਆਸੀ 286 ਹਨ

ਤੇ ਨੈਤਕਿਤਾ ਦੇ ਵਿਸ਼ੇ ਨਾਲ ਸੰਬੰਧਿਤ ਹਨ। ਜਿਵੇਂ: ਅਸਲ ਦਾਨ ਉਹੋ ਹੈ ਜੋ ਬਿਨ ਮੰਗੇ ਦਿਤਾ ਜਾਵੇ ਵਰਨਾ ਮੁਆਵਿਜ਼ਾ ਹੈ- ਦੁਨੀਆਂ ਵਿਚ ਕੋਈ ਵੀ ਸ਼ੈਅ ਅਜੇਹੀ ਨਹੀਂ ਜੋ ਲਾਭਕਾਰੀ ਨ ਹੋਵੇ- ਅਕਲਮੰਦ ਵਿਅਕਤੀ ਤੰਗੀ ਤੁਰਸ਼ੀ ਦੇ ਦਿਨਾਂ ਨੂੰ ਸਬਰ ਸ਼ੁਕਰ ਨਾਲ ਬਿਤਾਂਦਾ ਹੈ- ਬੇਵਕੂਫ਼ ਰੋ ਪਿਟ ਕੇ।

ਇਹ ਹਥਲਿਖਤ ਨੈਤਿਕਤਾ, ਇਸਲਾਮੀ ਫ਼ਲਸਫ਼ੇ ਤੇ ਤਸਵੁਫ਼ ਦੇ ਖੋਜਕਾਰਾਂ ਤੇ ਵਿਦਿਆਰਥੀਆਂ ਵਾਸਤੇ ਲਾਭਕਾਰੀ ਹੈ।

ਆਰੰਭ : ਪੂਰਾ ਟਾਈਟਲ- ਅਲਤਮਾਸ ਖ਼ਾਸ ਬਰਾਹੇ ਮਿਹਰਬਾਨੀ ਇਸ ਕਿਤਾਬ ਕੋ ਗੀਲਾ ਹਾਥ ਨ ਲਗਾਈਏ-ਰੂੜੇ ਲਾਲ ਅਜ਼ੀਜ਼

ਅੰਤ : ਔਰੋਂ ਕਾ ਖ਼ੁਦਾ ਨਾਰਾਜ਼ ਹੋ ਜਾਵੇ ਤੋ ਹੁਆ ਕਰੇ ਮਗਰ ਮੇਰਾ ਖ਼ੁਦਾ ਇਸ ਤਰ੍ਹਾਂ ਨਾਰਾਜ਼ ਹੋਨੇ ਵਾਲਾ ਨਹੀਂ- ਰੂੜੇ ਲਾਲ ਅਜ਼ੀਜ਼

ਹੱਥ ਲਿਖਤ ਨੰ : MS 5075

ਸ੍ਰੋਤ : H.S, H.S, Asr

ਸਿਰਲੇਖ : **ਇਲਮੇ ਹਿਸਾਬ-ਕਵਾਇਦੇ ਇਜ਼ਰਾਬ**

ਲਿਖਾਰੀ : ਅਗਿਆਤ ਦਰਜ ਨਹੀਂ

ਸਮਾਂ : ਅਗਿਆਤ ਦਰਜ ਨਹੀਂ

ਰਚਨਾ ਕਾਲ : ਦਰਜ ਨਹੀਂ

ਸਥਾਨ : ਅਗਿਆਤ ਦਰਜ ਨਹੀਂ

ਪੱਤਰੇ : ਕ੍ਰਮਾਂਕ ਦਰਜ ਨਹੀਂ

ਚਿੱਤਰ : ਕੋਈ ਨਹੀਂ

ਆਕਾਰ : 25.5 X 17.7 ਸ.ਮ. ਲਿਖਤ : 19 X 9 ਸ.ਮ. ਨਸਾਖ਼

ਵੇਰਵਾ : ਸੁਰਖ਼ੀਆਂ ਸੁਰਖ਼ ਮੂਲ ਪਾਠ ਸਿਆਹ। ਕਾਗ਼ਜ਼ ਕਦੀਮ ਜ਼ਰਦ। ਪ੍ਰਤੀ ਪੰਨਾ ਔਸਤਨ 13 ਸਤਰਾਂ। ਪੁਸ਼ਤਾ ਬਿਖਰਿਆ ਹੋਇਆ।

ਆਮ ਵੇਰਵਾ : ਇਸ ਹਥਲਿਖਤ ਵਿਚ ਹਿੰਦਸਾ ਗਣਿਤ, ਨਜੂਮ ਅਤੇ ਗੁਣਾਂਕ ਤੋਂ ਇਲਾਵਾ ਨਜੂਮ ਦੇ ਵਿਸ਼ੇ ਅੰਕਿਤ ਹਨ। ਮਹੱਤਵਪੂਰਨ ਤੱਥ ਇਹ ਕਿ ਪ੍ਰਾਚੀਨ ਸਮੇਂ ਤੋਂ ਅਰਬੀ ਫ਼ਾਰਸੀ ਵਿਚ ਵਰਤੀਆਂ ਜਾਂਦੀਆਂ ਸੰਖਿਆਵਾਂ ਦੀ ਵਰਤੋਂ ਅਤੇ ਉਹਨਾਂ ਦਾ ਵਰਤਮਾਨ ਸਾਹਿਤ ਸੰਦਰਭ ਵਿਚ ਰੂਪ ਅਭਿਵਿਅਕਤ ਕੀਤਾ ਗਿਆ ਹੈ। ਜੋ ਹੁਣ ਲਗਪਗ ਅਲੋਪ ਹੋ ਚੁੱਕਾ ਹੈ। ਪ੍ਰਾਚੀਨ ਤੇ ਮਧਕਾਲੀਨ ਅਰਬੀ ਫ਼ਾਰਸੀ ਦੇ ਖੋਜੀਆਂ ਤੇ ਵਿਦਿਆਰਥੀਆਂ ਵਾਸਤੇ ਬਹੁਤ ਲਾਭਕਾਰੀ ਪੁਸਤਕ ਹੈ। ਲੇਖਕ ਨੇ ਪੁਸਤਕ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਹੈ। 1) ਹਿਸਾਬ ਅਤੇ ਗੁਣਾ ਵਿਧਾਨ 2) ਨਜੂਮ ਵਿਦਿਆ ਅਤੇ ਚੰਦਰਮਾ ਦਾ ਉਸ ਵਿਚ ਮਹਤਵ 3) ਕਾਰਜ ਅਤੇ ਅਵਾਰਿਜਾਂ ਦੀ ਤਰਤੀਬ 4) ਨਜੂਮ ਤੇ ਚੰਦ ਪ੍ਰਭਾਵ ਦੇ ਬਾਰਾਂ ਅਸੂਲ। ਲੇਖਕ ਨੇ ਵਿਸ਼ੇ ਨੂੰ ਸਪਸ਼ਟ ਕਰਨ ਹਿਤ ਥਾਂ ਪਰ ਥਾਂ ਜਦੱਵਲਾਂ (Tables) ਤੇ ਤਾਵੀਜ਼ਾਤ ਚਿਤਰਾਂ ਰੂਪ ਵੀ ਦਰਜ ਕੀਤੀਆਂ ਹਨ। ਪੁਸਤਕ ਦੇ ਆਖ਼ਰ ਵਿਚ ਲੇਖਕ ਨੇ ਨਜੂਮ ਦੇ ਕੁਝ ਵਾਕਿਆਤ ਉਦਾਹਰਣਾਂ ਦੇ ਦੇ ਕੇ ਬਿਆਨ ਕੀਤੇ ਹਨ।

ਆਰੰਭ : ਰਬੁ ਸਈਰ: ਬਿਸਮਿਲਾਹਿ ਰਹਿਮਾਨ ਅਲਰਹੀਮ ਵ ਤਮ ਤਮ ਬਖ਼ੈਰ ਬਾਬ ਅਵੁਲ ਦਰ ਇਲਮਿ ਹਿਸਾਬ ਵ ਕਵਾਇਦ ਇਜ਼ਰਾਬ

ਅੰਤ : ਲਾਚਾਰ ਜ਼ਿ ਹਮੀਂ ਕਦਰ ਇਕਤਫ਼ਾ ਨਮੂਦ ਕਿ ਅਲਇਖ਼ਤਿਸਾਰ ਹੂ ਅਲਖ਼ਤਾਰ ਤਮ ਤਮ ਤਮਾਮ ਸ਼ੁਦ

ਹੱਥ ਲਿਖਤ ਨੰ : MS 5083
ਸ੍ਰੋਤ : ਅਗਿਆਤ
ਸਿਰਲੇਖ : **ਕੀਮੀਆਏ ਸਆਦਤ (ਫ਼ਾਰਸੀ ਤੇ ਅਰਬੀ) ਅਧੂਰੀ**
ਲਿਖਾਰੀ : ਅਬੂ ਹਾਮਿਦ ਗ਼ਜ਼ਾਲੀ ਇਮਾਮ
ਸਮਾਂ : ਦਸਵੀਂ ਸਦੀ ਈ.
ਰਚਨਾ ਕਾਲ : ਦਰਜ ਨਹੀਂ
ਸਥਾਨ : ਅਗਿਆਤ
ਪੱਤਰੇ : 566
ਚਿੱਤਰ : ਕੋਈ ਨਹੀਂ
ਆਕਾਰ : 24 X 15 ਸ.ਮ. ਲਿਖਤ : 20 X 12 ਸ.ਮ.
ਵੇਰਵਾ : ਲਿਥੋਗ੍ਰਾਫ ਰੰਗਦਾਰ ਛਪਾਈ ਵਿਚ ਇਹ ਪੁਸਤਕ ਲਿਥੋ ਪ੍ਰਿਟਿੰਗ ਦਾ ਵਧੀਆ ਨਮੂਨਾ ਹੈ। ਸੁਨਹਿਰੀ ਤੇ ਲਾਲ ਲਾਈਨਦਾਰ ਹਾਸ਼ੀਆ। ਸੁਰਖ਼ੀਆਂ ਸੁਰਖ਼। ਨਾਮ ਅਤੇ ਪ੍ਰਮੁਖ ਵਾਕ ਲਾਲ ਰੰਗ ਨਾਲ ਅੰਡਰ ਲਾਈਨ ਕੀਤੇ। ਕਾਗ਼ਜ਼ ਕਦੀਮ ਜ਼ਰਦ। ਫੁਟ ਨੋਟ ਤੇ ਹਵਾਲੇ ਹਾਸ਼ੀਏ ਤੋਂ ਬਾਹਰ ਦਿਤੇ ਹਨ- ਪ੍ਰਤੀ ਪੰਨਾ 24 ਸਤਰਾਂ। ਅਖ਼ੀਰਲਾ ਸਫ਼ਾ ਪਾਟਾ ਹੋਇਆ ਤਤਕਰਾ ।
ਆਮ ਵੇਰਵਾ : ਵਿਸ਼ੇ ਪਖੋਂ ਤਸਵੁਫ਼ ਦੇ ਅਧਿਅਨ ਲਈ ਇਹ ਪੁਸਤਕ ਮਿਸਾਲੀ ਹੈ ਇਸ ਵਿਚ ਹੁਜਤੁਲ ਇਸਲਾਮ ਅਮਾਮ ਗ਼ਜ਼ਾਲੀ ਨੇ ਸੂਫ਼ੀਆਨਾ ਮਸਲੇ, ਨੈਤਿਕਤਾ, ਮਨੋਵਿਗਿਆਨ, ਮਨੋਰੋਗਾਂ ਦਾ ਇਲਾਜ ਰਿਆਜ਼ਤ, ਰੋਜ਼ਾ, ਜ਼ਕਾਤ, ਤਖ਼ਲੀਕੇ ਆਲਮ, ਰਿਆਕਾਰੀ ਸਿਆਸਤ ਮੁਦਨੀ, ਅਤੇ ਮਾਨਵੀ ਪ੍ਰਕਿਰਤੀ ਦਾ ਅਧਿਐਨ ਵਰਣਨ ਕੀਤਾ ਹੈ। ਕੁਰਾਨੀ ਆਇਤਾਂ ਤੇ ਹਦੀਸਾਂ ਦੇ ਹਵਾਲੇ ਆਪਣੇ ਕਥਾਨਕ ਨੂੰ ਪ੍ਰਮਾਣਿਤ ਕਰਨ ਹਿਤ ਵਰਤੇ ਹਨ। ਇਹ ਪੋਥੀ ਅਮਾਮ ਦੀ ਅਰਬੀ ਭਾਸ਼ਾ ਵਿਚ ਅਹੱਯਾ ਉਲਮ ਦਾ ਅਨੁਵਾਦ ਦੱਸੀ ਜਾਂਦੀ ਹੈ ।
ਆਰੰਭ : ਕਲਮਾਏ ਇਫ਼ਤਤਾਹ: (ਪਾਟਾ ਹੋਇਆ ਪਹਿਲਾ ਪੰਨਾ)
ਵ ਅਗਰਚਿ ਕਾਲਬਦੀ ਖ਼ਾਕੀ ਵ ਸਫ਼ਲੀ ਅਸਤ ਹਕੀਕਤੇ ਰੂਹ ਵੈ ਅਲਵੀ ਵ ਦਰਮਾਨੀ ਅਸਤ
ਅੰਤ : ਕਿਤਾਬ ਕੀਮੀਆਏ ਸਆਦਤ ਰਾ ਬਦੀਂ ਖ਼ਤਮ ਕਰਦੇਮ ਵ ਉਮੀਦਵਾਰੇਮ ਬ ਕਸਾਨੀ ਕਿ ਈਨ ਕਿਤਾਬ......................ਪੰਨਾ ਫਟਿਆ............

ਹੱਥ ਲਿਖਤ ਨੰ : MS 5101
ਸ੍ਰੋਤ : ਦਰਜ ਨਹੀਂ
ਸਿਰਲੇਖ : **ਬਿਕਰਮ ਧਰਮ ਕਥਾ (ਸਿੰਘਾਸਨ ਬਤੀਸੀ) -ਮਧਕਾਲੀਨ ਹਿੰਦੀ**
ਲਿਖਾਰੀ : ਅਜਾਇਬ ਸਿੰਘ
ਸਮਾਂ : 1788 ਈਸਵੀ
ਰਚਨਾ ਕਾਲ : ਅਠਾਹਰਵੀਂ ਸਦੀ
ਸਥਾਨ : ਟਿਬਾ ਕਟਾਸ ਨੂਰਪੁਰ ਕਾਂਗੜਾ
ਪੱਤਰੇ : ਕ੍ਰਮਾਂਕ ਦਰਜ ਨਹੀਂ
ਚਿੱਤਰ : ਕੋਈ ਨਹੀਂ
ਆਕਾਰ : 24 X 15.5 ਸ.ਮ. ਲਿਖਤ : 19 X 9.5 ਸ.ਮ. ਨਸਾਖ਼
ਵੇਰਵਾ : ਮੁਢਲੇ ਪੰਨਿਆਂ ਉਤੇ ਲਾਲ ਲਕੀਰਾਂ ਦਾ ਡਬੀਦਾਰ ਹਾਸ਼ੀਆ। ਬਾਹਰੀ ਲਾਲ ਹਾਸ਼ੀਆ ਦੋਹਰੀ ਲਕੀਰ। ਕਾਗ਼ਜ਼ ਕਦੀਮ ਜ਼ਰਦ। ਮੂਲ ਪਾਠ ਸਿਆਹੀ ਸੋਧਾਂ ਹਾਸ਼ੀਏ ਬਾਹਰ ਸਿਆਹ। ਦੋ ਕਾਲਮੀ

ਲਿਖਤ। ਪੁਸ਼ਤਾ ਸੁਰਖਿਅਤ। ਅਗਲੇ ਪੰਨੇ ਦੇਵਨਾਗਰੀ ਵਿਚ ਜੁੜੇ। ਆਖ਼ਰੀ ਪੰਨੇ ਉਤੇ ਦੇਵਨਾਗਰੀ ਵਿਚ ਪ੍ਰਤੀ ਪੰਨਾ ਔਸਤਨ 15 ਲਾਈਨਾਂ।

ਆਮ ਵੇਰਵਾ : ਫ਼ਾਰਸੀ ਅਖਰਾਂ ਵਿਚ ਲਿਖੀ ਇਸ ਹਥਲਿਖਤ ਦਾ ਲੇਖਕ ਅਜਾਇਬ ਸਿੰਘ ਨੇ ਦੁਰੇ ਅਜ਼ੀਜ਼ ਮਨਸ਼ਾ ਰਾਮ ਦੀ ਸਿਫ਼ਾਰਸ਼ ਉਤੇ ਇਹ ਪੁਸਤਕ ਲਿਖੀ। ਸਿੰਘਾਸਨ ਬਤੀਸੀ ਦੇ ਕਥਾਨਕ ਵਰਣਨ ਲਈ ਕਵੀ ਨੇ ਦੋ ਬੈਂਤੀ ਛੰਦ ਹਿੰਦੀ ਵਿਚੋਂ ਕਬਿਤ ਚੁਣਿਆ ਹੈ। ਭਾਸ਼ਾ ਉਪਰ ਫ਼ਾਰਸੀ ਰੰਗ ਸਿਵਾਇ ਲਿਪੀ ਦੇ ਨਜ਼ਰ ਨਹੀਂ ਆਉਂਦਾ ਸਰਲ ਹਿੰਦੀ ਭਾਸ਼ਾ ਵਿਚ ਕਵੀ ਨੇ ਮਜ਼ਮੂਨ ਉਸਾਰੀ ਕੀਤੀ ਹੈ। ਸੰਸਕ੍ਰਿਤ ਕਾਵਿ ਰੂਪ ਤੇ ਕਥਾਨਕ ਨੂੰ ਉਧਰਿਤ ਕਰਕੇ ਬਿਕਰਮਜੀਤ ਹਿੰਦੂ ਰਾਜਾ ਦੀ ਕਥਾ ਬਿਰਤੀ ਨੂੰ ਕਵੀ ਨੇ ਬਾਖ਼ੂਬੀ ਵਰਣਨ ਕੀਤਾ ਹੈ। ਫ਼ਾਰਸੀ ਲਿਪੀ ਵਿਚ ਇਹ ਕਥਾ ਹਿੰਦ-ਫ਼ਾਰਸੀ ਸਾਹਿਤ ਸ਼ਾਖ਼ਾ ਦੇ ਇਤਿਹਾਸ ਨੂੰ ਵਿਕਸਿਤ ਕਰਦਾ ਤਥ ਹੈ।

ਆਰੰਭ : ਸ੍ਰੀ ਗਣੇਸ਼ ਨਮਹ: ਪ੍ਰਿਥਮੈ ਪੂਜਾ ਕਰਤ ਹੂੰ ਗੌਰੀ ਨੰਦ ਗਨੇਸ਼॥ ਸ਼ੁਭ ਕਾਰਜ ਮਹਿ ਧਿਆਈਏ ਬ੍ਰਹਮ ਮਹੇਸ਼।

ਅੰਤ : ਫਿਰ ਸੀਨੇ ਜੋ ਕੋਈ ਹਰਿ ਧਿਆਵਹਿ। ਕਿਰਪਾ ਕਰ ਮੁਝੇ ਯਾਦ ਲਿਆਵਹਿ।
ਹਸਤ ਖ਼ਤਮ ਸ਼ੁਦ ਬਰਾਏ ਫ਼ਰਮਾਇਸ਼ ਦੁਰੇ ਅਜ਼ੀਜ਼ ਲਾਲਾ ਮਨਸਾ ਰਾਮ

ਹੱਥ ਲਿਖਤ ਨੰ : MS 5102
ਸ੍ਰੋਤ : ਦਰਜ ਨਹੀਂ
ਸਿਰਲੇਖ : **ਰੁਕਾਆਤੇ ਅਬੁਲ ਫ਼ਜ਼ਲ ਵਜ਼ੀਰੇ ਖ਼ਾਕਾਨ (ਫ਼ਾਰਸੀ)**
ਲਿਖਾਰੀ : ਅਬੁਲਫਜ਼ਲ
ਸਮਾਂ : ਅਗਿਆਤ
ਰਚਨਾ ਕਾਲ : ਦਰਜ ਨਹੀਂ
ਸਥਾਨ : ਅਗਿਆਤ
ਪੱਤਰੇ : 94
ਚਿੱਤਰ : ਕੋਈ ਨਹੀਂ
ਆਕਾਰ : 23 X 14 ਸ.ਮ. ਲਿਖਤ : 10 X 9 ਸ.ਮ. ਸ਼ਿਕਸਤਾ

ਵੇਰਵਾ : ਹਾਸ਼ੀਆ ਰਹਿਤ। ਸਿਆਹੀ ਨਾਲ ਪੂਰਾ ਮੂਲ ਪਾਠ ਲਿਖਿਆ ਗਿਆ ਹੈ। ਪ੍ਰਤੀ ਪੰਨਾ ਔਸਤਨ 14 ਸਤਰਾਂ ਦਰਜ ਹਨ। ਸਾਰਾ ਮੂਲ ਪਾਠ ਫ਼ਾਰਸੀ ਵਿਚ ਹੀ ਹੈ। ਅਰਬੀ ਤੋਰਕੀ ਹਵਾਲੇ ਬਿਲਕੁਲ ਨਹੀਂ ਹਨ। ਵਿਚ ਵਿਚ ਕਿਤੇ ਫ਼ਿਕਰੇ ਛੁੱਟ ਗਏ ਖ਼ਾਲੀ ਥਾਂ ਉਪਰ ਥਲੇ ਲਿਖੇ ਹੋਏ ਹਨ। ਕਾਗ਼ਜ਼ ਕਦੀਮ ਜ਼ਰਦ।

ਆਮ ਵੇਰਵਾ : ਇਸ ਹਥਲਿਖਤ ਵਿਚ ਅਬੁਲ ਫ਼ਜ਼ਲ ਦੁਆਰਾ ਲਿਖਿਤ ਤਿੰਨ ਪ੍ਰਕਾਰ ਦੇ ਖ਼ਤਾਂ ਦਾ ਕਲਮਬਧ ਰੂਪ ਉਪਲਬਧ ਹੈ ੳ) ਬਾਦਸ਼ਾਹ ਵਲੋਂ ਈਰਾਨ ਤੇ ਤੂਰਾਨ ਦੇਸ਼ਾਂ ਦੇ ਬਾਦਸ਼ਾਹਾਂ ਨੂੰ ਲਿਖੇ ਖ਼ਤ ਅ) ਉਹ ਖ਼ਤ ਜੋ ਉਸਨੇ ਖ਼ੁਦ ਬਾਦਸ਼ਾਹ ਨੂੰ ਲਿਖੇ ਸਨ। ੲ) ਦਰਬਾਰੀ ਦਫ਼ਤਰੀ ਚੋਣਵੇਂ ਖ਼ਤ। ਪੀਰ ਪੰਚਾਲ ਹਮੀਰਪੁਰ, ਹਤਲ, ਦਖਣ, ਪੰਜਾਬ ਵਿਚ ਟਿਕਾਅ ਦੌਰਾਨ ਬਾਦਸ਼ਾਹ ਨੂੰ ਭੇਜੀਆਂ ਗਈਆਂ ਖ਼ਬਰਾਂ ਇਤਲਾਹਾਂ ਸ਼ਾਹ ਰੁਖ਼ ਮਿਰਜ਼ਾ, ਮੌਲਾਨਾ ਹੁਸੈਨੀ, ਠਠਾ ਦੇ ਹਾਕਮਾਂ ਦੀ ਜੰਗ, ਜਿਮੀਂਦਾਰਾਂ ਜਟਾਂ ਨਾਲ ਹੋਈਆਂ ਲੜਾਈਆਂ, ਕਸ਼ਮੀਰ ਵਿਚ ਵਾਪਰੇ ਫ਼ਸਾਦ ਆਦਿ ਬਾਰੇ ਵਿਲਖਣ ਸੂਚਨਾਵਾਂ ਇਸ ਲਿਖਤ ਵਿਚ ਪ੍ਰਾਪਤ ਹੁੰਦੀਆਂ ਹਨ। ਲੇਖਕ ਦੀ ਸ਼ੈਲੀ ਬਹੁਤ ਹੀ ਨਿਮਰਤਾ ਤੇ ਹਲੀਮੀ ਭਰਪੂਰ ਹੈ। ਸ਼ੈਲੀ ਵਿਚ ਇੰਡੋ ਪਰਸ਼ੀਅਨ ਸਬਕ ਦਾ ਰੰਗ ਸਪਸ਼ਟ ਹੁੰਦਾ ਹੈ। ਮੁਢਲੇ ਮੁਗ਼ਲ ਰਾਜ ਉਪਰ ਖੋਜ ਕਰਤਾਵਾਂ ਲਈ ਪੁਸਤਕ ਲਾਭਕਾਰੀ ਹੈ।

ਆਰੰਭ : ਹੁ ਯਾ ਫ਼ਤਾਹ ਬਗੁਸ਼ਾਇ ਦਿਲ ਬੰਦਾਏ ਸੈਰੋ ਤਾਸਰ ਬ ਇਸਮਿਲਾਹਿ ਅਲਰਹਮਾਨਿ ਅਲਰਹੀਮ ਵ ਤੁਮਮ ਬਖ਼ੈਰ.........

ਅੰਤ : ਮੁਰਾਦ ਬ ਵਜਾਏ ਅਹਿਸਨ ਜ਼ਹੂਰ ਪੈਵਸਤ ਜੀਨ ਮੁਯਦਹ ਜ਼ਿ ਅਕਿਆਦ ਕਜ਼ਾਨ ਸੂ ਆਇਦ ਦੌਲਤ ਜ਼ਿ ਨਿਸ਼ਾਤ ਤਹਨੀਅਤ ਗੋ ਆਮਦ ਕੁਲ ਬਵਜਾਏ ਕਿ ਬਾਗ

ਹੱਥ ਲਿਖਤ ਨੰ : MS 5103

ਸ੍ਰੋਤ : ਦਰਜ ਨਹੀਂ

ਸਿਰਲੇਖ : **ਕਿਤਾਬੇ ਫ਼ਿਕਾ ਸ਼ਰੀਫ (ਫ਼ਾਰਸੀ)**

ਲਿਖਾਰੀ : ਮੁੰਹਮਦ ਅਕਬਰ ਖ਼ਾਨ ਵਲਦ ਸਰਦਾਰ ਮੁੰਹਮਦ ਇਸਹਾਕ ਖ਼ਾਨ

ਸਮਾਂ : 1337 ਹਿਜਰੀ

ਰਚਨਾ ਕਾਲ : ਦਰਜ ਨਹੀਂ

ਸਥਾਨ : ਅਫ਼ਗਾਨਿਸਤਾਨ

ਪੱਤਰੇ : 123

ਚਿੱਤਰ : ਕੋਈ ਨਹੀਂ

ਆਕਾਰ : 32 X 20 ਸ.ਮ. ਲਿਖਤ : 22 X 12.5 ਸ.ਮ. ਸ਼ਿਕਸਤਾ

ਵੇਰਵਾ : ਬਹੁਤ ਖ਼ੁਸ਼ਖ਼ਤ ਲਿਖੀ ਲਿਖਤ ਵਿਚ ਇਕ ਸਤਰ ਲਾਲ ਇਕ ਸਿਆਹ ਦੋ ਰੰਗੀ ਲਿਖੀ ਹੈ। ਹਵਾਲੇ ਵਜੋਂ ਲਿਖੀਆਂ ਗਈਆਂ ਸਤਰਾਂ ਜਾਂ ਮੂਲ ਪਾਠ ਸੋਧਾਂ ਹਾਸ਼ੀਏ ਵਿਚ ਵਖਰੀ ਥਾਵੇਂ ਅਤੇ ਵਖਰੇ ਰੰਗ ਨਾਲ ਅਭਿਵਿਅਕਤ ਕੀਤੇ ਹਨ। ਕਾਗਜ਼ ਕਦੀਮ ਜ਼ਰਦ ਪ੍ਰਤੀ ਪੰਨਾ 14 ਸਤਰਾਂ ਔਸਤਨ ਦਰਜ ਹਨ।

ਆਮ ਵੇਰਵਾ : ਪੁਸਤਕ ਦੇ ਅੰਦਰੂਨੀ ਹਵਾਲੇ ਸਿਧ ਕਰਦੇ ਹਨ ਕਿ ਇਹ ਪੋਥੀ ਉਕਤ ਸ਼ਹਿਜ਼ਾਦੇ ਨੇ ਆਪਣੇ ਹਥੀਂ ਲਿਖੀ ਹੈ। ਪੋਥੀ ਦਾ ਵਿਸ਼ਾ ਇਸਲਾਮੀ ਤਰਜ਼ੇ ਜ਼ਿੰਦਗੀ ਦੀਆਂ ਵਖ ਵਖ ਸਮਸਿਆਵਾਂ ਤੇ ਉਹਨਾਂ ਦੇ ਸਮਾਧਾਨ ਹਨ। ਪੋਥੀ ਦੇ ਮੁਢ ਵਿਚ ਉਸੇ ਖ਼ਤ ਦੀ ਚਿਠੀ ਵੀ ਸ਼ਾਮਿਲ ਹੈ ਜੋ ਸ਼ਅਬਾਨ ਮਹੀਨੇ ਦੀ 2 ਤਾਰੀਖ਼ ਸੰਨ 1337 ਹਿਜਰੀ ਨੂੰ ਲਿਖੀ ਗਈ।

ਆਰੰਭ : ਬਿਸਮਿਲਾਹਿ ਅਲਰਹਮਾਨਿ ਅਲਰਹੀਮ ਕਿਤਾਬ ਬ ਤਿਹਾਰਤ ਕਿਤਾਬ ਸਾਬਤ ਅਸਤ ਦਰ ਬਿਆਨੇ ਤਿਹਾਰਤ ਦਰ ਲੁਗ਼ਤੇ ਨਜ਼ਾਕਤ ਪਾਕੀ.........

ਅੰਤ : ਨਵੀਸੰਦਾਏ ਕਿਤਾਬੇ ਫ਼ਿਕਾ ਸ਼ਰੀਫ਼ ਮੁਖ਼ਤਸਰ ਅਲਵਾਕਿਆ ਮੁੰਹਮਦ ਅਕਬਰ ਖ਼ਾਨ ਵਲਦ ਸਰਦਾਰ ਅਸਹਾਕ ਖ਼ਾਨ ਸ਼ਹਜ਼ਾਦਾ ਏ ਅਫ਼ਗਾਨਿਸਤਾਨ ਬਕਲਮੇ ਖ਼ੁਦ ਬਾਯੋਮੇ ਸੈ ਸ਼ੰਬੇ 1337, 29 ਸ਼ਅਬਾਨ ਅਲਮੁਅਜ਼ਮ